# ਆਤਮ ਮਾਰਗ

ਮਾਸਿਕ ਪਤ੍ਰਿਕਾ

ਅਪ੍ਰੈਲ
1995



ਪ੍ਰਕਾਸ਼ਕ : ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

ਵਿਸਾਖੀ ਵਿਸ਼ੇਸ਼ ਅੰਕ



ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

# ਆਤਮ ਮਾਰਗ

ਸਾਲ ਪਹਿਲਾ - ਅੰਕ ਪਹਿਲਾ - ਮਾਸਿਕ - ਅਪ੍ਰੈਲ, 1995



**: ਸਰਪ੍ਰਸਤ :**

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

**: ਸੰਪਾਦਕ :**

ਹਰਪਾਲ ਸਿੰਘ

**: ਆਨਰੇਰੀ ਸੰਪਾਦਕ :**

ਡਾਕਟਰ ਸ਼ਮਸ਼ੇਰ ਸਿੰਘ
ਡਾਕਟਰ ਬੀਬੀ ਤੇਜਿੰਦਰ ਮਲਹੋਤਰਾ

**: ਐਡੀਟੋਰੀਅਲ ਬੋਰਡ :**

ਸੰਤ ਸਾਧੂ ਸਿੰਘ ਜੀ (ਡਬਲ ਐਮ. ਏ.)
ਡਾਕਟਰ ਕੁਲਦੀਪ ਸਿੰਘ
ਸਰਮੁਖ ਸਿੰਘ ਪੰਨੂ (ਰਿਟਾ: ਸੁਪਰਡੰਟ)
ਐਨ. ਐਸ ਲੂੰਬਾ

**: ਸਲਾਹਕਾਰ :**

ਬੀ. ਐਸ ਆਹਲੂਵਾਲੀਆ
ਇੰਜ: ਤਰਲੋਚਨ ਸਿੰਘ
ਹਰਭਜਨ ਸਿੰਘ ਹਲਵਾਰਵੀ


*ਨੋਟ : ਆਤਮ ਮਾਰਗ ਐਡੀਟੋਰੀਅਲ ਬੋਰਡ ਦੇ ਮੈਂਬਰ ਜ਼ਰੂਰੀ ਨਹੀਂ ਕਿ ਲੇਖਕਾਂ ਦੇ ਖਿਆਲਾਂ ਨਾਲ ਸਹਿਮਤ ਹੋਣ।*


**: ਪੱਤਰ ਵਿਹਾਰ ਅਤੇ ਚੰਦਾ ਭੇਜਣ ਲਈ ਪਤਾ :**

ਕੋਠੀ ਨੰ: 781, ਫੇਜ਼ 3 ਬੀ -1, ਸੈਕਟਰ 60,
ਐਸ. ਏ. ਐਸ ਨਗਰ (ਮੋਹਾਲੀ) - 160058

**: ਟੈਲੀਫੋਨ ਸੰਪਰਕ :**

ਮੋਹਾਲੀ : 571301, 572435
ਚੰਡੀਗੜ੍ਹ : 603524
ਰਤਵਾੜਾ ਸਾਹਿਬ : 89-218.



**ਪ੍ਰਕਾਸ਼ਕ ਦੇ ਸਭ ਹਕ ਰਾਖਵੇਂ ਹਨ**



ਪਬਲਿਸ਼ਰ ਤੇ ਸੰਪਾਦਕ ਹਰਪਾਲ ਸਿੰਘ ਨੇ ਆਤਮ ਮਾਰਗ ਅਸੋਸ਼ੀਏਟਡ ਪਰਿੰਟਰਜ਼ ਇੰਡਸਟਰੀਅਲ ਏਰੀਆ ਫੇਜ਼ -1, ਚੰਡੀਗੜ੍ਹ ਤੋਂ ਛਪਵਾ ਕੇ ਮੁਖ ਦਫਤਰ ਆਤਮ ਮਾਰਗ, ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬ ਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਤ ਕੀਤਾ।

***ਲੇਜ਼ਰ ਕੰਪੋਜ਼ਿੰਗ :***

**ਕਲਾਸਿਕ ਇੰਟਰਪਰਾਈਜ਼ਜ਼**

ਐਸ. ਸੀ. ਓ. 87, ਸੈਕਟਰ 35-ਸੀ, ਚੰਡੀਗੜ੍ਹ।


## ਤਤਕਰਾ


1. ਵੈਸਾਖਿ — 2
   ਡਾ. ਸ਼ਮਸ਼ੇਰ ਸਿੰਘ
2. ਸੰਪਾਦਕੀ — 3
   ਡਾ. ਸ਼ਮਸ਼ੇਰ ਸਿੰਘ
3. ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ - ਜਾਣ ਪਛਾਣ — 5
   ਡਾ. ਸ਼ਮਸ਼ੇਰ ਸਿੰਘ
4. ਸਿਰਮੌਰ ਰਤਨ - ਸਾਹਿਬ ਭਾਈ ਦਿਆ ਸਿੰਘ ਜੀ — 8
   ਗਿਆਨੀ ਮੇਹਰ ਸਿੰਘ
5. ਗੁਰਮੁਖਿ ਵਿਰਲਾ ਜਾਣੀਐ...... — 11
   ਪ੍ਰੋ. ਗੁਰਦੇਵ ਸਿੰਘ
6. ਸੁ ਅੰਮ੍ਰਿਤ ਗੁਰ ਤੇ ਪਾਇਆ।। — 14
   ਡਾ. ਸ਼ਮਸ਼ੇਰ ਸਿੰਘ
7. ਖਾਲਸੇ ਦੀ ਸਾਜਣਾ (ਕਵਿਤਾ) — 17
   ਬੀਬੀ ਚਰਨਜੀਤ ਕੌਰ
8. ਸ੍ਰੀ ਗੁਰੂ ਗ੍ਰੰਥ ਸਾਹਿਬ - "ਸਰਵੋਤਮ" — 18
   ਡਾ. ਸਵਾਮੀ ਰਾਮ ਜੀ
9. ਅਪਣੀ ਪਛਾਣ — 23
10. ਗੁਰ ਸੰਗਤਿ ਕੀਨੀ ਖਾਲਸਾ — 27
    ਪ੍ਰੋ. ਜੋਗਿੰਦਰ ਸਿੰਘ
11. ਭਈ ਪਰਾਪਤਿ ਮਾਨੁਖ ਦੇਹੁਰੀਆ — 29
    ਸੰਤ ਵਰਿਆਮ ਸਿੰਘ ਜੀ
12. ਖਾਲਸਾ ਸਿਰਜਣ ਦੀ ਲੋੜ — 37
    ਲੈਫ. ਕਰਨਲ ਗੁਲਚਰਨ ਸਿੰਘ
13. ਸਿਹਤ ਵਿਗਿਆਨ
    (ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ) — 45
    ਡਾ. ਕੁਲਦੀਪ ਸਿੰਘ
14. ਸਿਹਤ ਵਿਗਿਆਨ — 47



**Regd.No. PUN PUN 02818/19/01/TC/95**
**Dated : 27/3/95**


**ਆਤਮ ਮਾਰਗ ਦਾ ਪਹਿਲਾ ਅੰਕ 1995 ਦੇ ਵਿਸਾਖੀ ਦੇ ਪਵਿਤਰ ਦਿਹਾੜੇ ਖਾਲਸਾ ਪ੍ਰਕਾਸ਼ ਦਿਵਸ ਨੂੰ ਸਮਰਪਤ ਹੈ

# ਵੈਸਾਖਿ

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*

*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥*

*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥*

*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*

*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*

*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨਾ ਕੋਇ॥*

*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥*

*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥*

*ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ ੩ ॥*

ਗੁਰੂ ਅਰਜਨ ਦੇਵ ਜੀ ਵੈਸਾਖ ਮਹੀਨੇ ਦੁਆਰਾ ਜਗਿਆਸੂਆਂ ਨੂੰ ਹੀ ਉਪਦੇਸ਼ ਕਰਦੇ ਹਨ ਕਿ ਉਸ ਜੀਵ ਰੂਪ ਇਸਤਰੀ ਨੂੰ ਕਿਵੇਂ ਧੀਰਜ ਆ ਸਕਦਾ ਹੈ ਜਿਹੜੀ ਪ੍ਰਭੂ ਪਤੀ ਤੋਂ ਆਪਣੇ (ਕੀਤੇ) ਕਰਮਾਂ ਕਾਰਨ ਵਿਛੜੀ ਹੋਈ ਹੈ। ਪ੍ਰੇਮ ਦਾ ਵਿਛੋੜਾ ਬੜਾ ਪ੍ਰਬਲ ਹੁੰਦਾ ਹੈ ਕਿਉਂਕਿ ਪ੍ਰੇਮ ਤੋਂ ਬਿਨਾਂ ਪਤੀ (ਪ੍ਰਭੂ) ਮਿਲਾਪ ਅਸੰਭਵ ਹੈ। ਪ੍ਰਭੂ ਮਿਲਾਪ ਹੀ ਜੀਵਨ ਦਾ ਮਨੋਰਥ ਹੈ।

ਗੁਰੂ ਜੀ ਇਸ ਵਿਛੋੜੇ ਦਾ ਕਾਰਨ ਇਹ ਦਸਦੇ ਹਨ ਕਿ ਜੀਵ ਇਸਤਰੀ ਨੂੰ ਮਾਇਆ, ਜੋ ਛਲ ਕਰਨ ਵਾਲੀ ਹੈ, ਜੀਵ ਨੂੰ ਆਪਣਾ ਮੋਹ ਲਾ ਕੇ ਛਲਿਆ ਹੋਇਆ ਹੈ। ਇਸ ਮਾਇਆ ਦਾ ਮੋਹ ਬਹੁ ਰੂਪਾਂ ਵਿਚ ਪਸਰਿਆ ਹੋਇਆ ਹੈ। ਇਨ੍ਹਾਂ ਵਿਚੋਂ ਪੁਤਰ, ਇਸਤਰੀ ਤੇ ਧਨ-ਪਦਾਰਥਾਂ ਦਾ ਮੋਹ ਐਸਾ ਪ੍ਰਬਲ ਹੈ ਜਿਸ ਕਾਰਨ ਅਵਿਨਾਸੀ ਪ੍ਰਭੂ ਜੀਵ ਦੇ ਚਿਤ ਚੇਤੇ ਨਹੀਂ ਆਉਂਦਾ ਜਦ ਕਿ ਉਹ ਸਦਾ ਅੰਗ ਸੰਗ ਹੈ। ਮਾਇਆ ਮੋਹ ਦੇ ਸਾਰੇ ਧੰਦੇ ਝੂਠੇ ਹਨ। ਇਹ ਕਰਮ, ਧਰਮ ਜੋ ਦਿਖਾਵੇ ਵਾਲੇ ਹਨ, ਸਭ ਜਮਾਂ ਦੇ ਵੱਸ ਪਾਉਣ ਵਾਲੇ ਹਨ। ਸਾਰਾ ਸੰਸਾਰ ਇਸ ਗਲ ਨੂੰ ਜਾਣਦਾ ਹੋਇਆ ਵੀ ਇਨ੍ਹਾਂ ਵਿਚ ਉਲਝ ਕੇ ਮਰ ਰਿਹਾ ਹੈ। ਮੋਹ ਵਸ ਕੀਤੇ ਕਰਮ, ਬੰਧਨ ਦਾ ਕਾਰਨ ਬਣਦੇ ਹਨ ਤੇ ਜੀਵ ਰਾਹ ਵਿਚ ਹੀ ਲੁਟਿਆ ਜਾਂਦਾ ਹੈ। ਕੇਵੱਲ ਪਰਮੇਸ਼ਰ ਦਾ ਨਾਮ ਹੀ ਨਾਲ ਜਾਂਦਾ ਹੈ -

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥* *ਪੰਨਾ 747*

ਗੁਰੂ ਜੀ ਨੇ ਨਾਮ ਧਨ ਨੂੰ ਹੀ ਰਾਹ ਦੀ ਪੂੰਜੀ ਬਣਾਉਣ ਦਾ ਉਪਦੇਸ਼ ਦਿਤਾ। ਨਾਮ ਧਨ ਨਾਲ ਹਲਤ ਤੇ ਪਲਤ ਦੋਵੇਂ ਸੁਹੇਲੇ ਹੋ ਜਾਂਦੇ ਹਨ। ਜਿਹੜਾ ਜੀਵ ਜੀਉਂਦਿਆਂ ਹੀ ਪ੍ਰਭੂ ਸ਼ਰਨ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸਦੀ ਸੋਭਾ ਹੁੰਦੀ ਹੈ। ਨਾਨਕ ਦੀ ਇਹੀ ਬੇਨਤੀ ਹੈ ਕਿ ਵਿਛੜੇ ਹੋਏ ਜੀਵ ਉਤੇ ਮਿਲਾਪ ਦੀ ਕਿਰਪਾ ਕਰੋ। ਨਾਲ ਹੀ ਦਸਦੇ ਹਨ ਕਿ ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਹਰੀ ਪ੍ਰਭੂ ਕਿਸੇ ਪੂਰਨ ਸੰਤ ਦੇ ਰੂਪ ਵਿਚ ਮਿਲ ਪਵੇ। ਸੰਤ ਅਤੇ ਪ੍ਰਭੂ ਵਿਚ ਅੰਤਰ ਨਹੀਂ ਹੁੰਦਾ। ਅਕਾਲ ਪੁਰਖ ਨੇ ਇਸ ਸੰਸਾਰ ਦੀ ਸਾਜਨਾ ਸੰਤਾਂ ਲਈ ਸਾਜੀ ਹੈ। ਸੰਤ ਇਕ ਪਾਸੇ ਸੰਸਾਰ ਨਾਲ ਅਤੇ ਦੂਸਰੇ ਪਾਸੇ ਪ੍ਰਭੂ ਨਾਲ ਜੁੜਿਆ ਹੁੰਦਾ ਹੈ।

ਸੰਪਾਦਕੀ -

ਵੈਸਾਖੀ ਤਾਂ ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲੇ ਵੀ ਮਨਾਈ ਜਾਂਦੀ ਸੀ ਪ੍ਰੰਤੂ 1699 ਈ. ਦੀ ਵੈਸਾਖੀ ਦਾ ਦਿਨ ਖਾਲਸਾ ਪੰਥ ਅਤੇ ਸੰਸਾਰ ਦੇ ਇਤਿਹਾਸ ਅੰਦਰ ਇਕ ਮਹੱਤਵਪੂਰਨ ਅਤੇ ਚਮਤਕਾਰ ਵਾਲਾ ਦਿਹਾੜਾ ਹੈ। ਇਸਦੀ ਵਿਲੱਖਣਤਾ ਹੇਠ ਲਿਖੇ ਨੁਕਤਿਆਂ ਤੋਂ ਵੇਖੀ ਜਾ ਸਕਦੀ ਹੈ -

1. ਸੰਸਾਰ ਦੇ ਧਾਰਮਕ ਮਹਾਂਪੁਰਸ਼ਾਂ, ਧਰਮ ਸੰਚਾਲਕਾਂ ਨੇ ਆਪਣੇ ਆਪਣੇ ਅਨੁਯਾਈ ਥਾਪੇ। ਇਹ ਥਾਪਨਾ ਉਨ੍ਹਾਂ ਮਹਾਂਪੁਰਸ਼ਾਂ ਦਾ ਆਪਣਾ ਸੰਕਲਪ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਥਾਪਨਾ ਬਾਰੇ ਅਕਾਲ ਪੁਰਖ ਦਾ ਹੁਕਮ ਹੋਇਆ ਮੰਨਿਆ ਹੈ। ਇਹ ਥਾਪਨਾ ਸਦੀਵੀ ਹੈ। ਇਸ ਲਈ ਖਾਲਸੇ ਬਾਰੇ ਸ਼ਬਦ 'ਪਰਗਟਿਓ' ਵਰਤਿਆ ਗਿਆ ਹੈ। ਅਮਰ ਰਹਿਣ ਵਾਲੇ ਵਿਅਕਤੀ ਤੇ ਪੰਥ, ਪ੍ਰਗਟ ਹੁੰਦੇ ਹਨ, ਜਨਮ ਨਹੀਂ ਲੈਂਦੇ। ਜਨਮ ਲੈਣ ਵਾਲੀ ਵਸਤ ਲਈ ਮੌਤ ਅਵੱਸ਼ ਹੁੰਦੀ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਲਈ ਸ਼ਬਦ 'ਸਤਿਗੁਰ ਨਾਨਕ ਪ੍ਰਗਟਿਆ' ਵਰਤਿਆ ਗਿਆ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਆਪ ਨੂੰ 'ਪ੍ਰਗਟ ਹੋਣਾ', 'ਪ੍ਰਕਾਸ਼ ਹੋਣਾ' ਜਾਂ 'ਭਵ ਲਇਓ' ਆਦਿ ਸ਼ਬਦ ਵਰਤੇ ਹਨ। ਇਸੇ ਤਰ੍ਹਾਂ ਖਾਲਸਾ ਵੀ ਪ੍ਰਗਟ ਹੋਇਆ ਹੈ -

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਯੋ ਖਾਲਸਾ ਪਰਮਾਤਮ ਕੀ ਮੌਜ॥* *ਸਰਬ ਲੋਹ ਗ੍ਰੰਥ*

2. ਸੰਸਾਰ ਅੰਦਰ ਧਾਰਮਕ ਅਨੁਯਾਈਆਂ ਦੀ ਥਾਪਨਾ ਕੇਵਲ ਇਕ ਵਿਅਕਤੀ ਵਲੋਂ ਹੋਈ ਹੈ। ਖਾਲਸਾ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਹੈ ਪ੍ਰੰਤੂ ਉਸਦੀ ਥਾਪਨਾ ਪਿਤਾ ਤੇ ਮਾਤਾ ਦੋਨਾਂ ਵਲੋਂ ਹੋਈ ਹੈ। ਅੰਮ੍ਰਿਤ ਛਕਾਉਣ ਸਮੇਂ ਖਾਲਸੇ ਦਾ ਪਿਤਾ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਜੀ ਦ੍ਰਿੜ ਕਰਾਏ ਜਾਂਦੇ ਹਨ।

3. ਅੰਮ੍ਰਿਤ ਦੀ ਦਾਤ, ਸਿਖ ਧਰਮ ਅੰਦਰ ਕੇਵਲ ਕਥਿਤ ਉਚੇਂ ਜਾਤੀ ਤੇ ਮਨੁੱਖ ਲਈ ਹੀ ਨਹੀਂ ਸਗੋਂ ਸਭ ਲੋਕ ਬਿਨਾਂ ਕਿਸੇ ਜਾਤੀ ਭਿੰਨ ਭੇਦ, ਦੇਸ ਕਾਲ ਦੀ ਵੰਡ ਤੋਂ ਮੁਕਤ ਹੋ ਕੇ ਕੋਈ ਵੀ ਮਰਦ-ਇਸਤਰੀ ਪ੍ਰਾਪਤ ਕਰ ਸਕਦਾ ਹੈ। ਇਸਦੀ ਮਿਸਾਲ ਅਮਰੀਕਾ ਤੇ ਹੋਰ ਵਿਦੇਸ਼ਾਂ ਵਿਚ ਸਜੇ ਸਿੰਘਾਂ ਤੋਂ ਭਲੀ ਭਾਂਤ ਸਾਬਤ ਹੋ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਸਾਜਣ ਸਮੇਂ ਅੰਮ੍ਰਿਤ ਛਕਣ ਵਾਲੇ ਸਿੰਘ, ਖਤਰੀ, ਜੱਟ, ਨਾਈ, ਝੀਵਰ ਤੇ ਛੀਂਬੇ ਭਾਵ ਵਖੋ ਵਖਰੀਆਂ ਜਾਤਾਂ ਅਤੇ ਭਾਰਤਵਰਸ਼ ਦੇ ਵਖੋ ਵਖਰਿਆਂ ਇਲਾਕਿਆਂ ਨਾਲ ਸੰਬੰਧ ਰੱਖਣ ਵਾਲੇ ਸਨ।

4. ਚੌਥੀ ਮਹੱਤਵਪੂਰਨ ਤੇ ਵਿਲੱਖਣ ਗੱਲ ਜਿਹੜੀ ਖਾਲਸਾ ਸਾਜਣ ਸਮੇਂ ਸਾਡੇ ਸਾਹਮਣੇ ਆਉਂਦੀ ਹੈ, ਉਹ ਹੈ ਕਿ ਸੰਸਾਰ ਅੰਦਰ ਗੁਰੂਆਂ, ਪੀਰਾਂ ਪੈਗੰਬਰਾਂ ਦਾ ਆਪਣੇ ਚੇਲਿਆਂ ਨਾਲ, ਗੁਰੂ ਚੇਲੇ ਦਾ ਭੇਦ ਬਣਿਆ ਰਿਹਾ ਜਦ ਕਿ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਸਾਜਣ ਉਪਰੰਤ ਉਸਨੂੰ ਆਪਣਾ ਗੁਰੂ, ਇਸ਼ਟ, ਸਖਾ-ਸਹਾਈ, ਜਾਨ ਕੀ ਜਾਨ, ਬਿਰਦ, ਸੱਜਨ ਸੂਰਾ ਤੇ ਸਤਿਗੁਰੂ ਪੂਰਾ ਆਦਿ ਸ਼ਬਦਾਂ ਦੁਆਰਾ ਸਤਿਕਾਰਦੇ ਤੇ ਸਵੀਕਾਰਦੇ ਹਨ -

*ਖਾਲਸਾ ਮੇਰੋ ਸਤਿਗੁਰ ਪੂਰਾ॥*
*ਖਾਲਸਾ ਮੇਰੋ ਸਜਨ ਸੂਰਾ॥* *ਸਰਬ ਲੋਹ ਗ੍ਰੰਥ*

ਖਾਲਸੇ ਦੀ ਸਾਜਣਾ ਪਿਛੇ ਇਕ ਬੜਾ ਵੱਡਾ ਰਹੱਸ ਹੈ। ਗੁਰੂ ਨੂੰ ਆਪਣਾ ਸਿਰ ਦੇ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਕੋਈ ਅਚਨਚੇਤ ਘਟਨਾ ਨਹੀਂ ਸੀ। ਇਹ ਸਿਰ ਦੇਣ ਦੀ ਕੁਰਬਾਨੀ ਤਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖ ਨੂੰ ਗੁੜ੍ਹਤੀ ਦੇ ਰੂਪ ਵਿਚ ਦਿਤੀ ਸੀ। ਸਿਖੀ ਪ੍ਰੇਮ ਦਾ ਨਾਂ ਹੈ, ਖੰਡੇਧਾਰ ਹੈ, ਬਿਖੜਾ ਮਾਰਗ ਹੈ। ਇਸ ਉਤੇ ਚਲਣ ਲਈ ਸਿਰ ਨੂੰ ਤਲੀ ਉਤੇ ਧਰਨਾ ਪੈਂਦਾ ਹੈ। ਇਸ ਮਾਰਗ ਤੇ ਚਲਣ ਉਪਰੰਤ ਫਿਰ ਪਿਛੇ ਵਲ ਮੁੜਨ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਸਿਖੀ ਦ੍ਰਿੜ੍ਹਤਾ ਤੇ ਵਿਸ਼ਵਾਸ਼ ਦਾ ਮਾਰਗ ਹੈ -

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥* *ਪੰਨਾ - 1412*

1699 ਈ. ਤੋਂ ਬਾਦ ਵੀ ਵੈਸਾਖੀ ਦੇ ਦਿਨ ਸਿਖ ਇਤਿਹਾਸ ਅੰਦਰ ਮਹੱਤਵਪੂਰਨ ਹਨ। 1721 ਈ. ਵਿਚ 'ਤੱਤ ਖਾਲਸਾ' ਤੇ 'ਬੰਦਈ ਖਾਲਸਾ' ਵਿਚਕਾਰ ਪੈਦਾ ਹੋਏ ਮਤ-ਭੇਦ ਨੂੰ ਮਿਟਾਉਣ ਲਈ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਭੇਜਿਆ ਤੇ ਉਨ੍ਹਾਂ ਨੇ ਆ ਕੇ ਇਨ੍ਹਾਂ ਦੋਹਾਂ ਧੜਿਆਂ ਅੰਦਰ ਬੜੀ ਸੂਝ ਬੂਝ ਦੁਆਰਾ ਮਤ-ਭੇਦ ਖਤਮ ਕਰਵਾਇਆ ਅਤੇ ਸ੍ਰੀ ਦਰਬਾਰ ਸਾਹਿਬ ਦੀ, ਮੁਖ ਗ੍ਰੰਥੀ ਵਜੋਂ ਸੇਵਾ ਸੰਭਾਲ ਕੇ ਸਾਰੇ ਪ੍ਰਬੰਧ ਨੂੰ ਠੀਕ ਤਰ੍ਹਾਂ ਚਲਾਉਣਾ ਸ਼ੁਰੂ ਕੀਤਾ।

1733 ਈ. ਦੀ ਵੈਸਾਖੀ ਵੀ ਮਹੱਤਵਪੂਰਨ ਹੈ। ਜ਼ਕਰੀਆਂ ਖਾਨ ਨੇ ਸਿੰਘਾਂ ਤੋਂ ਤੰਗ ਆਕੇ ਇਨ੍ਹਾ ਨੂੰ ਲਾਹੌਰ ਦੀ ਨਵਾਬੀ ਤੇ

ਜਗੀਰ ਦੇਣ ਦੀ ਪੇਸ਼ਕਸ਼ ਕੀਤੀ। ਸਿੰਘਾਂ ਦਾ ਦਾਹਵਾ ਤਾਂ ਰਾਜ ਭਾਗ ਦਾ ਹੋਣ ਕਰਕੇ ਪਹਿਲਾਂ ਤਾਂ ਇਹ ਨਵਾਬੀ ਠੁਕਰਾ ਦਿਤੀ ਗਈ ਪ੍ਰੰਤੂ ਬਾਦ ਵਿਚ ਸੰਗਤ ਵਿਚ ਪੱਖੇ ਦੀ ਸੇਵਾ ਕਰਨ ਵਾਲੇ ਸਰਦਾਰ ਕਪੂਰ ਸਿੰਘ ਨੂੰ ਇਹ ਨਵਾਬੀ ਦਿਤੀ ਗਈ।

1748 ਈ. ਤਕ ਸਿੰਘਾਂ ਦੇ ਛੋਟੇ ਛੋਟੇ 65 ਜਥੇ ਬਣ ਚੁੱਕੇ ਸਨ। ਸੋਚ ਵਿਚਾਰ ਤੋਂ ਬਾਦ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਇਹ ਜਥੇ ਗਿਆਰਾਂ ਮਿਸਲਾਂ ਦੇ ਰੂਪ ਵਿਚ ਬਦਲ ਦਿਤੇ ਗਏ। ਵੈਸਾਖੀ ਵਾਲੇ ਦਿਨ 'ਦਲ ਖਾਲਸਾ' ਕਾਇਮ ਕੀਤਾ ਗਿਆ। ਇਨ੍ਹਾਂ ਦਾ ਕਮਾਂਡਰ-ਇਨ-ਚੀਫ ਸ. ਜੱਸਾ ਸਿੰਘ ਆਹਲੂਵਾਲੀਆ ਬਣਾਇਆ ਗਿਆ। ਸਿਖ ਸ਼ਹੀਦੀਆਂ ਦਾ ਦੌਰ ਸ਼ੁਰੂ ਹੋਇਆ। ਸਿਰਾਂ ਦੇ ਮੁੱਲ ਪਏ, ਪ੍ਰੰਤੂ ਖਾਲਸਾ ਹੋਰ ਮਜ਼ਬੂਤ ਹੁੰਦਾ ਗਿਆ।

1761 ਈ. ਵਿਚ ਅਹਿਮਦ ਸ਼ਾਹ ਅਬਦਾਲੀ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਨੂੰ ਹਰਾ ਕੇ ਜਦੋਂ ਵਾਪਸ ਅਫਗਾਨਿਸਤਾਨ ਪਰਤ ਰਿਹਾ ਸੀ ਤਾਂ ਆਪਣੇ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਮਰਦ ਤੇ ਇਸਤਰੀਆਂ ਨੂੰ ਗੁਲਾਮ ਬਣਾ ਕੇ ਲਿਜਾ ਰਿਹਾ ਸੀ। ਇਤਿਹਾਸਕਾਰਾਂ ਦਾ ਕਥਨ ਹੈ ਕਿ ਇਸ ਕਾਫਲੇ ਅੰਦਰ ਲਗ-ਭਗ 2200 ਇਸਤਰੀਆਂ ਗੁਲਾਮ ਸਨ। ਇਸ ਸਮੇਂ ਹਿੰਦੋਸਤਾਨ ਵਿਚ ਕਈ ਛੋਟੇ ਵੱਡੇ ਹਿੰਦੂ ਰਾਜੇ ਵੀ ਸਨ। ਪ੍ਰੰਤੂ ਇਨ੍ਹਾਂ ਅਬਲਾਵਾਂ ਇਸਤਰੀਆਂ ਨੂੰ ਛੁਡਾਉਣ ਤੋਂ ਅਸਮਰਥ ਸਨ। ਸ੍ਰੀ ਅੰਮ੍ਰਿਤਸਰ ਵਿਖੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ, ਅਬਦਾਲੀ ਕੈਂਪ ਉਤੇ ਹਮਲਾ ਕਰਨ ਦਾ ਗੁਰਮਤਾ ਹੋਇਆ। ਅਬਦਾਲੀ ਕੈਂਪ ਗੋਇੰਦਵਾਲ ਵਿਖੇ ਸੀ। ਸਿੰਘਾਂ ਨੇ ਹਮਲਾ ਕਰਕੇ ਹਿੰਦੂ ਬਹੂ-ਬੇਟੀਆਂ ਨੂੰ ਛੁਡਾਇਆ ਤੇ ਘਰੋ ਘਰੀ ਪਹੁੰਚਾਇਆ। ਇਸ ਹਮਲੇ ਤੇ ਜਿਤ ਨੂੰ 1761 ਈ. ਦੀ ਵੈਸਾਖੀ ਦੀ ਜਿਤ ਆਖਿਆ ਜਾ ਸਕਦਾ ਹੈ। 1762 ਈ. ਦੀ ਵੈਸਾਖੀ ਤੋਂ ਪਹਿਲਾਂ ਵੱਡੇ ਘਲੂਘਾਰੇ ਸਮੇਂ ਸਿੰਘਾਂ ਦਾ ਭਾਰੀ ਨੁਕਸਾਨ ਹੋਇਆ। ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿਤਾ। ਬਰੂਦ ਨਾਲ ਉਡਿਆ ਹੋਇਆ ਇਕ ਪੱਥਰ ਅਬਦਾਲੀ ਦੇ ਨੱਕ ਉਤੇ ਐਸਾ ਲੱਗਿਆ ਤੇ ਜ਼ਖਮ ਦਸ ਸਾਲ ਤਕ ਠੀਕ ਨਾ ਹੋ ਕੇ ਅੰਤ ਨੂੰ ਨਾਸੂਰ ਦੀ ਸ਼ਕਲ ਬਣਕੇ ਉਸਦੀ ਮੌਤ ਦਾ ਕਾਰਨ ਬਣਿਆ।

1763 ਈ. ਦੀ ਵੈਸਾਖੀ ਵੀ ਇਸੇ ਤਰ੍ਹਾਂ ਮਹੱਤਵਪੂਰਨ ਹੈ। ਉਸਮਾਨ ਖਾਂ, ਕਸੂਰ ਦੇ ਨਵਾਬ ਨੇ ਇਕ ਬ੍ਰਾਹਮਣ ਦੀ ਬੀਵੀ ਨੂੰ ਜਬਰਦਸਤੀ ਚੁੱਕ ਕੇ ਆਪਣੇ ਘਰ ਪਾ ਲਿਆ। ਜਦੋਂ ਉਸ ਬ੍ਰਾਹਮਣ ਨੇ ਖਾਲਸੇ ਪਾਸ ਫਰਿਆਦ ਕੀਤੀ ਤਾਂ ਖਾਲਸੇ ਨੇ ਗੁਰਮਤਾ ਕਰਕੇ ਕਸੂਰ ਉਤੇ ਹਮਲਾ ਕੀਤਾ। ਉਸਮਾਨ ਖਾਂ ਮਾਰਿਆ ਗਿਆ। ਬ੍ਰਾਹਮਣ ਦੀ ਬੀਵੀ ਨੂੰ ਬ੍ਰਾਹਮਣ ਦੇ ਹਵਾਲੇ ਕੀਤਾ। ਇਹ ਸਭ ਉਪਰੋਕਤ ਵਰਣਨ ਕਰਨ ਦਾ ਮੰਤਵ ਹੈ ਕਿ ਵੈਸਾਖੀ ਸਿਖ ਇਤਿਹਾਸ ਅੰਦਰ ਇਕ ਮਹੱਤਵਪੂਰਨ ਦਿਨ ਹੈ। ਖਾਲਸੇ ਨੇ ਇਸ ਪਵਿੱਤਰ ਦਿਹਾੜੇ ਤੇ ਐਸੇ-ਐਸੇ ਮਹਾਨ ਕੰਮ ਕੀਤੇ ਜਿਹੜੇ ਇਤਿਹਾਸ ਅੰਦਰ ਮੀਲ ਪੱਥਰ ਦੀ ਤਰ੍ਹਾਂ ਕੌਮ ਨੂੰ ਅਗਵਾਈ ਦੇਣ ਵਾਲੇ ਹਨ।

1995 ਈ. ਦੀ ਵੈਸਾਖੀ ਦਾ ਦਿਹਾੜਾ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੇ ਇਤਿਹਾਸ ਵਿਚ ਵੀ ਬੜਾ ਮਹੱਤਵਪੂਰਨ ਹੋਵੇਗਾ। ਇਸ ਦਿਨ ਇਸ ਮਿਸ਼ਨ ਦੇ ਬਾਨੀ ਤੇ ਮੁਖੀ ਸਰਪ੍ਰਸਤ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਗੁਰਮਤਿ ਮਿਸ਼ਨ ਨੂੰ 'ਆਤਮ ਮਾਰਗ' ਮੈਗਜ਼ੀਨ ਰਾਹੀਂ ਸਿੱਖ ਸੰਗਤਾਂ ਤਾਂਈਂ ਦੇਸ਼ ਵਿਦੇਸ਼ ਪਹੁੰਚਾਉਣ ਲਈ ਇਸਨੂੰ ਲਿਖਤੀ ਰੂਪ ਦੇਣ ਦੇ ਮੰਤਵ ਨਾਲ ਸ਼ੁਭ ਆਰੰਭ ਕੀਤਾ ਹੈ। ਇਹ ਮੈਗਜ਼ੀਨ ਭਾਵੇਂ ਅਜੇ ਕੇਵਲ ਗੁਰਮੁਖੀ ਭਾਸ਼ਾ ਵਿਚ ਹੀ ਹੈ, ਪ੍ਰੰਤੂ ਬਾਦ ਵਿਚ ਹੋਰ ਭਾਸ਼ਾਵਾਂ ਵਿਚ ਵੀ ਛਾਪਿਆ ਜਾਵੇਗਾ।

ਅੱਜ ਦਾ ਵਿਗਿਆਨਕ ਜੁਗ ਬੜੀ ਤੇਜ਼ ਗਤੀ ਨਾਲ ਵਧ ਤੇ ਬਦਲ ਰਿਹਾ ਹੈ। ਤਕਨੀਕੀ ਵਿਦਿਆ ਦੇ ਕਾਰਨ ਅਸੀਂ ਸੰਸਾਰ ਦੇ ਬਾਕੀ ਦੇਸ਼ਾਂ ਤੇ ਧਰਮਾਂ ਦੇ ਬਹੁਤ ਨਜ਼ਦੀਕ ਪਹੁੰਚ ਗਏ ਹਾਂ। ਅੱਜ ਸੰਸਾਰ ਦੇ ਲੋਕਾਂ ਨੂੰ ਅਸੀਂ ਇਕ ਪ੍ਰਵਾਰ ਦੇ ਮੈਂਬਰਾਂ ਵਾਂਗ ਦੇਖਦੇ ਤੇ ਵਰਤਦੇ ਹਾਂ। ਐਸੇ ਸਮੇਂ ਅੰਦਰ ਲੋੜ ਹੈ ਕਿ ਦੂਸਰੇ ਧਰਮਾਂ, ਸਭਿਆਚਾਰਾਂ ਤੇ ਲੋਕਾਂ ਪ੍ਰਤੀ ਜਾਣਕਾਰੀ ਪ੍ਰਾਪਤ ਕੀਤੀ ਜਾਵੇ। ਕੁਝ ਸਿਖਿਆ ਤੇ ਕੁਝ ਸਿਖਾਇਆ ਜਾਵੇ।

ਅੱਜ ਵਿਗਿਆਨਕ ਦ੍ਰਿਸ਼ਟੀ ਰੱਖਣ ਵਾਲੇ ਧਰਮ ਹੀ ਦੂਸਰੇ ਨੂੰ ਪ੍ਰਭਾਵਿਤ ਕਰ ਸਕਦੇ ਹਨ। ਸਿੱਖ ਧਰਮ ਦਾ ਸੰਦੇਸ਼, ਸਮੇਂ ਸਥਾਨ ਦੀਆਂ ਸੀਮਾਂਵਾਂ ਤੋਂ ਉਪਰ ਅਮਰ ਤੇ ਵਿਸ਼ਵ ਵਿਆਪੀ ਹੈ। ਇਹੀ ਕਾਰਨ ਹੈ ਕਿ ਗਿਆਨ ਵਿਗਿਆਨ ਦੀ ਤਰੱਕੀ ਦੇ ਨਾਲ ਨਾਲ ਇਹ ਵੀ ਉਤਨਾ ਹੀ ਪ੍ਰਫੁੱਲਤ ਹੋ ਰਿਹਾ ਹੈ। ਵਿਗਿਆਨ ਇਸ ਧਰਮ ਦੀਆਂ ਅਟੱਲ ਸਚਾਈਆਂ ਨੂੰ ਝੁਠਲਾ ਨਹੀਂ ਸਕਿਆ। ਸਗੋਂ ਇਹ ਹੋਰ ਪ੍ਰਫੁੱਲਤ ਹੋਈਆਂ ਹਨ। ਇਸੇ ਲਈ ਲੋੜ ਹੈ ਕਿ ਅੱਜ ਇਸ ਧਰਮ ਦੇ ਸਾਰੇ ਬੁਨਿਆਦੀ ਅਸੂਲਾਂ, ਕਦਰਾਂ ਕੀਮਤਾਂ, ਸੰਕਲਪਾਂ ਨੂੰ ਵਿਸ਼ਵ ਪੱਧਰ ਤੇ ਪ੍ਰਚਾਰਿਆ ਤੇ ਪ੍ਰਸਾਰਿਆ ਜਾਵੇ।

ਗੁਰਮਤਿ ਮਿਸ਼ਨ ਦਾ ਪ੍ਰਾਰੰਭ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੇ ਛੋਟੀ ਤੋਂ ਛੋਟੀ ਇਕਾਈ ਤੋਂ ਕੀਤਾ ਹੈ। ਭਾਵ ਵਿਅਕਤੀ ਪਰਿਵਾਰ, ਪਿੰਡਾਂ ਤੇ ਸ਼ਹਿਰਾਂ, ਕਸਬਿਆਂ ਤੋਂ ਵਧਦੇ ਹੋਏ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤਕ ਪਹੁੰਚਣ ਦਾ ਟੀਚਾ ਹੈ। ਅੱਜ ਦੇ ਪਦਾਰਥਕ ਜੁਗ ਤੋਂ ਅੱਕਿਆ ਤੇ ਥੱਕਿਆ ਹੋਇਆ ਮਨੁੱਖ ਰੂਹਾਨੀ ਖੁਰਾਕ ਦੀ ਭਾਲ ਵਿਚ ਹੈ। ਗੁਰੂ ਬਖਸ਼ਿਸ਼ ਤੇ ਭਰੋਸੇ ਨਾਲ ਇਹ ਵਿਸ਼ਵਾਸ਼ ਹੈ ਕਿ ਮਿਸ਼ਨ ਦਾ ਕੀਤਾ ਗਿਆ ਉਦਮ ਤੇ ਆਹਰ ਦੇਸ਼ ਵਿਦੇਸ਼ ਦੇ ਹਰ ਕੋਨੇ ਵਿਚ ਜਗਿਆਸੂਆਂ ਦੀ ਰੂਹਾਨੀ ਪਿਆਸ ਬੁਝਾਏਗਾ -

*ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥*
*ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ॥ ਪੰਨਾ - ੯੬੫*

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ - ਜਾਣ-ਪਛਾਣ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੇ ਸਿਰਲੇਖ ਦੇ ਤਿੰਨੇ ਹੀ ਸ਼ਬਦ - **ਵਿਸ਼ਵ, ਗੁਰਮਤਿ** ਤੇ **ਰੂਹਾਨੀ** ਆਪਣੇ ਅੰਦਰ ਇਕ ਗੁੱਝਾ ਰਹੱਸ (ਭੇਦ ਭਰੀ ਗਲ) ਛੁਪਾਈ ਬੈਠੇ ਹਨ। ਇਸ ਟਰੱਸਟ ਦੀ ਸਥਾਪਨਾ, ਮਨੋਰਥ ਤੇ ਪ੍ਰਾਪਤੀਆਂ ਆਦਿ ਬਾਰੇ ਜਾਣਕਾਰੀ ਦੇਣ ਤੋਂ ਪਹਿਲਾਂ ਸਿਰਲੇਖ ਦੇ ਇਨ੍ਹਾਂ ਤਿੰਨਾਂ ਸ਼ਬਦਾਂ ਬਾਰੇ ਕੁਝ ਜਾਣ ਲੈਣਾ ਜ਼ਰੂਰੀ ਹੋਵੇਗਾ।

**ਵਿਸ਼ਵ** - ਗੁਰੂ ਸਾਹਿਬ ਦਾ ਉਪਦੇਸ਼ ਸੰਸਾਰ ਦੇ ਹਰ ਪ੍ਰਾਣੀ ਮਾਤ੍ਰ ਲਈ ਹੈ। ਇਹ ਉਪਦੇਸ਼ ਸਰਬ ਸਾਂਝਾ, ਸਰਬ ਕਲਿਆਣਕਾਰੀ, ਸਭ ਲਈ ਇਕੋ ਜਿਹਾ ਬਰਾਬਰ ਤੇ ਸਰਬ ਪ੍ਰਵਾਨਤ ਹੈ। ਗੁਰੂ ਨਾਨਕ ਦੇਵ ਜੀ ਨੂੰ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਗੁਰੂ ਤੇ ਪੀਰ ਕਰਕੇ ਮੰਨਦੇ ਤੇ ਸਤਿਕਾਰਦੇ ਸਨ। ਗੁਰੂ ਸਾਹਿਬ ਵਲੋਂ ਦਿਤਾ ਗਿਆ ਆਤਮ ਗਿਆਨ ਹਰ ਪ੍ਰਾਣੀ ਅੰਦਰ ਆਤਮ ਪ੍ਰਕਾਸ਼ ਕਰਨ ਵਾਲਾ ਹੈ। ਕੇਵਲ ਲੋੜ ਹੈ ਇਸ ਨੂੰ ਪ੍ਰੇਮ ਭਾਵ ਨਾਲ ਅਪਨਾਉਣ ਦੀ। ਗੁਰੂ ਕਥਨ ਹੈ -

*ਗੁਰ ਦਰਸਨਿ ਉਧਰੈ ਸੰਸਾਰਾ॥*
*ਜੇ ਕੋ ਲਾਏ ਭਾਉ ਪਿਆਰਾ॥* ਪੰਨਾ - 361

ਇਸੇ ਵਿਚਾਰਧਾਰਾ ਨੂੰ ਮੁਖ ਰਖਦਿਆਂ ਇਸ ਟਰੱਸਟ ਦੇ ਮਿਸ਼ਨ ਨੂੰ ਵੀ ਵਿਸ਼ਵ ਪੱਧਰ ਉਤੇ ਪ੍ਰਚਾਰਨ ਤੇ ਪ੍ਰਸਾਰਨ ਦਾ ਮਨੋਰਥ ਰਖਿਆ ਗਿਆ ਹੈ। ਹੁਣ ਤਕ ਇਸ ਮਨੋਰਥ ਨੂੰ ਮੁਖ ਰੱਖ ਕੇ ਜਿਤਨੇ ਉਪਰਾਲੇ ਕੀਤੇ ਗਏ ਹਨ, ਉਹ ਸਾਰੇ ਹੀ ਬੜੇ ਸਫਲ ਸਿਧ ਹੋਏ ਹਨ ਜਿਨ੍ਹਾਂ ਦਾ ਜ਼ਿਕਰ ਅਸੀਂ ਅੱਗੇ ਜਾ ਕੇ ਕਰਾਂਗੇ।

ਜਿਵੇਂ ਗੁਰੂ ਸਾਹਿਬਾਨ ਨੇ ਆਪਣੇ ਵਿਚਾਰਾਂ ਨੂੰ ਸਰਬ ਸਾਂਝੇ ਤੇ ਸਰਬ ਪ੍ਰਿਆ ਬਨਾਉਣ ਲਈ ਐਸੇ ਸਿਧਾਂਤ ਤੇ ਅਮਲੀ ਕਦਮ ਉਠਾਏ ਜੋ ਸਭ ਨੇ ਪ੍ਰਵਾਨ ਕੀਤੇ ਅਤੇ ਹਮੇਸ਼ਾ ਲਈ ਸਭ ਪ੍ਰਵਾਨ ਕਰਦੇ ਰਹਿਣਗੇ ਜਿਵੇਂ, ਪ੍ਰਭੂ ਦੇ ਕਿਰਤਮ ਨਾਵਾਂ ਦੁਆਰਾ ਹਰ ਧਰਮ ਨੇ ਇਕੋ ਰੱਬ ਨੂੰ ਵੰਡ ਦਿਤਾ ਹੈ।

ਗੁਰੂ ਸਾਹਿਬ ਨੇ ਪ੍ਰਭੂ ਲਈ ਇਕ ਐਸਾ ਸਰਬ ਸਾਂਝਾ ਸਰਵ-ਪ੍ਰਵਾਨਤ ਨਾਮ ਚੁਣਿਆ ਜੋ ਅੱਜ ਵੀ ਸਾਰੇ ਵਿਸ਼ਵ ਨੂੰ ਇਕ ਲੜੀ ਵਿਚ ਪਰੋ ਸਕਦਾ ਹੈ, ਉਹ ਹੈ 'ਸਤਿਨਾਮੁ'। ਹਰ ਧਰਮ, ਧਰਮ ਦਾ ਬਾਨੀ ਸੱਤਿ ਦੀ ਖੋਜ ਕਰਨ ਤੇ ਹੀ ਜ਼ੋਰ ਦਿੰਦਾ ਹੈ। 'ਸਤਿਨਾਮੁ' ਪ੍ਰਭੂ ਦਾ ਮੁਢ ਕਦੀਮ ਤੋਂ ਵੀ ਪਹਿਲਾਂ ਦਾ ਨਾਮ ਹੈ। ਉਹ ਜੁਗਾਂ ਦੇ ਸ਼ੁਰੂ ਵਿਚ ਵੀ ਸੱਤਿ ਹੀ ਸੀ -

*ਕਿਰਤਮ ਨਾਮ ਕਥੇ ਤੇਰੇ ਜਿਹਬਾ॥*
*ਸਤਿਨਾਮੁ ਤੇਰਾ ਪਰਾ ਪੂਰਬਲਾ॥* ਪੰਨਾ - 1083

ਇਵੇਂ ਹੀ ਮਿਸ਼ਨ ਵੀ ਇਸ ਮਨੋਰਥ ਨੂੰ ਲੈ ਕੇ ਤੁਰਿਆ ਹੈ ਜੋ ਸਚਾਈ ਨਾਲ ਜੁੜਿਆ ਹੋਇਆ ਹੈ। ਸਚਾਈ ਸਭ ਲਈ ਇਕੋ ਜਿਹੀ ਸਾਂਝੀ, ਪਿਆਰੀ ਤੇ ਪ੍ਰਵਾਨ ਹੁੰਦੀ ਹੈ। ਮਿਸ਼ਨ ਵੀ ਸਚ ਨੂੰ ਧਾਰਨ ਕਰਨ ਤੇ ਜ਼ੋਰ ਦਿੰਦਾ ਹੈ। ਅੱਜ ਸਾਰਾ ਸੰਸਾਰ ਸਚ ਦੀ ਖੋਜ ਵਿਚ ਲੱਗਾ ਹੋਇਆ ਹੈ। ਸਚ ਨਾਲ ਮਿਲਿਆਂ ਹੀ ਸੁਖ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਵਿਗਿਆਨ ਸਚ ਦੀ ਖੋਜ ਬਾਹਰੋਂ ਕਰਦਾ ਹੈ ਪ੍ਰੰਤੂ **ਅਧਿਆਤਮਵਾਦੀ, ਆਪਣੇ ਅੰਤਸ਼ਕਰਨ ਦੁਆਰਾ ਸਚਾਈ ਤੇ ਪਹੁੰਚਦਾ ਹੈ**। ਮਿਸ਼ਨ ਦਾ ਰਸਤਾ ਅੰਤਰ ਮੁਖੀ ਹੈ ਭਾਵ ਰੂਹਾਨੀ ਮਾਰਗ ਹੈ। ਇਸਨੂੰ 'ਆਤਮ-ਮਾਰਗ' ਦਾ ਨਾਮ ਬੜਾ ਢੁਕਵਾਂ ਹੈ। ਇਸੇ ਨੂੰ ਮੁਖ ਰੱਖ ਕੇ ਮਿਸ਼ਨ ਵਲੋਂ ਰਸਾਲੇ ਦਾ ਨਾਮ ਵੀ ਇਹੀ ਰੱਖਿਆ ਗਿਆ ਹੈ।

ਆਤਮ ਮਾਰਗ ਦਾ ਪਾਂਧੀ ਜਿਥੇ ਆਪਣਾ ਆਤਮਕ ਉਥਾਨ ਕਰਦਾ ਹੈ, ਉਥੇ ਨਾਲ ਹੀ ਸੰਸਾਰ ਦੇ ਲੋਕਾਂ ਲਈ ਸਵੇਰੇ ਸ਼ਾਮ ਆਪਣੀ ਅਰਦਾਸ ਰਾਹੀਂ ਭਲਾ ਮੰਗਦਾ ਹੈ। ਮਿਸ਼ਨ ਦੀਆਂ ਅੱਜ ਤਕ ਕੀਤੀਆਂ ਪ੍ਰਾਪਤੀਆਂ ਪਰਉਪਕਾਰੀ ਭਾਵਨਾਵਾਂ ਨਾਲ ਓਤ-ਪੋਤ ਹਨ। ਗੁਰਮਤਿ ਅਨੁਸਾਰ ਮਨੁੱਖ ਖਲਕ ਵਿਚ ਖਾਲਕ ਦਾ ਜਹੂਰ ਦੇਖਦਾ ਹੈ। ਆਤਮ ਮਾਰਗ ਦਾ ਸਿਖਰ ਬ੍ਰਹਮ ਗਿਆਨ ਹੈ। ਬ੍ਰਹਮ ਗਿਆਨੀ ਪਰਉਪਕਾਰ ਕਰਨ ਵਿਚ ਹੀ ਜੀਵਨ ਮਨੋਰਥ ਦੀ ਸਫਲਤਾ ਸਮਝਦਾ ਹੈ।

**ਗੁਰਮਤਿ** - ਟਰੱਸਟ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਜਿਥੇ ਗੁਰੂ ਦੀ ਮਤਿ (ਉਪਦੇਸ਼) ਨੂੰ ਗ੍ਰਹਿਣ ਕਰਨ ਉਤੇ ਜ਼ੋਰ ਦਿੰਦੇ ਹਨ, ਉਥੇ ਮਨ ਦੀ ਮਤਿ ਤਿਆਗ ਕਰਨ ਲਈ ਵੀ ਕਹਿੰਦੇ ਹਨ। ਗੁਰੂ ਸਾਹਿਬ ਨੇ ਆਪਣਾ ਉਪਦੇਸ਼, ਬਿਨਾਂ ਕਿਸੇ ਪ੍ਰਕਾਰ ਦੇ ਜਾਤੀ ਭਿੰਨ ਭੇਦ ਦੇ ਦਿਤਾ। ਲਤਾੜੇ ਤੇ ਪਛਾੜੇ ਹੋਏ ਨੂੰ ਪਿਆਰ ਕੀਤਾ, ਉਨ੍ਹਾਂ ਨਾਲ ਸੰਗਤ ਕੀਤੀ। ਉਨ੍ਹਾਂ ਨੂੰ ਜੀਵਨ ਪ੍ਰਤੀ ਜਾਗਰੂਕ ਕੀਤਾ, ਤਪਦਿਆਂ ਹਿਰਦਿਆਂ ਨੂੰ ਠੰਡਾ ਕੀਤਾ, ਭਰਮ ਵਿਚੋਂ ਕੱਢ ਕੇ ਜੀਵਨ ਦੀ ਸੇਧ ਬਖਸ਼ੀ। ਸੰਸਾਰ ਦੇ ਲੋਕਾਂ ਦੇ ਕਲਿਆਣ ਲਈ ਪ੍ਰਭੂ ਅਗੇ ਅਰਦਾਸ ਕੀਤੀ। ਜਗਤ ਜਲੰਦੇ ਨੂੰ ਰੱਖਣ ਲਈ ਜਿਸ ਰਸਤੇ ਦੁਆਰਾ ਉਨ੍ਹਾਂ ਦਾ ਕਲਿਆਣ ਹੋ ਸਕਦਾ ਸੀ, ਕਿਰਪਾ ਕਰਨ ਲਈ ਬੇਨਤੀ ਕੀਤੀ। ਜਿਨ੍ਹਾਂ ਲੋਕਾਂ ਨੂੰ ਪੂਜਾ ਪਾਠ, ਧਰਮ ਅਸਥਾਨਾਂ ਉਤੇ ਜਾਣ ਦਾ ਹੱਕ ਨਹੀਂ ਸੀ, ਉਨਾਂ ਪ੍ਰਤੀ ਗਤੀ (ਮੁਕਤੀ) ਦਾ ਰਸਤਾ ਦਿਖਾਇਆ ਅਤੇ ਪ੍ਰਭੂ ਨਾਮ ਜੋ ਬੀਜ ਮੰਤ੍ਰ ਦੇ ਰੂਪ ਵਿਚ ਸਭ ਦੇ ਅੰਦਰ ਹੈ, ਚੌਹਾਂ ਵਰਨਾਂ ਨੂੰ ਜਪਣ ਲਈ ਕਿਹਾ।

ਅੱਜ ਦੇ ਪਦਾਰਥਕ ਜੁਗ ਅੰਦਰ ਮਨੁਖ ਦੀ ਹਾਲਤ ਗੁਰੂ ਸਾਹਿਬ ਦੇ ਸਮੇਂ ਨਾਲੋਂ ਵੀ ਭੈੜੀ ਹੈ। ਮਨੁੱਖ ਆਤਮਕ ਗਿਆਨ ਵਲੋਂ ਵੀ ਕੋਰਾ ਹੈ ਅਤੇ ਬਾਹਰੀ, ਪਦਾਰਥਕ ਜ਼ਿੰਦਗੀ ਵਿਚ ਵੀ ਸੰਤੁਸ਼ਟ ਨਹੀਂ ਹੈ। ਨਤੀਜਾ ਕੀ ਹੈ? ਭਟਕਣਾ ਵੱਧ ਰਹੀ ਹੈ, ਰਾਤ ਦਿਨ ਕਲਪਣਾ ਵਿਚ ਪਿਆ ਰਹਿੰਦਾ ਹੈ, ਜੀਵਨ ਇਸ ਪ੍ਰਕਾਰ ਦੀ ਦੁਬਿਧਾ ਵਿਚ ਹੀ ਵਿਅਰਥ ਚਲਾ ਜਾਂਦਾ ਹੈ।

ਜੀਵ ਰੂਪੀ ਹੰਸ ਦੇ ਦੋ ਪੰਖ 'ਨਾਮ ਸਿਮਰਨ' ਤੇ 'ਨਿਰਮਲ ਕਰਮ' ਹਨ ਜਿਨ੍ਹਾਂ ਦੁਆਰਾ ਉਹ ਉਡਾਰੀ ਮਾਰ ਕੇ ਪ੍ਰਭੂ ਦੇ ਦੇਸ਼ ਪਹੁੰਚ ਸਕਦਾ ਹੈ ਪਰੰਤੂ ਇਹ ਦੋਨੋਂ ਖੰਭ ਝੜ ਚੁਕੇ ਹਨ।

ਰੂਹਾਨੀ ਮਿਸ਼ਨ ਨੇ ਅੱਜ ਫਿਰ ਗੁਰਮਤਿ ਦਾ ਉਪਦੇਸ਼ ਦੇਣ ਦਾ ਬੀੜਾ ਚੁਕਿਆ ਹੈ। ਗੁਰਮਤਿ ਨੂੰ ਗ੍ਰਹਿਣ ਕਰਨ, ਤੇ ਮਨ ਦੀ ਮਤਿ ਤਿਆਗਣ ਦਾ ਬਰਾਬਰ ਉਪਦੇਸ਼ ਦਿਤਾ ਜਾਂਦਾ ਹੈ। ਇਸ ਉਦਮ ਦਾ ਸਦਕਾ ਹੁਣ ਤਕ ਸਾਢੇ ਤਿੰਨ ਲੱਖ ਪ੍ਰਾਣੀ ਅੰਮ੍ਰਿਤ ਪਾਨ ਕਰਕੇ ਗੁਰੂ ਦੇ ਲੜ ਲੱਗ ਚੁਕੇ ਹਨ -

*ਗੁਰ ਕੀ ਮਤਿ ਤੂੰ ਲੇਹਿ ਇਆਨੇ॥*
*ਭਗਤਿ ਬਿਨਾ ਬਹੁ ਡੂਬੇ ਸਿਆਨੇ॥* ਪੰਨਾ - 288
*ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥*
*ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ॥* ਪੰਨਾ - 800

**ਰੂਹਾਨੀ** - ਟਰੱਸਟ ਦੀ ਤ੍ਰਿਬੇਣੀ ਦਾ ਤੀਸਰਾ ਪੱਖ 'ਰੂਹਾਨੀ' ਸ਼ਬਦ ਹੈ। ਗੁਰੂ ਦੀ ਮਤਿ (ਉਪਦੇਸ਼) ਦਾ ਸਬੰਧ ਪਹਿਲਾਂ ਰੂਹ ਨਾਲ ਹੁੰਦਾ ਹੈ, ਬਾਦ ਵਿਚ ਸਰੀਰਕ ਕਿਰਿਆ ਰਾਹੀਂ ਇਸ ਨੂੰ ਅਮਲੀ ਜਾਮਾ ਪਹਿਨਾਇਆ ਜਾਂਦਾ ਹੈ। ਗੁਰੂ ਸਾਹਿਬ ਦੀ ਸਿਖਿਆ ਦੀਖਿਆ ਨਿਰਗੁਣ ਤੋਂ ਸਰਗੁਣ ਵਲ ਚਲਦੀ ਹੈ, ਭਾਵ ਇਸ ਉਪਦੇਸ਼ ਵਿਚ ਪਹਿਲਾਂ ਪ੍ਰਭੂ ਦੀ ਨਿਰਗੁਣ ਰੂਪ ਦੀ ਹੋਂਦ ਹਸਤੀ ਵਿਚ ਵਿਸ਼ਵਾਸ਼ ਮੰਨ ਕੇ ਤਦ ਉਸਦੇ ਸਰਗੁਣ ਪਸਾਰੇ ਵਲ ਪਰਤਿਆ ਜਾਂਦਾ ਹੈ। ਜਿਹੜੇ ਧਰਮ ਜਾਂ ਮਤਿ ਸਰੀਰ ਨੂੰ ਹੀ ਆਪਣਾ ਕੇਂਦਰੀ ਬਿੰਦੂ ਬਣਾ ਕੇ ਉਪਦੇਸ਼ ਕਰਦੇ ਹਨ, ਉਹ ਬਾਹਰੀ ਪੂਜਾ ਤਕ ਹੀ ਸੀਮਤ ਰਹਿ ਜਾਂਦੇ ਹਨ। ਸਰੀਰ ਤਾਂ ਪਰਿਵਰਤਣਸ਼ੀਲ ਹੈ। ਇਹ ਬਾਲ, ਜੁਆਨੀ ਤੋਂ ਹੁੰਦਾ ਹੋਇਆ ਬਿਰਧ ਅਵਸਥਾ ਤਕ ਪਹੁੰਚ ਕੇ ਖਤਮ ਹੋ ਜਾਂਦਾ ਹੈ ਜਦ ਕਿ ਰੂਹਾਨੀ ਉਪਦੇਸ਼ ਸਦੀਵੀ ਖੇੜੇ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੁੰਦਾ ਹੈ। ਗੁਰਮੁਖ ਕਦੇ ਬੁਢੇ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਦੇ ਅੰਦਰ ਸੁਰਤ ਦੀ ਇਕਾਗਰਤਾ ਤੇ ਬ੍ਰਹਮ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ -

*ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ॥* ਪੰਨਾ - 1418

ਇਹ ਸੀ ਸਿਰਲੇਖ ਦਾ ਸੰਖੇਪ ਵਿਵਰਨ। ਇਸ ਪ੍ਰਕਾਰ ਦਾ ਮਨੋਰਥ ਲੈ ਕੇ ਇਸ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੀ ਸਥਾਪਨਾ ਜੂਨ, 1986 ਵਿਚ ਕੀਤੀ ਗਈ ਸੀ। ਇਕ ਵਿਚਾਰ ਜੋ ਇਸ ਟਰੱਸਟ ਦਾ ਅੰਤਰੀਵ ਭਾਵਨਾ ਨਾਲ ਜੁੜਿਆ ਹੋਇਆ ਹੈ, ਉਹ ਇਹ ਹੈ ਕਿ ਇਸ ਦੇ ਸਰਪ੍ਰਸਤ ਮੁਖੀ ਤੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਪਰਉਪਕਾਰੀ ਭਾਵਨਾ ਅਧੀਨ ਉਨ੍ਹਾਂ ਆਤਮਾਵਾਂ ਨੂੰ ਜਾਗਰਤੀ ਪ੍ਰਦਾਨ ਕੀਤੀ ਜਿਹੜੀਆਂ ਅਗਿਆਨਤਾ-ਵਸ ਅੰਧੇਰੇ ਵਿਚ ਭਟਕ ਰਹੀਆਂ ਸਨ। ਉਨ੍ਹਾਂ ਮਨਾਂ ਨੂੰ ਰੋਸ਼ਨ ਕੀਤਾ ਜਿਹੜੇ ਕਈ ਜਨਮਾਂ ਤੋਂ ਮਾਇਆ ਮੋਹ ਤੇ ਤ੍ਰਿਸ਼ਨਾਵਾਂ ਦੀ ਕਾਲਖ ਨਾਲ ਕਾਲੇ ਸਿਆਹ ਹੋਏ ਹੋਏ ਸਨ। ਉਨ੍ਹਾਂ ਗਾਫਲ ਲੋਕਾਂ ਨੂੰ ਜਗਾਇਆ ਜਿਹੜੇ ਪਦਾਰਥਾਂ ਦੇ ਵਕਤੀ ਸੁਖ ਦੀ ਘੂਕ ਨੀਂਦ ਸੁਤੇ ਹੋਏ ਸਨ। ਉਨ੍ਹਾਂ ਭੁਲੇ ਭਟਕਿਆਂ ਨੂੰ ਰਾਹ ਦਿਖਾਇਆ ਜੋ ਨਸ਼ਿਆਂ ਤੇ ਹੋਰ ਭੈੜੀਆਂ ਅਲਾਮਤਾਂ ਦੇ ਸ਼ਿਕਾਰ ਹੋ ਚੁਕੇ ਸਨ।

ਗੁਰਮਤਿ ਗਾਡੀ ਰਾਹ (National Highway) ਹੈ। ਇਸ ਉਤੇ ਚਲਣ ਲਈ ਗੁਰਮੁਖ ਬਣਨ ਦੀ ਜ਼ਰੂਰਤ ਹੈ। ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਨ ਲਈ ਉਦਮ ਤੇ ਆਹਰ ਦੋਨੋਂ ਯਤਨ ਕਰਨ ਉਪਰੰਤ ਵੀ ਗੁਰੂ ਦੀ ਕਿਰਪਾ ਦੀ ਜ਼ਰੂਰਤ ਹੁੰਦੀ ਹੈ। ਸਿਖੀ ਦਾ ਇਹ ਖੰਡੇਧਾਰ ਅਤਿ ਬਿਖੜਾ ਰਸਤਾ ਤਦ ਹੀ ਸੁਖਾਲਾ ਹੋ ਸਕਦਾ ਹੈ ਜੇਕਰ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੋਵੇ, ਜਿਹੜੇ ਗੁਰੂ ਨਾਲ ਜੋੜ ਦੇਣ ਤੇ ਇਸ ਸੰਸਾਰ ਉਤੇ ਆਉਣਾ ਸਫਲ ਬਣਾ ਦੇਣ -

*ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ॥* ਪੰਨਾ - 579

ਮਨੁਖੀ ਮਨ ਬੜਾ ਚੰਚਲ ਹੈ। ਇਹ ਬੁਰਾਈ ਵਲ ਬੜੀ ਜਲਦੀ ਲੱਗਦਾ ਹੈ ਪਰ ਗੁਰੂ ਦੇ ਚੰਗੇ ਉਪਦੇਸ਼ ਨੂੰ ਸਹਿਜੇ ਕੀਤੇ ਗ੍ਰਹਿਣ ਕਰਨ ਲਈ ਤਿਆਰ ਨਹੀਂ ਹੁੰਦਾ। ਇਸਨੂੰ ਰੋਜ਼, ਬਾਰ-ਬਾਰ ਸਵੇਰੇ-ਸ਼ਾਮ ਪ੍ਰੇਰਤ ਕਰਕੇ ਗੁਰੂ ਉਪਦੇਸ਼ ਵਲ ਲਾਉਣਾ ਪੈਂਦਾ ਹੈ। ਹਾਥੀ ਰੂਪ ਮਨ ਨੂੰ ਕਾਬੂ ਵਿਚ ਰੱਖਣ ਲਈ ਇਕੋ ਇਕ ਤਰੀਕਾ ਹੈ, ਉਹ ਹੈ ਗੁਰੂ ਗਿਆਨ ਦਾ ਕੁੰਡਾ। ਇਸਦੀ ਪਕੜ ਬਾਣੀ ਦੇ ਜਪ ਤੋਂ ਸ਼ੁਰੂ ਹੁੰਦੀ ਹੈ। ਇਸ ਟਰੱਸਟ ਵਲੋਂ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ, ਗੁਰਬਾਣੀ ਦਾ ਪਾਠ ਅਤੇ ਸੰਗਤਾਂ ਨੂੰ ਇਸ ਪਾਸੇ ਵਲ ਜੋੜਨਾ ਅੱਜ ਤਕ ਲਗਾਤਾਰ ਜਾਰੀ ਹੈ। ਇਸਦਾ ਮੁਖ ਕੇਂਦਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ, ਤਹਿਸੀਲ ਖਰੜ, ਜ਼ਿਲਾ ਰੋਪੜ ਵਿਖੇ ਸਥਿਤ ਹੈ ਜੋ ਚੰਡੀਗੜ੍ਹ ਤੋਂ 7 ਕਿਲੋਮੀਟਰ ਦੀ ਦੂਰੀ ਤੇ ਹੈ -

ਇਸ ਟਰੱਸਟ ਨੇ ਗੁਰੂ ਮਿਸ਼ਨ ਦੀ ਪੂਰਤੀ ਲਈ ਆਪਣੀਆਂ ਬ੍ਰਾਂਚਾਂ ਹੇਠ ਲਿਖੇ ਸਥਾਨਾਂ ਵਿਖੇ ਸਥਾਪਤ ਕੀਤੀਆਂ ਹਨ -

| | | | |
|---|---|---|---|
| 1. ਖੂਬੀਆ ਨੰਗਲ | ਜ਼ਿਲਾ - ਰਾਮਪੁਰ (ਯੂ. ਪੀ.) | 2. ਸੂਲਾਪੁਰ | ਜ਼ਿਲਾ - ਰਾਮਪੁਰ (ਯੂ. ਪੀ.) |
| 3. ਬਨੂੜ | ਜ਼ਿਲਾ - ਪਟਿਆਲਾ | 4. ਰਾਜਪੁਰਾ | ਜ਼ਿਲਾ - ਪਟਿਆਲਾ |
| 5. ਫਰੀਦਕੋਟ | ਜ਼ਿਲਾ - ਫਰੀਦਕੋਟ | 6. ਮੋਹਾਲੀ | ਜ਼ਿਲਾ - ਰੋਪੜ |

ਅਜ ਦਾ ਜੁਗ ਤਕਨੀਕੀ ਜੁਗ ਹੈ, ਪ੍ਰਚਾਰ ਦੇ ਸਾਧਨਾਂ ਲਈ ਹਰ ਪ੍ਰਕਾਰ ਦੀਆਂ ਸਹੂਲਤਾਂ ਉਪਲਬਧ ਹਨ, ਜੈਸਾ ਕਿ ਆਡੀਓ ਕੈਸਟਾਂ, ਵੀ.ਡੀ.ਓ. ਫਿਲਮਾਂ ਆਦਿ। ਟਰੱਸਟ ਨੇ ਇਨ੍ਹਾਂ ਸਾਧਨਾਂ ਰਾਹੀਂ ਭਾਰਤ ਵਰਸ਼ ਵਿਚ ਪੰਜਾਬ, ਹਰਿਆਣਾ, ਯੂ.ਪੀ., ਹਿਮਾਚਲ, ਦਿੱਲੀ ਆਦਿ ਸਥਾਨਾਂ ਅਤੇ ਵਿਦੇਸ਼ਾਂ ਵਿਚ, ਅਮਰੀਕਾ, ਕਨੇਡਾ, ਆਸਟਰੇਲੀਆ, ਇੰਗਲੈਂਡ, ਇਟਲੀ, ਯੂਨਾਨ, ਜਰਮਨੀ, ਫਰਾਂਸ, ਨੀਦਰਲੈਂਡ, (ਹਾਲੈਂਡ) ਸਵਿਟਰਜ਼ਰਲੈਂਡ, ਯਮਨ, ਦੁਬਈ, ਕਵੈਤ, ਮਸਕਟ, ਈਰਾਨ, ਮਾਸਕੋ, ਬੈਲਜ਼ੀਅਮ, ਮਲੇਸ਼ੀਆ, ਹਾਂਗਕਾਂਗ, ਸਿੰਘਾਪੁਰ ਆਦਿ ਦੇਸ਼ਾਂ ਵਿਚ ਲੋਕਾਂ ਨੂੰ ਗੁਰੂ ਜੀ ਦੀ ਵਿਸ਼ਵਵਿਆਪੀ ਕਲਿਆਣਕਾਰੀ ਬਾਣੀ ਨਾਲ ਜੋੜਿਆ ਤੇ ਗੁਰੂ ਵਾਲੇ ਬਣਾਇਆ।

ਮਿਸ਼ਨ ਨੇ ਪਿਛਲੇ ਇਕ ਸਾਲ (13 ਅਪਰੈਲ 1994) ਤੋਂ 20 ਟੀ.ਵੀ. ਸੈਟਾਂ ਦੁਆਰਾ ਮਹਾਂਪੁਰਸ਼ਾਂ ਵਲੋਂ ਦਿਤੇ ਗਏ ਆਤਮ ਗਿਆਨ ਦੇ ਵਿਖਿਆਨਾਂ ਦੀਆਂ 520 ਵੀ. ਡੀ. ਓ. ਫਿਲਮਾਂ ਚੰਡੀਗੜ੍ਹ, ਰੋਪੜ ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਆਦਿ ਦੇ ਪਿੰਡਾਂ ਵਿਚ ਦਿਖਾਈਆਂ ਜਾ ਰਹੀਆਂ ਹਨ। ਇਸ ਪ੍ਰਕਾਰ ਦੇ ਗੁਰਮਤਿ ਪ੍ਰਚਾਰ ਨੇ ਲੋਕਾਂ ਦੀ ਕਾਇਆਂ ਕਲਪ ਕਰ ਦਿਤੀ, ਲੋਕਾਂ ਨੇ ਅੰਮ੍ਰਿਤ ਪਾਨ ਕਰਨ ਦੀ ਜਗਿਆਸਾ ਪ੍ਰਗਟ ਕੀਤੀ ਜਿਸਦਾ ਨਤੀਜਾ ਬੜਾ ਹੀ ਕਾਮਯਾਬ ਤੇ ਪ੍ਰਭਾਵਸ਼ਾਲੀ ਸਾਬਤ ਹੋਇਆ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਵਲੋਂ ਹੁਣ ਤਕ 3, 50, 000 ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਗਾਇਆ ਜਾ ਚੁਕਾ ਹੈ।

**ਤਨ ਦੀ ਸੇਵਾ** - ਮਨੁੱਖੀ ਸਰੀਰ ਦੁਖ ਤੇ ਸੁਖ ਦੋਨੋਂ ਪ੍ਰਕਾਰ ਦੇ ਕਪੜੇ ਪਹਿਨਦਾ ਰਹਿੰਦਾ ਹੈ। ਇਹ ਜੀਵ ਦੇ ਆਪਣੇ ਕਰਮਾਂ ਦਾ ਫਲ ਹੁੰਦਾ ਹੈ ਪਰੰਤੂ ਜਿਥੇ ਮਿਸ਼ਨ ਨੇ ਹੁਣ ਤਕ ਦੇਸ਼ ਵਿਦੇਸ਼ ਵਿਚ ਮਨੁੱਖਾਂ ਦੇ ਮਨਾਂ ਨੂੰ ਪ੍ਰੇਰਿਆ, ਆਤਮਾ ਨੂੰ ਰੁਸ਼ਨਾਇਆ, ਗੁਰੂ ਸ਼ਬਦ ਦੀ ਰੂਹਾਨੀ ਖੁਰਾਕ ਦੇ ਕੇ ਮਾਨਸਿਕ ਰੋਗਾਂ ਦਾ ਇਲਾਜ ਕੀਤਾ ਹੈ, ਉਥੇ ਤਨ ਦੀਆਂ ਬਾਹਰੀ ਪੀੜਾਂ, ਦੁਖਾਂ ਤਕਲੀਫਾਂ, ਬਿਮਾਰੀਆਂ ਦਾ, ਐਲੋਪੈਥੀ ਅਤੇ ਹੋਮੀਓਪੈਥੀ ਦੀਆਂ ਦੋ ਡਿਸਪੈਂਸਰੀਆਂ ਰਾਹੀਂ ਮਰੀਜ਼ਾਂ ਦਾ ਮੁਫਤ ਇਲਾਜ ਕੀਤਾ ਜਾ ਰਿਹਾ ਹੈ। ਹੱਡੀਆਂ ਦਾ ਇਲਾਜ ਸ਼ਪੈਸਲਿਸਟ ਡਾਕਟਰਾਂ ਰਾਹੀਂ ਕਰਨ ਦਾ ਇੰਤਜ਼ਾਮ ਹੈ। ਅੱਖਾਂ ਦੇ ਅਪਰੇਸ਼ਨ ਦੇ ਕੈਂਪ ਵੀ ਮਿਸ਼ਨ ਵਲੋਂ ਲਗਾਏ ਜਾਂਦੇ ਹਨ।

**ਜਨਸਮੂਹ ਦੀ ਸੇਵਾ** - ਨੂੰ ਮੁਖ ਰਖਦਿਆਂ, ਮਿਸ਼ਨ ਨੇ ਗਰੀਬ ਪਰਿਵਾਰਾਂ ਦੇ ਬੱਚੇ ਬੱਚੀਆਂ ਦੇ ਅਨੰਦ ਕਾਰਜ ਮੁਫਤ ਕਰਵਾਏ ਅਤੇ ਮਿਸ਼ਨ ਵਲੋਂ 1993 ਵਿਚ ਹੜ੍ਹਾਂ ਕਾਰਨ ਹੋਈ ਤਬਾਹੀ ਸਮੇਂ 25 ਪਿੰਡਾਂ ਵਿਚ ਲਗ-ਭਗ 65 ਲੱਖ ਰੁਪਏ ਦੀ ਕੀਮਤ ਦਾ ਰਾਸ਼ਨ, ਕਪੜੇ, ਬੱਚਿਆਂ ਦੀਆਂ ਪੁਸਤਕਾਂ, ਵਰਦੀਆਂ ਤੋਂ ਇਲਾਵਾ 200 ਰੁਪਏ ਪ੍ਰਤੀ ਘਰ ਨਕਦ ਵੰਡਿਆ ਗਿਆ। ਬੁਦਕੀ ਅਤੇ ਸੀਸਵਾਂ ਨਦੀਆਂ ਦੀ ਸਫਾਈ ਲਈ 25000 ਰੁ: ਦੀ ਮਦਦ ਕੀਤੀ ਗਈ ਤਾਂ ਕਿ ਬਰਸਾਤੀ ਪਾਣੀ ਦਾ ਨਿਕਾਸ ਠੀਕ ਤਰ੍ਹਾਂ ਹੋ ਸਕੇ ਤੇ ਨੇੜਲੇ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਇਆ ਜਾ ਸਕੇ।

**ਯਤੀਮਾਂ ਤੇ ਕਮਜ਼ੋਰ ਵਰਗਾਂ ਦੀ ਸਹਾਇਤਾ** - ਮਲੇਰਕੋਟਲੇ ਦੇ ਯਤੀਮਖਾਨੇ ਦੇ ਬੱਚਿਆਂ ਲਈ ਗਰਮ ਕਪੜੇ ਬਿਸਤਰੇ ਆਦਿ ਦਿਤੇ ਗਏ। ਡਾਕਟਰ ਨਿਜ਼ਾਮੁਦੀਨ ਦੇ ਹੱਡੀਆਂ ਦੇ ਹਸਪਤਾਲ ਵਿਚ ਮਰੀਜ਼ਾਂ ਲਈ ਰਾਸ਼ਨ ਅਤੇ ਦਵਾਈਆਂ ਲਈ 17,000 ਰੁਪਏ ਦਿਤੇ। 40 ਬਿਸਤਰੇ ਕੰਬਲਾਂ ਸਮੇਤ ਇਸ ਹਸਪਤਾਲ ਵਿਚ ਮਰੀਜ਼ਾਂ ਲਈ ਦਿਤੇ।

15.9.1994 ਨੂੰ ਦੇਹਰਾਦੂਨ ਵਿਖੇ, ਜਗਤ ਪ੍ਰਸਿਧ ਜੋਗੀ ਡਾਕਟਰ ਸਵਾਮੀ ਰਾਮ ਜੀ ਨੇ 2500 ਬੈਡ ਦੇ ਹਸਪਤਾਲ ਨਾਲ ਲਗਦੇ ਮੈਡੀਕਲ ਕਾਲਜ ਦਾ ਨੀਂਹ ਪੱਥਰ, ਸੰਤ ਬਾਬਾ ਵਰਿਆਮ ਸਿੰਘ ਜੀ ਟਰੱਸਟ ਦੇ ਬਾਨੀ ਤੇ ਮੁਖੀ ਦੇ ਪਵਿਤਰ ਹਸਤ ਕਮਲਾਂ ਦੁਆਰਾ ਰਖਵਾਇਆ। ਇਹ ਏਸ਼ੀਆ ਵਿਚ ਆਪਣੀ ਕਿਸਮ ਦਾ ਸਭ ਤੋਂ ਵੱਡਾ ਹਸਪਤਾਲ ਹੈ। ਕਾਲਜ ਵਿਚ ਪੰਜ ਤਰ੍ਹਾਂ ਦੀ ਟਰੇਨਿੰਗ ਦਿਤੀ ਜਾਵੇਗੀ - ਐਲੋਪੈਥੀ, ਹੋਮਿਓਪੈਥੀ, ਆਯੁਰਵੈਦਿਕ, ਯੋਗਾ ਅਤੇ ਨੈਚਰੋਪੈਥੀ ਦੀ ਸਿਖਲਾਈ ਦਿਤੀ ਜਾਵੇਗੀ।

ਮਿਸ਼ਨ ਵਲੋਂ ਹੁਣ ਤਕ ਪੰਜ ਵੱਡੇ ਗੁਰਮਤਿ ਸਮਾਗਮ ਕੀਤੇ ਗਏ। ਪਿਛਲੇ ਸਮਾਗਮ ਦੌਰਾਨ ਸੰਗਤਾਂ ਦੇ ਬੈਠਣ ਲਈ 900' x 250' ਦਾ ਅਤੇ ਲੰਗਰ ਵਾਸਤੇ 300' x 180' ਦਾ ਪੰਡਾਲ ਲਗਾਇਆ ਗਿਆ। ਇਸ ਸਮਾਗਮ ਦੌਰਾਨ ਦਸ ਲੱਖ ਦੇ ਕਰੀਬ ਸੰਗਤਾਂ ਦਰਸ਼ਨ ਕਰਨ ਵਾਸਤੇ ਪੁੱਜੀਆਂ। ਵਿਦਵਾਨਾਂ ਤੇ ਸਾਧੂ ਸੰਤਾਂ ਨੇ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਤੇ ਲੈਕਚਰ, ਕੀਰਤਨ, ਕਥਾਵਾਂ ਤੇ ਨਿਜੀ ਅਨੁਭਵਾਂ ਦੁਆਰਾ ਨਿਹਾਲ ਕੀਤਾ। ਇਸ ਸਾਲ ਸਮਾਗਮ ਦੌਰਾਨ 12000 ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿਤੀਆਂ ਗਈਆਂ। ਡਾ. ਸਵਾਮੀ ਰਾਮ ਜੀ ਵਲੋਂ ਅਮਰੀਕਨ ਡਾਕਟਰਾਂ ਦੀ ਟੀਮ ਦਵਾਈਆਂ ਸਮੇਤ ਸੇਵਾ ਲਈ ਪੁਜੀ ਹੋਈ ਸੀ।

ਆਰਥਿਕ ਤੌਰ ਤੇ ਕਮਜ਼ੋਰ ਅਤੇ ਪ੍ਰਵਾਰਿਕ ਬੋਝ ਥੱਲੇ ਦਬੇ ਪਰਵਾਰ ਜਿਨ੍ਹਾਂ ਨੂੰ ਆਪਣੀਆਂ ਲੜਕੀਆਂ ਦੀ ਸ਼ਾਦੀ ਕਰਨ ਲਈ ਕੋਈ ਵੀ ਆਰਥਿਕ ਸਹਾਇਤਾ ਕਿਤੋਂ ਪ੍ਰਾਪਤ ਨਹੀਂ ਸੀ ਹੁੰਦੀ ਪਰ ਸਮਾਜਿਕ ਰਸਮ ਰਿਵਾਜਾਂ ਦੇ ਮੁਤਾਬਿਕ ਉਹ ਆਪਣੀਆਂ ਲੜਕੀਆਂ ਨੂੰ ਕੁਝ ਆਪਣੇ ਹੱਥੋਂ ਦੇ ਕੇ ਦੂਜੇ ਘਰ ਤੋਰਨਾ ਚਾਹੁੰਦੇ ਸੀ। ਅਜਿਹੇ ਪਰਿਵਾਰਾਂ ਦੀ ਆਰਥਿਕ ਅਵਸਥਾ ਦੀ ਪੂਰੀ ਤਰ੍ਹਾਂ ਨਾਲ ਪੜਤਾਲ ਕਰਕੇ ਉਨ੍ਹਾਂ ਨੂੰ 31 ਸੂਟ, ਬਸਤਰ, ਬਰਤਨ, ਕੰਬਲ, ਖੇਸ ਤੇ ਦੋ ਦੋ ਬਿਸਤਰੇ ਗਰਮ ਤੇ ਠੰਢੇ ਫੀ ਲੜਕੀ ਦੇ ਹਿਸਾਬ ਮਿਸ਼ਨ ਵਲੋਂ ਦੇ ਕੇ ਉਨ੍ਹਾਂ ਦੀਆਂ ਸ਼ਾਦੀਆਂ ਦੇ ਪ੍ਰਬੰਧ ਕੀਤੇ ਗਏ। ਅਜਿਹੇ 45 ਵਿਆਹ ਪਿਛਲੇ ਸਾਲ ਵਿਚ ਕੀਤੇ ਜਾ ਚੁਕੇ ਹਨ।

# ਸਿਰਮੌਰ ਰਤਨ
## ਸਾਹਿਬ ਭਾਈ ਪਿਆਰੇ ਦਿਆ ਸਿੰਘ ਜੀ

ਲਾਹੌਰ ਸ਼ਹਿਰ ਮੁੱਢ ਤੋਂ ਹੀ ਸਿੱਖੀ ਦਾ ਕੇਂਦਰ ਰਿਹਾ ਹੈ। ਸਤਿਗੁਰੂ ਜੀ ਨੇ ਇਸਨੂੰ ਕਿਸੇ ਸਮੇਂ ਭਾਵੇਂ ਕਤਲਾਮ ਹੋਣ ਕਾਰਨ "ਲਾਹੌਰ ਸ਼ਹਿਰ ਜ਼ਹਿਰ ਕਹਿਰ ਸਵਾ ਪਹਿਰ" ਕਿਹਾ ਸੀ, ਪਰ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਇਥੇ ਸਿੱਖੀ ਦੀ ਤਦੋਂ ਕਮੀ ਸੀ। ਭਾਈ ਤਾਰੇ ਦੀ ਕਥਾ ਦਾ ਸੰਬੰਧ ਸਾਫ ਹੀ ਗੁਰੂ ਨਾਨਕ ਦੇ ਮਹਾਨ ਆਦਰਸ਼ ਨਾਲ ਸੀ, ਜਿਸ ਨੇ ਬਾਬਰ ਦੇ ਹੁਕਮ ਦੀ ਉਲੰਘਣਾ ਕਰਕੇ ਅੱਗ ਤੇ ਪਾਣੀ ਦੇ ਛਿਟੇ ਦਿਤੇ ਸਨ ਤੇ ਬਾਬਰ ਦੀਆਂ ਜਾਬਰ ਤੇ ਜਰਵਾਣੀਆਂ ਫੌਜਾਂ ਨੇ ਭਾਈ ਤਾਰੇ ਨੂੰ ਚੁੱਕ ਕੇ ਅੱਗ ਵਿਚ ਸੁਟ ਦਿਤਾ ਸੀ। ਪਰ ਇਸ ਤੋਂ ਪਿਛੋਂ ਲੋਕ ਬਗਾਵਤ ਤੇ ਉਤਰ ਆਏ ਤੇ ਸਾਰੇ ਸ਼ਹਿਰ ਨੇ ਹੀ ਅੱਗ ਬੁਝਾ ਦਿਤੀ ਸੀ। ਇਥੋਂ ਦੇ ਭਾਈ ਭਾਗੀਰਥ ਨੇ ਸੰਗਲਾ ਦੀਪ ਟਾਪੂ ਵਿਚ ਇਕਾਦਸ਼ੀ ਦਾ ਬ੍ਰਤ ਨਾ ਰੱਖ ਕੇ ਰਾਜੇ ਦੀ ਆਗਿਆ ਦੀ ਉਲੰਘਣਾ ਕੀਤੀ ਤੇ ਰਾਜੇ ਨੂੰ ਦੱਸਿਆ ਸੀ ਕਿ "ਸਿੱਖ ਸਦਾ ਹੀ ਬ੍ਰਤ ਰਖਦਾ ਹੈ ਕਿਉਂਕਿ ਉਹ ਸੰਜਮੀ, ਸੰਤੋਖੀ, ਸਤੀ ਤੇ ਤਪੀ ਹੈ। ਅਨਾਜ ਉਹ ਲੋੜ ਤੋਂ ਵੱਧ ਨਹੀਂ ਖਾਂਦਾ, ਖੁਰਾਕ ਐਸੀ ਕਦੇ ਵੀ ਨਹੀਂ ਖਾਂਦਾ ਜੋ ਮੇਹਦੇ ਅੰਦਰ ਅਗਨੀ ਪੈਦਾ ਕਰੇ ਤੇ ਦਿਮਾਗੀ ਤਵਾਜ਼ਨ ਨੂੰ ਵਿਗਾੜ ਦੇਵੇ। ਕਪੜਾ ਕੇਵਲ ਸਰੀਰ ਢਕਣ ਹਿਤ ਪਹਿਰੀਦਾ ਹੈ। ਉਸ ਦੀ ਭੜਕਣ ਜੇਕਰ ਸਰੀਰ ਅੰਦਰ ਵਿਕਾਰ ਤੇ ਦੋਸ਼ ਪੈਦਾ ਕਰੇ, ਸਿੱਖੀ ਉਸ ਦਾ ਨਿਸ਼ੇਧ ਕਰਦੀ ਹੈ। ਕੋਈ ਪ੍ਰਕਾਸ਼ ਤੇ ਗਿਆਨ ਸਾਨੂੰ ਬਾਹਰੋਂ ਨਹੀਂ, ਸਗੋਂ ਹਰ ਪ੍ਰਕਾਰ ਦਾ ਟਿਕਾਉ ਤੇ ਲਿਵ ਗਿਆਨ ਸਭੋ ਕੁਝ ਸਾਡੇ ਆਪਣੇ ਹੀ ਅੰਦਰ ਮੌਜੂਦ ਹੈ। ਇਸ ਲਈ ਤੁਸੀਂ ਜਦੋਂ ਵੀ ਅੰਦਰੋਂ ਖੋਜ ਕਰੋਗੇ, ਸਤਿ ਤੁਹਾਡੇ ਸਾਹਮਣੇ ਖੜ੍ਹਾ ਦਿਸੇਗਾ।" ਸੋ ਇਸ ਲਾਹੌਰ ਦੇ ਵਸਨੀਕ ਭਾਈ ਮਨਸੁਖ ਦੇ ਗਿਆਨ ਵਿਸ਼ਵਾਸ਼ ਤੇ ਦ੍ਰਿੜ੍ਹਤਾ ਨੇ ਹੀ ਰਾਜਾ ਸ਼ਿਵਨਾਭ ਨੂੰ ਸਤਿਗੁਰੂ ਜੀ ਨਾਲ ਜੋੜਿਆ ਤੇ ਉਹ ਐਸਾ ਸ਼ਰਧਾਵਾਨ ਤੇ ਅਨਿਨ ਭਗਤ ਬਣਿਆਂ ਕਿ ਗੁਰਦੇਵ ਨੂੰ ਇਸ ਦੇ ਘਰ ਆਪ ਹੀ ਚਲ ਕੇ ਜਾਣਾ ਪਿਆ।

ਲਾਹੌਰ ਦੀ ਸੰਗਤ ਦੇ ਹੀ ਪਿਆਰ ਅੰਦਰ ਭਿੱਜ ਕੇ ਗੁਰੂ ਰਾਮ ਦਾਸ ਜੀ ਨੇ ਗੁਰੂ ਅਰਜਨ ਸਾਹਿਬ ਨੂੰ ਲਾਹੌਰ ਭੇਜਿਆ ਤੇ ਫਿਰ ਉਨ੍ਹਾਂ ਦੇ ਪਿਆਰ ਨੇ ਆਪਣਾ ਰੂਪ ਸ਼ਬਦ ਹਜ਼ਾਰਿਆਂ ਦੇ ਰੂਪ ਵਿਚ ਲਾਹੌਰ ਹੀ ਉਚਾਰਨ ਹੋਇਆ, ਭਾਵ ਗੁਰੂ ਅਰਜਨ ਸਾਹਿਬ ਦੇ ਮਹਾਨ ਭਾਵ ਗਿਆਨ ਦਾ ਭੰਡਾਰ ਪਹਿਲੀ ਵਾਰ ਇਸੇ ਹੀ ਲਾਹੌਰ ਦੇ ਵਾਸੀ ਹੋਣ ਸਮੇਂ ਖੁਲ੍ਹਾ ਸੀ। ਸੋ ਲਾਹੌਰ ਸਦਾ ਹੀ ਸੰਤ ਸੇਵਾ, ਸਤਸੰਗ, ਸ਼ਰਧਾ, ਭਗਤੀ ਤੇ ਗਿਆਨ ਭੰਡਾਰ ਅੰਦਰ ਮੋਢੀ ਰਿਹਾ ਹੈ। ਲਾਹੌਰ ਨੇ ਕਦੇ ਕਿਸੇ ਸਮੇਂ ਦੇਸ਼ ਤੇ ਕੌਮ ਦੀ ਦੌੜ ਅੰਦਰ ਪਿਛਾ ਨਹੀਂ ਦਿਖਾਇਆ। ਲਾਹੌਰ ਹਿੰਦ ਦੇ ਬਾਕੀ ਵਡੇ ਸ਼ਹਿਰਾਂ ਤੇ ਕਸਬਿਆਂ ਦੇ ਟਾਕਰੇ ਵਿਚ ਕਿਸੇ ਵੀ ਤਰ੍ਹਾਂ ਪਿਛੇ ਨਹੀਂ ਰਿਹਾ। ਭਾਈਚਾਰਕ, ਸਦਾਚਾਰਕ ਤੇ ਕੁਰਬਾਨੀ ਦੇ ਲਿਹਾਜ਼ ਨਾਲ ਵੀ ਇਹ ਸ਼ਹਿਰ ਕਦੇ ਨਹੀਂ ਪਛੜਿਆ। ਸੋ ਇਸੇ ਹੀ ਮਾਹੌਲ ਨੇ ਸਤਸੰਗ ਤੇ ਨਾਮ-ਰਸ ਰੱਤੇ ਗੁਰਸਿਖ ਜੋ ਪੁਰਾਣੇ ਸਤਿਗੁਰੂ ਜੀ ਦੇ ਸਮੇਂ ਤੋਂ ਹੀ ਸਤਿਗੁਰਾਂ ਨਾਲ ਜੁੜੇ ਹੋਏ ਸਨ, ਦੇ ਖ਼ਾਨਦਾਨ ਅੰਦਰ ਜੋ ਡੱਲੇ ਤੋਂ ਆ ਕੇ ਲਾਹੌਰ ਰਿਹਾ ਤੇ ਲੰਬੇ ਸਮੇਂ ਤੋਂ ਸਿਖੀ ਦਾ ਪੁਜਾਰੀ ਸੀ, ਦੰਪਤੀ ਭਾਈ ਸੁਧਾ ਦੇ ਘਰ ਤੇ ਮਾਈ ਦਿਆਲੀ ਦੀ ਕੁੱਖ ਜੋ ਕਿ ਲਾਹੌਰ ਤੋਂ ਆਨੰਦਪੁਰ ਸਾਹਿਬ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਤੋਂ ਚਰਨਾਂਮ੍ਰਿਤ ਲੈ ਕੇ ਨਾਮਧ੍ਰੀਕ ਬਣੇ ਸਨ। ਇਨ੍ਹਾਂ ਅੰਦਰ ਭਗਤੀ ਤੇ ਨਾਮ ਦਾ ਨਿਵਾਸ ਸੀ। ਇਸੇ ਪਾਵਨ ਰੰਗ ਰਤੇ ਹੋਏ ਇਸ ਸੁਭਾਗ ਜੋੜੀ ਦੇ ਘਰ ਵਿਖੇ ਭਾਦਰੋਂ ਪ੍ਰਵਿਸ਼ਟਾ ਗਿਆਰਾਂ, ਸੰਮਤ ਸਤਾਰਾਂ ਸੌ ਗਿਆਰਾਂ ਨੂੰ ਇਕ ਸੁਭਾਗ ਬੱਚੇ ਨੇ ਜਨਮ ਲਿਆ। ਸਤਿਗੁਰੂ ਜੀ ਦੀ ਮੇਹਰ ਤੇ ਦਿਆ ਕਰਕੇ ਇਸ ਬੱਚੇ ਦਾ ਜਨਮ ਜਾਣ ਕੇ ਇਸਦਾ ਨਾਮ ਹੀ ਦਿਆ ਰਾਮ ਰਖਿਆ। ਦਿਆ ਰਾਮ ਜੀ ਨੇ ਸਿਖੀ ਦੇ ਨਾਮਬਾਣੀ ਦੀ ਫੁਹਾਰ ਵਗਦੇ ਚਸ਼ਮਿਆਂ ਅੰਦਰ ਇਸ਼ਨਾਨ ਕਰਦਿਆਂ ਤੇ ਕਈ ਵਾਰੀ ਬਚਪਨ ਵਿਖੇ ਹੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਕਰਦਿਆਂ ਬਚਪਨ ਗੁਜ਼ਾਰਿਆ। ਛੋਟੇ ਹੁੰਦਿਆਂ ਹੀ ਪਿਤਾ ਨੇ ਚਾਉ-ਚਾਉ ਵਿਚ ਹੀ ਇਸ ਨੂੰ ਜਪੁਜੀ ਦਾ ਪਾਠ ਸਿਖਾਇਆ। ਫਿਰ ਜ਼ਰਾ ਹੋਸ਼ ਸੰਭਲੀ ਤਦ ਹੋਰ ਬਾਣੀਆਂ ਦੀ ਵਾਰੀ ਆਈ। ਹੌਲੀ ਹੌਲੀ ਭਾਈ ਦਿਆ ਰਾਮ ਧਰਮਸ਼ਾਲਾ ਦੇ ਗ੍ਰੰਥੀ ਦੀ ਸਦ ਭਾਵਨਾ ਤੇ ਸੇਵਾ ਦੀ ਸੰਥਾ ਪਕਾਂਦਾ ਰਿਹਾ।

ਇਸ ਨੇ ਸਿਖ ਇਤਿਹਾਸ ਜੋ ਉਸ ਜਾਮੇ ਤਕ ਕੋਈ ਖਾਸ ਲਿਖਤੀ ਨਹੀਂ ਸਗੋਂ ਪੂਰਨ ਤੌਰ ਪਰ ਇਕ ਤਰ੍ਹਾਂ ਨਾਲ ਲੋਕ ਕਥਾਵਾਂ ਵਾਂਗ ਹੀ ਲੋਕਾਂ ਦੀਆਂ ਜ਼ਬਾਨਾਂ ਤੇ ਸੀ, ਲੋਕ ਕਥਾ ਰਾਹੀਂ ਲੋਕਾਂ ਤਕ ਪੁਜ ਰਿਹਾ ਸੀ। ਭਾਵੇਂ ਜਨਮ ਸਾਖੀ ਦਾ ਆਕਾਰ ਸੀ ਪਰ ਉਹ ਕਿਸੇ ਹੀ ਭਾਗਸ਼ਾਲੀ ਦੇ ਹਿਸੇ ਆਉਂਦੀ ਸੀ। ਫਿਰ ਵੀ ਦਿਆ ਰਾਮ ਜੀ ਲਈ ਲਾਹੌਰ ਅੰਦਰ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਕਾਇਮ ਰਖਣ ਹਿਤ ਦਿਤਾ ਗਿਆ ਮਹਾਨ ਬਲੀਦਾਨ, ਲਾਹੌਰ ਅੰਦਰ ਭਾਈ ਬਿਧੀ ਚੰਦ ਜੀ ਦੇ ਕਰਤਵਯ, ਫਿਰ ਗੁਰੂ ਹਰਗੋਬਿੰਦ ਸਾਹਿਬ ਦਾ ਕੈਂਪ ਲਗਾਣਾ ਤੇ ਨੂਰ ਜਹਾਨ ਨੇ ਦਰਸ਼ਨ ਕਰਕੇ ਫਿਰ ਜਹਾਂਗੀਰ ਜੇਹੇ ਵਹਿਮੀ ਤੇ ਮੁਤਅਸਬ ਸ਼ਾਹ ਨੂੰ ਉਤਰ ਦੇਣਾ ਕਿ "ਹਜ਼ੂਰ ਗੁਰੂ ਬਹੁਤ ਹੀ ਖ਼ੂਬਸੂਰਤ ਹੈ ਪਰ ਉਸ ਦੀ ਪਾਵਨ ਪਵਿਤਰ ਆਤਮਾ ਉਸਦੇ ਸਰੀਰ ਨਾਲੋਂ ਅਧਿਕ ਰੋਸ਼ਨ ਤੇ ਪਾਕ ਹੈ।"

ਲਾਹੌਰ ਦੇ ਇਤਿਹਾਸ, ਸਤਿਗੁਰੂ ਜੀ ਦੀਆਂ ਮੇਹਰਾਂ, ਸਿਖਾਂ ਦਾ ਗੁਰੂ ਨਾਲ ਪਿਆਰ, ਸਤਿਗੁਰੂ ਜੀ ਲਈ ਸਿਖਾਂ ਅੰਦਰ ਅਗਾਧ ਸ਼ਰਧਾ, ਪਿਆਰ ਤੇ ਫਿਰ ਸਤਿਗੁਰੂ ਜੀ ਹਿਤ ਆਪਾ ਵਾਰ ਕੇ ਵੀ ਵਾਹਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੇ ਸਿਖਾਂ ਦੇ ਉਮਾਹ, ਉਤਸ਼ਾਹ ਤੇ ਦਲੇਰੀ, ਜਿਸ ਵਿਚ ਰੰਗਤਾ ਦਾ ਨਾਮ ਵੀ ਨਹੀਂ ਸੀ, ਇਸ ਸਾਰੀ ਹੀ ਕਥਾ ਨੇ ਇਕ ਤਰ੍ਹਾਂ ਦਿਆ ਰਾਮ ਜੀ ਨੂੰ ਉਸ ਮਿਟੀ ਦਾ ਬਣਾ ਦਿਤਾ ਜੋ ਨਾ ਸਿਰਫ ਸਿੱਖੀ ਨਾਲ

ਸਦਾ ਲਈ ਜੁੜੇ ਰਹੇ ਸਗੋਂ ਸਿਖੀ ਲਈ ਸਭੋ ਕੁਝ ਕੁਰਬਾਨ ਕਰਕੇ ਵੀ ਆਪਣੇ ਅੰਦਰੋਂ ਸਭ ਦਾ ਭਲਾ ਮਨਾਵੇ। ਬਾਣੀ ਤੇ ਸੇਵਾ - ਇਹ ਆਪ ਜੀ ਦਾ ਜੀਵਨ ਆਦਰਸ਼ ਬਣ ਗਿਆ ਸੀ। ਭਾਈ ਸਾਹਿਬ ਦੇ ਮਾਤਾ ਪਿਤਾ ਸਤਿਗੁਰੂ ਜੀ ਤੋਂ ਵਾਰੀ-ਵਾਰੀ ਤੇ ਸਦਕੇ ਜਾਂਦੇ ਸਨ। ਉਹ ਹਰ ਤਰ੍ਹਾਂ ਤੇ ਹਰ ਕੀਮਤ ਪਰ ਗੁਰੂ ਪੁਰਿਆਂ ਦਾ ਹਰ ਹੁਕਮ ਮੰਨਣਾ ਹੀ ਪਰਮ ਧਰਮ ਤਸਲੀਮ ਕਰਦੇ ਸਨ। ਇਸੇ ਹੀ ਤਰ੍ਹਾਂ ਦੇ ਵਾਯੂ ਮੰਡਲ ਅੰਦਰ ਭਾਈ ਦਿਆ ਰਾਮ ਜੀ ਦੀ ਉਮਰ ਉਸ ਸਮੇਂ ਮਸਾਂ ਸੋਲਾਂ ਸਾਲ ਦੀ ਸੀ ਜਦੋਂ ਉਹ 1734 ਸੰਮਤ ਵਿਚ ਹੋਲੀਆਂ ਸਮੇਂ ਸਤਿਗੁਰੂ ਜੀ ਦੇ ਦੀਦਾਰ ਹਿਤ ਆਨੰਦਪੁਰ ਆਏ ਤੇ ਫਿਰ ਇਥੋਂ ਘਰ ਨਹੀਂ ਗਏ। ਅਨੰਦਪੁਰ ਸਾਹਿਬ ਦੀ ਸਾਰੀ ਰਚਨਾ ਫਿਰ ਛੋਟੇ ਮੋਟੇ ਨਾਦੌਣ ਤੇ ਪਾਂਵਟੇ ਦੀ ਸਾਰੀ ਲੜਾਈ ਉਨ੍ਹਾਂ ਦੇ ਤਕਦਿਆਂ ਹੋਈ। ਬੀਰ ਬਾਣੀ ਉਚਾਰਨ ਹੋਈ, ਰੋਜ਼ਾਨਾ ਬੀਰਾਂ ਦੇ ਗੀਤ ਤੇ ਉਨ੍ਹਾਂ ਦੀ ਮਹਿਮਾ, ਫਿਰ ਰੋਜ਼ ਹੀ ਸ੍ਰੀ ਸਾਹਿਬ ਦੀ ਪੂਜਾ ਤੇ ਭਗਵਤੀ ਰਾਹੀਂ ਦਰਗਾਹ ਦਾ ਰਣ ਜਿਤ ਹੋਣਾ ਐਸੀਆਂ ਪ੍ਰਭਾਵਤ ਸਾਖੀਆਂ ਸਨ ਕਿ ਉਹ ਭਾਈ ਦਿਆ ਰਾਮ ਜੀ ਦੇ ਮਨ ਨੂੰ ਉਚਾ ਤਕਾ ਤੇ ਅਹਿਲ ਬਣਾਉਂਦਾ ਗਿਆ। ਫਿਰ ਮਰਦਾਂ ਦੀਆਂ ਕਹਾਣੀਆਂ, ਮਹਾਨ ਕਵੀਆਂ ਦੇ ਜੋਸ਼ ਭਰੇ ਤਰਾਨੇ ਸਤਿਗੁਰੂ ਜੀ ਦੇ ਕੌਮ ਭਲਾਈ, ਤੇ ਕੌਮੀ ਏਕਤਾ ਤੇ ਮਨੁੱਖ ਮਾਤਰ ਦੇ ਭਲੇ ਹਿਤ ਤਿਆਰੀਆਂ, ਮਲੇਸ਼ਾਂ ਵਲੋਂ ਸਿਖੀ ਪਰ ਹਮਲੇ ਤੇ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਮਗਰੋਂ ਸਤਿਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਚਰਨ ਪਾਹੁਲ ਦੇਣ ਤੋਂ ਰੁਕ ਜਾਣਾ ਇਹ ਸਾਬਤ ਕਰਦਾ ਹੈ ਕਿ ਉਹ ਕੋਈ ਕੌਮ ਨੂੰ ਨਵੀਂ ਰਾਹ ਦਿਖਾਉਣ ਲਈ ਯੋਜਨਾ ਬਣਾ ਰਹੇ ਸਨ। ਸੋ ਵਿਸਾਖੀ ਵਾਲੇ ਦਿਨ 30 ਮਾਰਚ, 1869, ਜਦੋਂ ਖਾਲਸਾ ਪੰਥ ਸਾਜਿਆ, ਤਦ ਪਹਿਲੀ ਵਿਸਾਖ ਸੰਮਤ 1756 ਬਿਕ੍ਰਮੀ ਸੀ। ਇਹ ਭਾਰਤ ਦਾ ਮਹਾਨ ਪਵਿਤਰ ਦਿਨ ਤੇ ਗੁਰੂ ਨਾਨਕ ਸੱਚੇ ਪਾਤਸ਼ਾਹ ਦਾ ਜਨਮ ਦਿਨ ਵੀ ਮੰਨਿਆ ਗਿਆ ਹੈ। ਉਹ ਪਾਵਨ ਪਵਿੱਤਰ ਤੇ ਮਹਾਨ ਆਤਮਾਵਾਂ ਜੋ ਪਹਿਲਾਂ ਹੀ ਸ਼ੁੱਧ ਤੇ ਮਹਾਨ ਹੋ ਚੁਕੀਆਂ ਸਨ, ਸਾਹਮਣੇ ਆਈਆਂ। ਅਸਲ ਵਿਚ ਤਾਂ ਭਾਈ ਦਿਆ ਰਾਮ ਜੀ ਦੇ ਆਪਣੇ ਹੀ ਬਚਨਾਂ ਅਨੁਸਾਰ "ਸੱਚੇ ਪਾਤਸ਼ਾਹ, ਇਹ ਸਿਰ ਤਦੋਂ ਹੀ ਤੇਰਾ ਹੋ ਗਿਆ ਸੀ ਜਦੋਂ ਮੈਂ ਸਿਰ ਨੂੰ ਆਪ ਅੱਗੇ ਵੇਚ ਦਿਤਾ ਸੀ। ਮੈਂ ਤਾਂ ਇਹ ਆਪ ਦਾ ਉਧਾਰ ਹੀ ਪੱਲੇ ਬੰਨ੍ਹੀ ਫਿਰਦਾ ਹਾਂ। ਫਿਰ ਜੇਕਰ ਇਹ ਉਧਾਰ ਤੇ ਕਰਜ਼ ਉਤਾਰਨ ਸਮੇਂ ਕੋਈ ਦੇਰ ਹੋਈ ਹੈ, ਉਸ ਦੀ ਖਿਮਾ ਮੰਗਦਾ ਹਾਂ। ਮੈਂ ਕੁਝ ਦੇਣ ਨਹੀਂ, ਸਗੋਂ ਲੈਣ ਤੇ ਸੌਦਾ ਕਰਨ ਆਇਆ ਹਾਂ ਕਿ ਅਜ ਤੋਂ ਇਹ ਸਿਰ ਤੇਰਾ ਹੈ ਤੇ ਮੈਂ ਵੀ ਹੁਣ ਤੇਰਾ ਹੀ ਰੂਪ ਹੋ ਕੇ ਜੀਵਨ ਬਤੀਤ ਕਰਾਂਗਾ। ਇਹ ਵੀ ਸ਼ੁਕਰ ਹੈ ਕਿ ਤੁਸਾਂ ਸਿਰ ਮੰਗ ਕੇ ਲੈ ਲਿਆ ਹੈ, ਵਰਨਾਂ ਸਾਡੇ ਪਾਸ ਹੋਰ ਹੈ ਹੀ ਕੀ ਜੋ ਹਜ਼ੂਰ ਨੂੰ ਅਰਪਣ ਕਰ ਸਕੀਏ? ਸਗੋਂ ਤੇਰੀ ਬਖਸ਼ਿਸ਼ ਤੇ ਮੇਹਰ ਕਰਕੇ ਹੀ ਹੈ।"

ਭਾਈ ਦਿਆ ਸਿੰਘ ਉਨ੍ਹਾਂ ਮਹਾਨ ਪਾਵਨ ਗੁਰਮੁਖ ਬ੍ਰਹਮਗਿਆਨੀ ਗੁਰਸਿਖਾਂ ਦਾ ਮੂਲ ਬਣੇ, ਜੋ ਪੰਥ ਨਾਮ ਨਾਲ ਪ੍ਰਸਿਧ ਹੈ। ਇਹ ਠੀਕ ਹੈ ਕਿ ਪੰਚ ਪਰਵਾਨ ਗੁਰੂ ਨਾਨਕ ਮਹਾਰਾਜ ਤੋਂ ਹੀ ਚਲੇ ਆਏ ਸਨ। ਭਾਈ ਕਾਹਨ ਸਿੰਘ ਨਾਭਾ ਦੇ ਮੱਤ ਅਨੁਸਾਰ ਜੋ ਉਨ੍ਹਾਂ ਗੁਰਮਤਿ ਮਾਰਤੰਡ ਵਿਚ ਦਿਤਾ ਹੈ, ਹਰ ਇਕ ਸਤਿਗੁਰਾਂ ਸਮੇਂ ਹਰ ਸਮੇਂ ਹੀ ਪੰਚ ਪ੍ਰਵਾਣ ਰਹੇ ਤੇ ਸਿੱਖੀ ਦੀ ਸ਼ਿਲਾਧਾਰ ਇਨ੍ਹਾਂ ਪਰ ਸਦਾ ਤੋਂ ਹੀ ਰਹੀ ਹੈ। ਪਰ ਇਸ ਸ਼੍ਰੋਮਣੀ ਕਰਤਵਯ ਹਿਤ ਸ੍ਰੀ ਕਲਗੀਧਰ ਜੀ ਨੇ ਜੋ ਤਰੀਕਾ ਇਸਤੇਮਾਲ ਕੀਤਾ, ਉਹ ਹੋਰ ਕਿਧਰੇ ਨਹੀਂ ਵਰਤਿਆ ਗਿਆ। ਪਹਿਲੇ ਗੁਰਦੇਵ ਗੱਦੀ ਦੇਣ ਸਮੇਂ ਆਪਣੇ ਉਤਰਅਧਿਕਾਰੀ ਤੇ ਅਚਾਰੀਆ ਦੀ ਚੋਣ ਅਵੱਸ਼ਯ ਕਰਦੇ ਸਨ। ਪਰ ਇਹ ਗੱਲ ਆਮ ਆਦਮੀ ਦੀ ਸਮਝ ਤੇ ਖਿਆਲ ਤੋਂ ਓਪਰੀ ਸੀ ਕਿ ਇਹ ਪੰਚਾਂ ਕੀ ਨਵੀਂ ਚੋਣ ਹੀ ਹੁਣ ਅੱਗੇ ਲਈ ਸਮੁੱਚੇ ਪੰਥ ਲਈ ਗੁਰਦੇਵ ਦੀ ਜਗ੍ਹਾ ਸਥਾਪਨ ਹੋਣਾ ਹੈ ਜੋ ਚੋਣ ਕਰਨ ਪਿਛੋਂ ਹੀ ਗੁਰੂ ਸਵਾਮੀ ਨੇ ਪ੍ਰਗਟ ਤੌਰ ਪਰ ਲੋਕਾਂ ਦੇ ਸਾਹਮਣੇ ਇਹੀ ਗੱਲ ਲੈ ਆਂਦੀ। ਸੋ ਭਾਈ ਦਿਆ ਸਿੰਘ ਸਤਿਗੁਰੂ ਜੀ ਤੋਂ ਉਮਰ ਵਿਚ ਵੀ ਵਡੇਰੇ ਸਨ, ਇਸ ਕਰਕੇ ਉਨ੍ਹਾਂ ਦਾ ਸਨਮਾਨ ਤੇ ਸਤਿਕਾਰ ਦਰਬਾਰੀ ਤੌਰ ਤੇ ਆਰੰਭ ਹੋ ਗਿਆ। ਗੁਰ ਕੀ ਹਜ਼ੂਰੀ ਅੰਦਰ ਪ੍ਰਵਾਨ ਹੋਇਆ ਕੜਾਹ ਪ੍ਰਸਾਦਿ ਸਦਾ ਪਹਿਲਾਂ ਇਨ੍ਹਾਂ ਹੀ ਪਾਵਨ ਪੁਰਖਾਂ ਦੇ ਹਿੱਸੇ ਆਉਣ ਲੱਗਾ। ਇਸ ਤਰ੍ਹਾਂ ਸਿੱਖ ਸੰਗਤਾਂ ਵਿਚ ਇਹ ਪੂਜੇ ਸਤਿਕਾਰੇ ਜਾਣ ਲੱਗੇ। ਸਿੱਖ ਸੰਸਾਰ ਅਰਸ਼ ਪਰ ਸਤਿਗੁਰੂ ਜੀ ਤੇ ਸ਼ਾਹਿਬਜ਼ਾਦਿਆਂ ਦੇ ਨਾਲ ਇਹ ਸਨਮਾਨਯੋਗ ਬਜ਼ੁਰਗ ਸਦਾ ਧ੍ਰੁਵਤ ਰੋਸ਼ਨ ਤੇ ਅਟੱਲ ਨਾਮੀ ਹਨ। ਇਹ ਪੰਚ ਭਾਈ ਦਿਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਜੀ ਸਨ। ਇਹ ਤਲਵਾਰ ਦੀ ਧਾਰ ਤੋਂ ਪ੍ਰਗਟ ਹੋਏ ਸਿੰਘ ਕਲਗੀਧਰ ਦੇ ਆਪਣੇ ਹਿਰਦੇ ਤੋਂ ਸੁਰਜੀਤ ਹੋ ਕੇ ਖਾਲਸਾ ਪਾਰਲੀਮੈਂਟ ਅਥਵਾ ਪੰਥਕ ਪੰਚਾਇਤ ਬਣ ਗਏ। ਇਹ ਪਹਿਲਾਂ ਆਪ ਗੁਰਦੇਵ ਪਾਸੋਂ ਅੰਮ੍ਰਿਤ ਪਾਨ ਕਰਕੇ ਸਿੱਖ ਤੋਂ ਸਿੰਘ ਬਣੇ, ਫਿਰ ਕਲਗੀਧਰ ਪਾਤਸ਼ਾਹ ਨੇ ਇਨ੍ਹਾਂ ਤੋਂ ਆਪ ਅੰਮ੍ਰਿਤ ਪਾਨ ਕਰਕੇ ਨਵੀਂ ਪਰੰਪਰਾ ਚਾਲੂ ਕੀਤੀ ਕਿ ਕੋਈ ਸਿੱਖ ਖੰਡੇ ਦੀ ਪਾਹੁਲ ਲਏ ਬਗੈਰ ਅਗੇ ਨੂੰ ਸਿੰਘ ਨਹੀਂ ਬਣ ਸਕੇਗਾ।

ਸਤਿਗੁਰੂ ਜੀ ਕਿਸੇ ਵੀ ਚੜ੍ਹਾਈ ਸਮੇਂ ਜਾਂ ਸ਼ਿਕਾਰ ਜਾਣ ਸਮੇਂ ਇਨ੍ਹਾਂ ਪੰਜਾਂ ਨੂੰ ਅਗਲੀ ਸਫ ਵਿਚ ਰਖਦੇ ਸਨ। ਜਿਨ੍ਹਾਂ ਨੇ ਸਿਰ ਵੇਚ ਕੇ ਸਿੱਖੀ ਦਾ ਸੌਦਾ ਗੁਰਦੇਵ ਨਾਲ ਕੀਤਾ, ਉਹ ਪੰਜ ਬਣੇ, ਉਨ੍ਹਾਂ ਦੇ ਨੇਤਰ, ਮੂੰਹ, ਸਿਰ ਤੇ ਸਰੀਰ ਸਾਰਾ ਹੀ ਅੰਮ੍ਰਿਤ ਦੇ ਮਹਾਨ ਪਵਿੱਤਰ ਚੁਲਿਆਂ ਨੇ ਪਾਵਨ ਤੇ ਸ਼ੁਧ ਬਣਾ ਦਿਤਾ। ਸੰਸਾਰ ਦੀ ਤਵਾਰੀਖ ਬਦਲ ਗਈ ਜਦੋਂ ਕਿਸੇ ਪੈਗੰਬਰ ਨੇ ਆਪਣੇ ਹੀ ਮੁਰੀਦਾਂ ਪਾਸੋਂ ਗੁਰੂ ਦੀਖਸ਼ਾ ਲੈ ਕੇ ਉਨ੍ਹਾਂ ਨੂੰ ਆਪਣਾ ਗੁਰੂ ਬਣਾਇਆ ਤੇ ਉਨ੍ਹਾਂ ਦਾ ਇਤਨਾ ਮਾਣ ਵਧਾਇਆ ਹੋਵੇ -

"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ"

ਅਨੰਦਪੁਰ ਸਾਹਿਬ ਦੇ ਲੋਹ ਲੰਗਰ ਤੇ ਆਤਮ ਗਿਆਨ ਦੀ ਸਾਰੀ ਜ਼ਿੰਮੇਦਾਰੀ ਭਾਈ ਦਿਆ ਸਿੰਘ ਪਰ ਰਹੀ। ਹਰ ਸਮੇਂ ਹਰ ਅਉਖੀ ਘੜੀ ਗੁਰਦੇਵ ਇਨ੍ਹਾਂ ਤੋਂ ਸਲਾਹ ਲੈਂਦੇ ਰਹੇ, ਉਸ ਸਮੇਂ ਵੀ ਜਦੋਂ ਕਿ ਸੈਂਕੜੇ ਨਹੀਂ ਹਜ਼ਾਰਾਂ ਭੁੱਖ ਤੋਂ ਤੰਗ ਆ ਕੇ ਅਨੰਦਪੁਰ ਨੂੰ ਛੱਡ ਕੇ ਸਤਿਗੁਰੂ ਜੀ ਤੋਂ ਦੂਰ ਹੋਏ, ਇਹ ਅਟੱਲ ਵਿਸ਼ਵਾਸ਼ੀ ਤੇ ਦ੍ਰਿੜਤਾ ਸਹਿਤ ਸਥੰਭ ਚਟਾਨਵਤ ਸਤਿਗੁਰੂ ਜੀ ਦੀ ਸੇਵਾ ਅੰਦਰ ਰਹੇ। ਲੋਹੜੇ ਦੀ ਭੁੱਖ, ਸਾਮਾਨ ਦੀ ਥੁੜ ਤੇ ਸਰੀਰਕ ਕਸ਼ਟ ਕਿਸੇ ਵੀ ਸਮੇਂ ਉਨ੍ਹਾਂ ਦੇ ਰਾਹ ਦਾ ਰੋੜਾ ਨਹੀਂ ਬਣ ਸਕੇ। ਇਹੋ ਕਾਰਣ ਸੀ ਕਿ ਹਰ ਗੁਰਮਤਾ ਤੇ ਹਰ ਸਲਾਹ ਮਸ਼ਵਰੇ ਸਮੇਂ ਉਹ ਸਤਿਗੁਰੂ ਜੀ ਦੇ ਨਿਕਟਵਰਤੀ ਸਮਝੇ ਜਾਂਦੇ ਸਨ। ਉਨਾਂ ਦੀ ਹਰ ਰਾਇ ਸੋਚੀ ਸਮਝੀ, ਦੂਰ ਦ੍ਰਿਸ਼ਟ ਭਰਪੂਰ ਤੇ ਸਦਾ ਹੀ ਇਕ ਸੁਚੱਜੀ ਰਾਇ ਹੁੰਦੀ ਸੀ। ਇਸੇ ਹੀ ਕਰਕੇ ਉਨ੍ਹਾਂ

ਨੂੰ ਆਤਮ ਦੇਸ਼ ਦੇ ਵਾਸੀ ਵੀ ਕਿਹਾ ਜਾ ਸਕਦਾ ਹੈ। ਅਸਲ ਉਹ ਆਤਮ ਗਿਆਨ ਅਤੇ ਸਬਦ ਸੁਰਤਿ ਦੇ ਉਸ ਮਹਾਨ ਮਾਰਗ ਦੇ ਪੂਰੇ ਪਾਂਧੀ ਸਨ ਜਿਥੇ ਆਪਾ ਰਹਿ ਹੀ ਨਹੀਂ ਜਾਂਦਾ, ਜਿਥੇ ਇਕ ਰਸ ਟਿਕਾਉ ਤੇ ਦੁਖ ਸੁਖ ਤੋਂ ਪਰੇ ਹੋ ਕੇ ਕੇਵਲ ਮਾਤਰ ਕਰਮ ਲਈ ਕਰਮ ਤੇ ਅਸਲੋਂ ਨਿਰਲੇਪ ਤੇ ਨਿਹਕਰਮ ਹੋ ਕੇ ਰਹਿੰਦੀ ਹੈ।

ਸਤਿਗੁਰੂ ਜੀ ਨੇ ਆਗਿਆ ਦੇ ਕੇ ਪੰਜਾਂ ਪਿਆਰਿਆਂ ਪਾਸੋਂ ਭਾਈ ਦਿਆ ਸਿੰਘ ਜੀ ਦੀ ਜਥੇਦਾਰੀ ਹੇਠ ਲੱਖਾਂ ਸਿੰਘਾਂ ਨੂੰ ਅੰਮ੍ਰਿਤ ਪਾਨ ਕਰਕੇ ਜਹਾਜ਼ ਚੜ੍ਹਾਇਆ ਤੇ ਨਾਲ ਸਤਿ ਸਰੂਪ ਦੇ ਆਤਮ ਦੇਸ਼ ਦੇ ਪਾਂਧੀ ਬਣ ਕੇ ਸਤਿ ਦਾ ਮਾਰਗ ਦਰਸਾਇਆ। ਸਤਿਗੁਰਾਂ ਦੇ ਸਮੇਂ ਸੋਢੀ ਕੁਲ ਦੇ ਬੜੇ ਪ੍ਰਵਾਰ ਅਨੰਦਪੁਰ ਆ ਕੇ ਵਸ ਗਏ ਸਨ। ਉਨ੍ਹਾਂ ਵਿਚੋਂ ਕਈ ਬਹੁਤ ਕਰਣੀ ਤੇ ਕਮਾਈ ਵਾਲੇ ਸਨ। ਕਈ ਤਾਂ ਸਮਝਦੇ ਸਨ ਕਿ ਅਸੀਂ ਗੁਰੂ ਅੰਸ਼ ਹਾਂ, ਅਸਾਂ ਕਿਸੇ ਨੂੰ ਕੀ ਗੁਰੂ ਧਾਰਨ ਕਰਨਾ ਹੈ; ਕਾਫੀ ਦੂਰ ਦੂਰ ਰਹਿੰਦੇ ਸਨ। ਪਰ ਸੱਚ ਦੇ ਪਾਂਧੀ ਅਜੇ ਜਿਉਂਦੇ ਸਨ। ਇਨ੍ਹਾਂ ਵਿਚੋਂ ਸੋਭਾ ਸਿੰਘ ਸਨ ਜਿਨ੍ਹਾਂ ਨੇ ਕਲਗੀਧਰ ਸਵਾਮੀ ਜੀ ਨੂੰ ਬੇਨਤੀ ਕੀਤੀ ਕਿ ਮੇਹਰ ਕਰਕੇ ਮੈਨੂੰ ਗੁਰਮੰਤ੍ਰ ਤੇ ਗੁਰੂਦੀਖਸ਼ਾ ਦਿਉ। ਸਤਿਗੁਰੂ ਜੀ ਨੇ ਫੁਰਮਾਇਆ, "ਅਸਾਂ ਆਪਣੀ ਪੂਰਨ ਗੁਰੂ ਸੱਤਾ ਗੁਰੂ ਪੰਥ ਨੂੰ ਦੇ ਦਿਤੀ ਹੈ। ਅੱਗੇ ਤੋਂ ਪੰਥ ਸਮਰਥ ਤੇ ਪੂਰਨ ਰੂਪ ਵਿਚ ਪੂਰਨ ਗੁਰੂ ਹੈ। ਜ਼ਾਤ ਅਭਿਮਾਨ ਤੇ ਕੁਲ ਅਭਿਮਾਨ ਹੁਣ ਮੁਕ ਗਏ ਹਨ। ਜੋ ਹੁਣ ਪ੍ਰਵਾਨ ਪੰਚ ਪਿਆਰਿਆਂ ਪਾਸੋਂ ਨੀਵਾਂ ਹੋ ਕੇ ਪੰਜ ਚੁਲੀਆਂ ਗ੍ਰਹਿਣ ਨਹੀਂ ਕਰੇਗਾ ਉਹ ਨਿਗੁਰਾ ਹੀ ਰਹੇਗਾ। ਸੋ ਤੁਸੀਂ ਭਾਈ ਦਿਆ ਸਿੰਘ ਜੀ ਨੂੰ ਬੇਨਤੀ ਕਰੋ ਤੇ ਉਹੀ ਤੁਹਾਨੂੰ ਗੁਰੂ ਵਾਲਾ ਬਣਾ ਕੇ ਫਿਰ ਪਾਵਨ ਆਤਮ ਜੋਤ ਦੀ ਜਗਮਗ ਕਰਦੀ ਜੋਤੀ ਤਕ ਪੁੱਜਣ ਦੇ ਸਾਧਨ ਵੀ ਪ੍ਰਦਾਨ ਕਰਨਗੇ। ਮੈਂ ਗੁਰੂ ਘਰ ਦੀ ਕੋਈ ਸੋਝੀ ਗਿਆਨ ਜੁਗਤੀ ਤੇ ਸਾਧਨ ਬਾਕੀ ਨਹੀਂ ਰਖੇ ਜੋ ਗੁਰੂ ਪੰਥ ਨੂੰ ਨਾ ਦਿਤੇ ਹੋਣ। ਸੋ ਤੁਹਾਨੂੰ ਹਰ ਉਹ ਪਦਾਰਥ ਤੇ ਗਿਆਨ ਧਿਆਨ ਜੋ ਤੁਸਾਂ ਮੈਥੋਂ ਪ੍ਰਾਪਤ ਕਰਨਾ ਸੀ ਭਾਈ ਦਿਆ ਸਿੰਘ ਜੀ ਪਾਸੋਂ ਪ੍ਰਾਪਤ ਕਰ ਸਕਦੇ ਹੋ।"

ਭਾਈ ਦਿਆ ਸਿੰਘ ਜੀ ਨੇ ਜਿਥੇ ਦੇਹ ਅਭਿਮਾਨ ਤੇ ਦੇਹ ਅਧਿਆਸ ਛਡ ਕੇ ਸਿਰ ਗੁਰੂ ਨੂੰ ਵੇਚਿਆ ਹੈ, ਉਥੇ ਉਨ੍ਹਾਂ ਗੁਰੂ ਮਨ ਅਨੁਸਾਰ ਸਬਦਿ ਸੁਰਤਿ ਰਾਹੀਂ ਆਤਮ ਦੇਸ਼, ਦਸਮ ਦੁਆਰ ਤੇ ਪਰਮ ਸੁੰਨ ਅਸਥਾਨ ਅੰਦਰ ਵਾਸ ਕਰਕੇ ਗੁਰੂ ਘਰ ਦੇ ਸ਼ਬਦ ਸੁਰਤਿ ਦੀਆਂ ਅਗਾਧ ਅਨੰਦਮਈ ਟਿਕਾਣਿਆਂ ਦੀ ਮਹਾਨ ਸੋਝੀ ਵੀ ਹਾਸਲ ਕੀਤੀ ਹੈ। ਸੋ ਆਤਮ ਅਨੰਦ ਦੇ ਇਸ ਸਰੋਵਰ ਅੰਦਰ ਇਸ਼ਨਾਨ ਕਰਨ ਹਿਤ ਤੁਸੀਂ ਵੀ ਉਨ੍ਹਾਂ ਪਾਸ ਜਾਵੋ। ਭਾਈ ਦਿਆ ਸਿੰਘ ਪੰਜ ਪਿਆਰਿਆਂ ਸਮੇਤ ਸਾਡੀ ਉਹ ਪਾਵਨ ਗੰਗਾ ਦੀ ਧਾਰ ਹਨ ਜਿਸ ਅੰਦਰ ਇਸ਼ਨਾਨ ਕਰਕੇ ਹਰ ਪ੍ਰਾਣੀ ਮਾਤਰ ਪਾਵਨ ਤੇ ਪਵਿੱਤਰ ਹੋ ਕੇ ਮੁਕਤ ਪਦ ਨੂੰ ਪ੍ਰਾਪਤ ਕਰੇਗਾ।

ਇਸ ਪਿਛੋਂ ਗੁਰੂ ਅੰਸ਼ ਬਾਬਾ ਸੋਭਾ ਸਿੰਘ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਅਤਿ ਨੀਵੇਂ ਹੋ ਕੇ ਅੰਮ੍ਰਿਤ ਦੀ ਦਾਤ ਤੇ ਸਿਮਰਨ ਦੀ ਭਿਖਾ ਲੈਣ ਹਿਤ ਭਾਈ ਦਿਆ ਸਿੰਘ ਜੀ ਪਾਸ ਗਏ। ਉਨ੍ਹਾਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਫ਼ਿਰ ਸਿਮਰਨ ਦੀ ਬਖਸ਼ਿਸ਼ ਕਰਨ ਲਈ ਕਿਹਾ, ਭਾਈ ਸਾਹਿਬ ਦੀ ਮੇਹਰ ਕਰਕੇ ਇਕ ਲੰਬੀ ਲੜੀ ਨੂੰ ਜਨਮ ਦੇਣ ਦਾ ਕਾਰਨ ਬਣਿਆ।

ਅਕਾਲੀ ਲਹਿਰ ਤੋਂ ਪਹਿਲਾਂ ਇਹ ਰਿਵਾਜ ਸੀ ਕਿ ਲੋਕ ਅੰਮ੍ਰਿਤ ਦੇਣ ਹਾਰ ਪੰਜਾਂ ਪਿਆਰਿਆਂ ਦਾ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਦੀ ਪੂਜਾ ਹੁੰਦੀ ਸੀ। ਨਿਹੰਗ ਸਿੰਘਾਂ ਤੇ ਨਿਰਮਲੇ ਸੰਤਾਂ ਵਿਚ ਤਾਂ ਅੰਮ੍ਰਿਤ ਤੇ ਨਾਮ ਦੇਣ ਵਾਲਾ ਗੁਰੂਆਂ ਵਾਂਗ ਹੀ ਪੂਜਿਆ ਜਾਂਦਾ ਹੈ। ਇਹ ਗੱਲ ਇਕ ਅਸਲ ਸਚਾਈ ਰਖਦੀ ਹੈ ਕਿ ਜਿਸ ਕਿਸਮ ਦੇ ਸਿੰਘਾਂ ਪਾਸੋਂ ਅੰਮ੍ਰਿਤ ਪਾਨ ਕਰੋ, ਉਸਦਾ ਅਸਰ ਹਰ ਇਕ ਪਰ ਭਾਵੇਂ ਨਾ ਹੋਵੇ ਪਰ ਸਤਸੰਗੀ, ਸੁਧ ਹਿਰਦੇ ਤੇ ਅਭਿਲਾਸ਼ੀ ਜਗਿਆਸੂ ਪਰ ਅਵੱਸ਼ਯ ਹੀ ਹੁੰਦਾ ਹੈ। ਸੋ ਪੰਜ ਪਿਆਰੇ ਤੇ ਗੁਰਮੰਤ੍ਰ ਬਖਸ਼ ਕੇ ਗੁਰੂ ਨਾਲ ਜੋੜਨ ਹਾਰ ਉਸ ਸਮੇਂ ਗੁਰੂ ਦਾ ਰੂਪ ਹੀ ਹੁੰਦੇ ਹਨ, ਜਿਨ੍ਹਾਂ ਪਾਸੋਂ ਉਹੀ ਸਿਖਿਆ ਤੇ ਗਿਆਨ ਮਿਲਦਾ ਹੈ, ਜੋ ਸਤਿਗੁਰੂ ਜੀ ਨੇ ਦੇਣਾ ਹੈ। ਸੋ ਬਾਬਾ ਸੋਭਾ ਸਿੰਘ ਪੂਰਨ ਗੁਰੂ ਮਰਯਾਦਾ ਅਨੁਸਾਰ ਭਾਈ ਦਿਆ ਸਿੰਘ ਜੀ ਨੂੰ ਗੁਰੂ ਰੂਪ ਜਾਣ ਕੇ ਉਨ੍ਹਾਂ ਦਾ ਸਤਿਕਾਰ ਤੇ ਸੇਵਾ ਕਰਦੇ ਰਹੇ। ਭਾਈ ਸਾਹਿਬ ਨੇ ਉਨ੍ਹਾਂ ਪ੍ਰਤੀ ਸਿਮਰਨ ਦੀਆਂ ਪੇਚੀਦਾ ਤੇ ਉਚੀਆਂ ਮੰਜ਼ਲਾਂ ਦਾ ਰਾਹ ਪ੍ਰਦਾਨ ਕੀਤਾ ਹੈ, ਉਥੇ ਆਤਮ ਗਿਆਨ ਦੇ ਕੇ ਸਤਿ ਚਿਤ ਅਨੰਦ ਸਰੂਪ ਵਿਚ ਸਥਿਤੀ ਵੀ ਬਖਸ਼ੀ ਤੇ ਇਹ ਗੁਰੂ ਨਾਨਕ ਦਾ ਅਮਰ ਤੇ ਅਤੋਲ ਗਿਆਨ ਭੰਡਾਰ ਉਨ੍ਹਾਂ ਨੂੰ ਸੌਂਪਿਆ ਕਿ ਉਹ ਲੋਕਾਂ ਪ੍ਰਤੀ ਵੰਡਣ ਤਾਂ ਕਦੇ ਨਹੀਂ ਮੁਕ ਸਕਦਾ ਹੈ ਤੇ ਨਾ ਹੀ ਕਦੇ ਥੁੜ ਸਕਦਾ ਹੈ।

ਸੋਢੀ ਸਾਹਿਬਜ਼ਾਦਿਆਂ ਅੰਦਰ ਇਹ ਗੱਲ ਆਮ ਮਸ਼ਹੂਰ ਹੈ ਕਿ ਬਾਬਾ ਸੋਭਾ ਸਿੰਘ ਦੀ ਜੀਵਨ ਭਰ ਇਕ ਮਰਯਾਦਾ ਤੇ ਬੰਧਨ ਸੀ ਕਿ ਆਪ ਦੋ ਵਜੇ ਸੁਬਾਹ ਉਠ ਕੇ ਸਿਮਰਨ ਲਈ ਨਦੀ ਕਿਨਾਰੇ ਜਾ ਕੇ ਜੁੜਦੇ ਸਨ ਤੇ ਦਿਨੇ ਆਪ ਜੀ ਦੀ ਘਰੋਂ ਹਰ ਦੁਖੀ ਲਈ ਅਰਦਾਸ ਹੁੰਦੀ ਸੀ। ਇਸ ਕਰਕੇ ਉਹ ਮਸੀਹਾ ਮਸ਼ਹੂਰ ਸਨ। ਇਹ ਪ੍ਰੰਪਰਾ ਸ੍ਰੀ ਮਾਨ ਸੰਤ ਸੰਪੂਰਨ ਸਿੰਘ ਜੀ ਤਕ ਚਲਦੀ ਰਹੀ ਜਿਥੋਂ ਬੀਮਾਰ ਨੂੰ ਦੋਵੇਂ ਹੀ ਚੀਜ਼ਾਂ ਮਿਲਦੀਆਂ ਸਨ। ਮਾਨਸਿਕ ਤੌਰ ਪਰ ਸ਼ਾਂਤੀ ਦੇਣ ਹਿਤ ਹਿਰਦੇ ਦੀ ਬੀਮਾਰੀ ਦਾ ਇਲਾਜ ਨਾਮ ਰਾਹੀਂ, ਸਰੀਰ ਨੂੰ ਅਰੋਗ ਰਖ ਕੇ ਤੇ ਰਿਸ਼ਟ ਪੁਸ਼ਟ ਰਖ ਕੇ ਹੀ ਸਵੱਛ ਤੇ ਪਵਿੱਤਰ ਆਤਮਾ ਨੂੰ ਉੱਤਮ ਤੇ ਉੱਜਲ ਬਣਾਇਆ ਜਾ ਸਕਦਾ ਹੈ। ਅਰੋਗ ਸਰੀਰ ਅੰਦਰ ਮਹਾਨ ਆਤਮਾਵਾਂ ਮਹਾਨ ਕਰਤਵਾਂ ਦਾ ਪਾਲਨ ਕਰਨ ਨੂੰ ਸਮਰਥ ਹੋ ਸਕਦੀਆਂ ਹਨ। ਬਾਬਾ ਸੋਭਾ ਸਿੰਘ ਜੀ ਦੀਆਂ ਦਵਾਈਆਂ ਮਾਹੌਲ ਦੇ ਹਰ ਸਿੱਖ ਨੂੰ ਆਪਣੇ ਵਲ ਪ੍ਰੇਰਨਾ ਦੇਂਦੀਆਂ ਸਨ। ਇਨ੍ਹਾਂ ਕਰਕੇ ਹੀ ਲੋਕ ਭਾਈ ਦਿਆ ਸਿੰਘ ਨੂੰ ਮਹਾਨ ਤੇ ਕਰਣੀ ਭਰਪੂਰ ਸ਼ਖਸ਼ੀਅਤ ਨੂੰ ਯਾਦ ਕਰਦੇ ਸਨ। ਇਹ ਆਮ ਮਸ਼ਹੂਰ ਹੋ ਗਿਆ ਕਿ ਬਾਬਾ ਦਿਆ ਸਿੰਘ ਜੀ ਅੰਬ ਦੀ ਥਾਂ ਅੰਬ ਹੀ ਲਗਾ ਕੇ ਗਏ ਸਨ।

ਚਲਦਾ


(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)

# ਗੁਰਮੁਖਿ ਵਿਰਲਾ ਜਾਣੀਐ...॥

(ਭਾਈ ਗੁਰਦਾਸ ਜੀ)

ਪ੍ਰੋ: ਗੁਰਦੇਵ ਸਿੰਘ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਦੇ ਜੀਵਨ ਬਾਰੇ ਲਿਖਣਾ ਇਨੀ ਹੀ ਔਖੀ ਗਲ ਹੈ ਜਿਵੇਂ ਕਿ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰਨਾ, ਕਿਉਂਕਿ ਮਹਾਂਪੁਰਖਾਂ ਦਾ ਜੀਵਨ ਵਿਸ਼ਾਲ ਹੋਇਆ ਕਰਦਾ ਹੈ। ਬਾਹਰੋਂ ਸਾਨੂੰ ਮਨੁਖਾਂ ਵਾਂਗ ਖਾਂਦੇ-ਪੀਂਦੇ, ਹਸਦੇ-ਖੇਡਦੇ ਲਗਦੇ ਹਨ ਪਰ ਉਹਨਾਂ ਦਾ ਅੰਦਰਲਾ ਰੂਹਾਨੀ ਜੀਵਨ ਵੱਖਰਾ ਤੇ ਨਿਰਾਲਾ ਹੁੰਦਾ ਹੈ ਜਿਸ ਨੂੰ ਕੇਵਲ ਉਹ ਆਪ ਹੀ ਜਾਣਦੇ ਹਨ ਜਾਂ "ਬ੍ਰਹਮਗਿਆਨੀ ਕੀ ਗਤਿ ਬ੍ਰਹਮਗਿਆਨੀ ਜਾਨੈ॥" ਇਹ ਅਲਪੱਗ ਜੀਵ ਇਸ ਦੇ ਕਾਬਲ ਨਹੀਂ ਜੋ ਕਿ ਮਹਾਂਪੁਰਖਾਂ ਦੀ ਮਹਿਮਾਂ ਨੂੰ ਕਲਮਬੰਦ ਕਰ ਸਕੇ। ਕੇਵਲ ਸੰਖੇਪ ਤੌਰ ਤੇ ਆਪਣੀ ਤੁੱਛ ਬੁਧੀ ਅਨੁਸਾਰ ਸੰਗਤਾਂ, ਪਾਠਕਾਂ ਦੇ ਸਨਮੁਖ ਭੇਟਾ ਕਰਨ ਦੀ ਕੋਸ਼ਿਸ਼ ਕੀਤੀ ਹੈ।



ਆਪ ਜੀ ਦਾ ਜਨਮ 17 ਜੂਨ, ਸੰਨ 1918 ਨੂੰ ਪਿੰਡ ਧਮੋਟ, ਤਹਿਸੀਲ ਪਾਇਲ, ਜ਼ਿਲਾ ਲੁਧਿਆਣਾ ਦੇ ਜਥੇਦਾਰ ਕਰਤਾਰ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਪੂਰਬਲੇ ਸੰਸਕਾਰ ਤੇ ਘਰ ਵਿਚ ਸਿਖੀ ਰਹੁ-ਰੀਤ ਹੋਣ ਕਰਕੇ ਆਪ 8 ਸਾਲ ਦੀ ਉਮਰ ਵਿਚ ਹੀ ਗੁਰਬਾਣੀ ਨਾਲ ਜੁੜ ਗਏ ਸਨ ਅਤੇ 4 ਸਾਲ ਦੀ ਉਮਰ ਵਿਚ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣ ਗਏ ਸਨ। 1934 ਵਿਚ ਆਪ ਨੇ ਦਸਵੀਂ ਪਾਸ ਕਰਕੇ, ਸਟੈਨੋ ਤੇ ਟੈਲੀਗਰਾਫੀ ਦਾ ਕੋਰਸ ਲੁਧਿਆਣਾ ਦੇ ਪੁਰੀਸ਼ਨ ਕਮਰਸ਼ੀਅਲ ਕਾਲਜ ਤੋਂ ਕੀਤਾ।

ਬਚਪਨ ਤੋਂ ਹੀ ਆਪ ਨੂੰ ਸਾਧੂਆਂ ਦੀ ਸੰਗਤ ਪ੍ਰਾਪਤ ਸੀ ਜਿਨ੍ਹਾਂ ਵਿਚੋਂ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ, ਬਾਬਾ ਨੰਦ ਸਿੰਘ ਜੀ ਕਲੇਰਾਂ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ, ਸੰਤ ਦਸੌਂਧਾ ਸਿੰਘ ਜੀ ਨਾਮਧਾਰੀ, ਸੰਤ ਜੋਧ ਸਿੰਘ ਜੀ, ਅਤੇ ਸੰਤ ਅਤਰ ਸਿੰਘ ਜੀ ਅਤਲੇ ਵਾਲੇ ਸਨ। ਪਰੰਤੂ ਹਾਲੇ ਆਪ ਦੀ ਆਤਮਕ ਖੋਜ ਜਾਰੀ ਸੀ - ਉਸ ਪਿਆਰੇ ਦੀ, ਜਿਸ ਨਾਲ ਦਿਲ ਦਾ ਸੌਦਾ ਕੀਤਾ ਜਾ ਸਕੇ।

ਇਸੇ ਤਰ੍ਹਾਂ ਜਦੋਂ ਸੰਨ 1936 ਵਿਚ ਆਪ ਦੇ ਮਾਤਾ ਇੰਦਰ ਕੌਰ ਜੀ, ਆਪ ਨੂੰ ਮਾਘ ਦੇ ਜੋੜ ਮੇਲੇ ਤੇ ਰਾੜਾ ਸਾਹਿਬ ਲੈ ਕੇ ਗਏ ਤੇ ਪੂਰਨ ਸੰਤ, ਪੂਰਨ ਬ੍ਰਹਮਗਿਆਨੀ 1008 ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਦਰਸ਼ਨ ਕਰਦਿਆਂ ਹੀ ਮਨੋ-ਮਨ ਵਿਚ ਦਿਲ ਦਾ ਸੌਦਾ ਹੋ ਗਿਆ ਜਿਸ ਦੀ ਪ੍ਰਾਪਤੀ ਲਈ ਆਪ ਦੇ ਮਨ ਵਿਚ ਬੜੀ ਦੇਰ ਤੋਂ ਪ੍ਰਬਲ ਇਛਾ ਸੀ ਅਤੇ ਅੰਤਰ ਆਤਮੇ ਹੀ ਆਪ ਨੂੰ ਇਹ ਸੰਗੀਤਕ ਧੁਨ ਸੁਣਾਈ ਦੇਣ ਲਗੀ - "ਤਨ ਵੀ ਤੇਰਾ ਧਨ ਵੀ ਤੇਰਾ ਤੂੰ ਠਾਕਰ ਸਾਜਨ ਪ੍ਰਭਿ ਮੇਰਾ॥" ਪੂਰਨ ਮਹਾਂਪੁਰਸ਼ਾਂ ਨੇ ਆਪ ਜੀ ਨੂੰ ਪੁਛੇ ਗਏ ਪਹਿਲੇ ਸਵਾਲ ਕਿ "ਤੂੰ ਕੌਣ ਹੈਂ?" ਦਾ ਜਵਾਬ ਸੁਣ ਕੇ, ਪੂਰੇ 40 ਮਿੰਟ ਸਮਾਧੀ ਸਥਿਤ ਹੋ ਕੇ ਆਪ ਦੇ ਭਵਿਖ ਨੂੰ ਵਾਚ ਲਿਆ ਤੇ ਇਹ ਬਚਨ ਕੀਤਾ ਕਿ "ਅਜ ਸੁਹਾਗਣ ਦਾ ਸੁਹਾਗਣ ਨਾਲ ਮੇਲ ਹੋਇਆ ਹੈ, ਹੁਣ ਤਕ ਤਾਂ ਰੰਡੀਆਂ ਹੀ ਮਿਲਦੀਆਂ ਰਹੀਆਂ।" ਇਹ ਬਚਨ ਸੰਤ ਮਹਾਰਾਜ ਜੀ ਨੇ ਆਪ ਦੇ ਪਿਛਲੇ ਜਨਮਾਂ ਦੀ ਕਰਨੀ ਕਮਾਈ ਤੇ ਭਗਤੀ ਨੂੰ ਭਾਂਪ ਕੇ ਕੀਤਾ ਸੀ। ਇਹ ਵੀ ਬਚਨ ਕੀਤਾ ਸੀ ਕਿ ਆਪ ਦੇ ਰੂਹਾਨੀ ਸਫਰ ਦਾ ਆਖਰੀ, ਸਿਰਫ ਆਖਰੀ ਕਦਮ ਬਾਕੀ ਹੈ, ਉਹ ਵੀ ਪੁਟ ਲਵੋ। ਵੱਡੇ ਮਹਾਂਪੁਰਖਾਂ ਦੇ ਇਹ ਬਚਨ ਆਪ ਦੇ ਹਿਰਦੇ ਵਿਚ ਡੂੰਘੇ ਘਾਵ ਕਰ ਗਏ ਤੇ ਮਾਨੋ ਉਹ ਹਾਲਤ ਹੋ ਗਈ ਜਿਸ ਦਾ ਫੁਰਮਾਨ ਗੁਰਬਾਣੀ ਵਿਚ ਇਸ ਤਰ੍ਹਾਂ ਹੈ - ***"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥"*** ਇਸ ਬਚਨ ਨੂੰ ਕਮਾਉਣ ਲਈ ਆਪ ਨੇ ਦਿਨ ਰਾਤ ਇਕ ਟਕ, ਇਕ ਰਸ ਹੋ ਕੇ ਨਾਮ ਦਾ ਅਭਿਆਸ, ਤੇ ਨਾਮ ਦੀਆਂ ਰੂਹਾਨੀ ਮੰਜ਼ਲਾਂ ਦੇ ਸਫਰ ਨੂੰ ਕਰੜੀ ਮਿਹਨਤ ਤੇ ਮੁਸ਼ੱਕਤ ਨਾਲ ਤਹਿ ਕਰਨ ਲਈ ਘਰੋਂ ਬਾਹਰ ਜਾਣ ਦਾ ਇਰਾਦਾ ਬਣਾ ਲਿਆ ਅਤੇ ਮਸਤੂਆਣਾ, ਕਮਾਲਪੁਰ ਸੰਤ ਸ਼ਮਸ਼ੇਰ ਸਿੰਘ ਪਾਸੋਂ ਹੁੰਦੇ, ਖਾਰਾ ਅਤੇ ਅੰਤ ਜਵਾਹਰ ਕੇ ਕੋਠੀ ਦੇ ਸਾਮ੍ਹਣੇ ਕਰੀਰਾਂ ਦੀ ਝਿੜੀ ਵਿਚ ਬੈਠ ਕੇ ਨਾਮ ਸਿਮਰਨ ਕਰਨਾ, ਪ੍ਰਸ਼ਾਦਾ ਇਕ ਟਾਈਮ ਜ਼ਿਲੇਦਾਰ ਹਰਚਰਨ ਸਿੰਘ ਪਾਸ ਛਕ ਕੇ ਸਮਾਂ ਲੰਘਾਇਆ।

ਸੰਨ 1936 ਦਾਂ ਜ਼ਿਕਰ ਹੈ ਕਿ ਜਦੋਂ ਵੱਡੇ ਮਹਾਂਪੁਰਸ਼ਾਂ ਦੇ ਦੀਵਾਨ ਆਪ ਜੀ ਦੇ ਪਿੰਡ ਧਮੋਟ ਵਿਖੇ ਲੱਗਿਆ ਕਰਦੇ ਸੀ, ਤਾਂ ਸੰਤ ਮਹਾਰਾਜ ਜੀ ਆਪ ਜੀ ਦੇ ਗ੍ਰਹਿ ਵਿਖੇ ਚਰਨ ਪਾਉਣ ਲਈ ਪਧਾਰੇ ਤਾਂ ਅੱਗੇ ਬੀਜੀ (ਮਾਤਾ ਰਣਜੀਤ ਕੌਰ ਜੀ, ਆਪ ਦੇ ਧਰਮ ਪਤਨੀ) ਨੇ ਨਮਸ਼ਕਾਰ ਕੀਤੀ ਤਾਂ ਮਹਾਰਾਜ ਜੀ ਨੇ ਆਪ ਦਾ ਨਾਂ ਲੈ ਕੇ ਪੁਛਿਆ ਕਿ ਉਹ ਕਿਥੇ ਹਨ? ਤਾਂ ਜਵਾਬ

ਸੀ ਕਿ ਪਤਾ ਨਹੀਂ, ਲੰਮੇ ਸਮੇਂ ਤੋਂ ਗੁਪਤ ਹਨ, ਪਰ ਜ਼ਰੂਰ ਕਿਧਰੇ ਭਗਤੀ ਸਾਧਨਾਂ ਕਰ ਰਹੇ ਹੋਣਗੇ। ਵੱਡੇ ਮਹਾਂਪੁਰਸ਼ਾਂ ਨੇ ਜਦੋਂ ਬੀਜੀ ਦੇ ਅਨਭੋਲ ਬਚਨ ਸੁਣੇ ਤਾਂ ਹਿਰਦਾ ਪੰਘਰ ਗਿਆ ਤੇ ਅਗੰਮੀ ਖਿਚ ਦੁਆਰਾ ਆਪ ਨੂੰ, ਜਦੋਂ ਕਿ ਉਸ ਵੇਲੇ ਆਪ ਜਵਾਹਰ ਕੇ ਦੀ ਜੰਗਲੀ ਢੱਕੀ ਵਿਚ ਸਿਮਰਨ ਕਰ ਰਹੇ ਸੀ, ਆਪਣੇ ਵਲ ਖਿਚਿਆ ਜਿਸ ਨਾਲ ਆਪ ਸਮਾਧੀ ਤੋਂ ਉਥਾਨ ਹੋਏ ਤੇ ਸਿਧੇ ਧਮੋਟ ਮਹਾਂਪੁਰਖਾਂ ਦੇ ਚਰਨਾਂ ਵਿਚ ਪਹੁੰਚੇ। ਉਸ ਵੇਲੇ ਦੀਵਾਨ ਚਲ ਰਿਹਾ ਸੀ, ਮਹਾਰਾਜ ਜੀ ਨੇ ਵੇਖ ਕੇ ਆਪ ਨੂੰ ਅੱਗੇ ਬੈਠਣ ਦਾ ਇਸ਼ਾਰਾ ਕੀਤਾ। ਦੀਵਾਨ ਦੀ ਸਮਾਪਤੀ ਤੋਂ ਬਾਅਦ ਆਪ ਨਾਲ ਬਚਨ ਬਿਲਾਸ ਹੋਏ ਤੇ ਪ੍ਰਸੰਨਤਾ ਪਰਗਟ ਕੀਤੀ।

ਅੰਦਰਲੀ ਅਗੰਮੀ ਸੰਗੀਤਕ ਖਿਚ ਪਰਬਲ ਹੋਣ ਕਰਕੇ ਆਪ ਨੇ ਉਜਾੜਾਂ ਤੇ ਜੰਗਲਾਂ ਵਿਚ ਨਾਮ ਦਾ ਅਭਿਆਸ ਜਾਰੀ ਰੱਖਿਆ ਤੇ ਅੰਦਰਲੀਆਂ ਅਗੰਮੀ ਖੇਡਾਂ ਤੇ ਅਨਹਦ ਨਾਦਾਂ ਦੀ ਧੁਨੀ ਦਾ ਅਨੰਦ ਮਾਣਦੇ ਰਹੇ। ਐਸੀ ਦਸ਼ਾ ਵਿਚ ਆਪਦਾ ਸਰੀਰ ਵੀ ਕਾਨੇ ਦੀ ਛਟੀ ਵਰਗਾ ਹੋ ਗਿਆ ਸੀ ਕਿਉਂਕਿ ਘੱਟ ਖਾਣਾ, ਘੱਟ ਸੌਣਾ; ਕੇਵਲ 24 ਘੰਟਿਆਂ ਵਿਚੋਂ ਆਪ ਦੋ ਘੰਟੇ ਨੀਂਦ ਲੈਂਦੇ ਤੇ 22 ਘੰਟੇ ਨਿਰੰਤਰ ਭਜਨ ਕਰਦੇ ਸੀ। ਮਨ ਵਿਚ ਪੱਕਾ ਇਰਾਦਾ, ਲਗਨ, ਦ੍ਰਿੜਤਾ ਤੇ ਵਿਸ਼ਵਾਸ਼ ਭਰਪੂਰ ਹੋਣ ਕਰਕੇ, ਭਜਨ ਤੇ ਇਕਾਂਤ ਵਾਸ ਨੂੰ ਤਰਜੀਹ ਦਿੰਦੇ ਸਨ। ਮਨ ਵਿਚ ਵਿਚਾਰ ਸੀ ਕਿ ਭੋਰਾ ਪੁਟ ਕੇ ਲੰਮੇ ਸਮੇਂ ਲਈ ਗੁਪਤ ਭਜਨ ਕਰੀਏ ਜਾਂ ਢੱਕੀਆਂ ਤੇ ਜੰਗਲਾਂ ਵਿਚ ਇਕਾਂਤ ਵਾਸ ਕਰੀਏ।

ਘਰ ਆ ਕੇ ਏਹੋ ਕੰਮ ਕਰਦੇ ਰਹੇ। ਕੀਰਤਨ ਕਰਨਾ ਤੇ ਸਿਮਰਨ ਕਰਨਾ, ਘਰ ਦਾ ਖੇਤੀ-ਬਾੜੀ ਦਾ ਕੰਮ ਭੀ ਕਰਨਾ। ਅਪ੍ਰੈਲ 1937 ਵਿਚ ਸਿੰਧ, ਨਵਾਬਸ਼ਾਹ ਵਿਚ ਸਰਵਿਸ ਦੀ ਤਲਾਸ਼ ਵਿਚ ਚਲੇ ਗਏ ਪਰ ਸਰਵਿਸ ਕੀ ਕਰਨੀ ਸੀ ਸਭ ਕੁਝ ਛਡ ਛਡਾ ਕੇ ਗੋਠ ਚੰਦਾ ਸਿੰਘ ਵਿਚ ਜਾ ਡੇਰੇ ਲਾਏ। ਜਿਥੇ ਅਨੇਕਾਂ ਪ੍ਰੇਮੀ ਆਪ ਦੇ ਪਿਆਰ ਵਿਚ ਰੱਤੇ, ਆਪ ਦੀ ਉਡੀਕ ਕਰ ਰਹੇ ਸਨ। ਉਥੇ ਹੀ ਆਪ ਨੇ ਭੋਰਾ ਪੁਟ ਕੇ, ਇਕਾਂਤ ਵਾਸ ਕਰਨ ਦਾ ਫੈਸਲਾ ਕੀਤਾ ਸੀ। ਜਿਸ ਘਰ ਵਿਚ ਆਪ ਨਿਵਾਸ ਰੱਖਦੇ ਸੀ, ਉਸ ਮਾਤਾ ਦੇ ਪਹਿਲਾਂ ਸੱਤ ਪੁੱਤਰ ਸਨ ਅਤੇ ਆਪ ਨੂੰ ਅੱਠਵਾਂ ਪੁੱਤਰ ਬਣਾਇਆ ਹੋਇਆ ਸੀ। ਪੁਛ ਪੜਤਾਲ ਕਰਨ ਤੇ ਮਾਤਾ ਨੂੰ ਪਤਾ ਲਗ ਗਿਆ ਕਿ ਆਪ ਦੀ ਸ਼ਾਦੀ ਬਚਪਨ ਵਿਚ ਹੀ ਹੋ ਗਈ ਸੀ ਤੇ ਆਪ ਨੇ ਬੀਜੀ ਨੂੰ ਖ਼ਤ ਪਾ ਕੇ ਆਪ ਦੇ ਭੋਰਾ ਪੁਟ ਕੇ ਤਪ ਕਰਨ ਵਾਲੇ ਪ੍ਰੋਗਰਾਮ ਬਾਰੇ ਦੱਸ ਦਿਤਾ। ਇਹ ਖ਼ਬਰ ਸੁਣਦੀ ਸਾਰ ਬੀਜੀ, ਮਾਤਾ ਪਿਤਾ ਦੀ ਆਗਿਆ ਪਾ ਕੇ ਆਪ ਕੋਲ ਸਿੰਧ ਪਹੁੰਚੇ ਤੇ ਆਪ ਨੂੰ ਬਚਨ ਕੀਤਾ ਕਿ "ਵਾਪਸ ਘਰ ਚਲੋ। ਆਪਾਂ ਸੰਤ ਨਹੀਂ ਬਣਨਾ, ਸਗੋਂ ਸੰਤਾਂ ਦੀ ਸੇਵਾ ਕਰਨੀ ਹੈ। ਹੱਥ ਨਹੀਂ ਅੱਡਣਾ, ਸਗੋਂ ਹੱਥੋਂ ਦੇਣਾ ਹੈ।" ਬੀਜੀ ਦੇ ਇਹ ਸਿਧੇ ਸਾਦੇ ਤੇ ਭੋਲੇ ਭਾਲੇ ਬਚਨਾਂ ਨੂੰ ਆਪ ਜੀ ਨੇ ਪਰਵਾਨ ਕੀਤਾ ਤੇ ਵਾਪਸ ਰਾੜਾ ਸਾਹਿਬ ਪਹੁੰਚ ਗਏ ਜਦ ਕਿ ਸਿੰਧ ਵਿਚ ਆਪ ਦੇ ਪ੍ਰੇਮੀ ਆਪ ਦਾ ਵਿਛੋੜਾ ਨਹੀਂ ਸੀ ਝਲ ਰਹੇ ਤੇ ਭੁੱਬਾਂ ਮਾਰ ਕੇ ਵਿਰਲਾਪ ਕਰ ਰਹੇ ਸਨ।

ਵੱਡੇ ਮਹਾਂਪੁਰਖਾਂ ਦੀ ਆਗਿਆ ਪਾ ਕੇ 6 ਮਹੀਨੇ ਦਿੱਲੀ ਸਰਦਾਰ ਮੋਹਨ ਸਿੰਘ ਪਾਸ ਅਤੇ ਉਪ੍ਰੰਤ ਆਪ ਨੇ 1941 ਤੋਂ 1951 ਤਕ ਕੈਵਲਰੀ ਬਰਗੇਡ, ਆਰਮੀ ਹੈਡ ਕੁਆਟਰ ਵਿਚ ਪਟਿਆਲੇ ਫੌਜ ਦੀ ਨੌਕਰੀ ਕੀਤੀ ਅਤੇ ਫੇਰ 1966 ਤਕ ਪੈਪਸੂ ਤੇ ਚੰਡੀਗੜ੍ਹ ਸੈਕਟਰੀਏਟ ਵਿਚ ਸਰਵਿਸ ਕੀਤੀ। ਇਹਨਾਂ ਥਾਵਾਂ ਤੇ ਰਹਿੰਦਿਆਂ ਹੋਇਆਂ ਆਪ ਨੇ ਸਤਿਸੰਗ ਤੇ ਨਾਮ ਸਿਮਰਨ ਦਾ ਪਰਵਾਹ ਜਾਰੀ ਰੱਖਿਆ ਅਤੇ ਵੱਡੇ ਮਹਾਂਪੁਰਖਾਂ ਦੇ ਸੰਪਰਕ ਵਿਚ ਰਹੇ।

ਜਦੋਂ ਵੱਡੇ ਮਹਾਰਾਜ ਜੀ ਦੇ ਦੀਵਾਨ ਚੰਡੀਗੜ੍ਹ ਲਗਦੇ ਤਾਂ ਹਮੇਸ਼ਾ ਮਹਾਰਾਜ ਜੀ ਆਪ ਦੇ ਗ੍ਰਹਿ ਵਿਖੇ ਨਿਵਾਸ ਕਰਕੇ ਆਪ ਜੀ ਨੂੰ ਨਿਵਾਜਦੇ। ਬੀਜੀ ਦਿਨ ਰਾਤ ਸੰਗਤਾਂ ਦੀ ਸੇਵਾ ਵਿਚ ਲੱਗੇ ਰਹਿੰਦੇ। ਹਿਰਦੇ ਵਿਚ ਮਹਾਂਪੁਰਖਾਂ ਦਾ ਅਟੁੱਟ ਤੇ ਅਗੰਮੀ ਪਿਆਰ ਸੀ। ਤਨ, ਮਨ, ਧਨ ਨਾਲ ਉਨ੍ਹਾਂ ਦੀ ਤੇ ਸੰਗਤਾਂ ਦੀ ਸੇਵਾ ਕਰਕੇ ਆਪਣੇ ਆਪ ਨੂੰ ਵਡਭਾਗਾ ਸਮਝਦੇ ਅਤੇ ਆਪਣੇ ਸੁਖ ਆਰਾਮ ਦੀ ਪਰਵਾਹ ਨਹੀਂ ਸਨ ਕਰਦੇ। ਇਨ੍ਹਾਂ ਦਿਨਾਂ ਵਿਚ ਹੀ ਜਦੋਂ ਮਹਾਰਾਜ ਜੀ ਚੰਡੀਗੜ੍ਹ ਵਿਚ ਸੰਗਤਾਂ ਨੂੰ ਦੀਵਾਨ ਲਾ ਕੇ, ਤੇ ਆਪਣੇ ਰੂਹਾਨੀ ਉਪਦੇਸ਼ ਦੁਆਰਾ ਨਿਹਾਲ ਕਰ ਰਹੇ ਸਨ, ਇਕ ਦਿਨ ਮਹਾਰਾਜ ਜੀ ਨੇ ਆਪ ਨਾਲ ਕੁਝ ਬਚਨ ਕੀਤੇ ਕਿ ਦੱਸੋ ਭਾਈ, ਦਾਨ ਦੇਣ ਨਾਲ ਧਨ ਘਟ ਜਾਂਦਾ ਹੈ? ਕਹਿਣ ਲੱਗੇ, ਉਬੱਲ ਲਗ ਜਾਂਦੀ ਹੈ ਤੇ ਬਚਨ ਕੀਤਾ ਕਿ ਤੁਸੀਂ ਯੂ.ਪੀ. ਜਾਓ, ਆਪਣੀ ਜ਼ਮੀਨ ਸੰਭਾਲੋ ਤੇ ਖੇਤੀ ਕਰੋ ਤੇ ਸਾਡੀਆਂ ਖੁਸ਼ੀਆਂ ਹਨ। ਵਾਹਿਗੁਰੂ ਆਪ ਦੀ ਕਮਾਈ ਵਿਚ ਬਰਕਤ ਪਾਏਗਾ।

ਬਚਨਾਂ ਨੂੰ ਕਮਾਉਂਦੇ ਹੋਏ ਆਪ ਜੀ ਸਰਕਾਰੀ ਨੌਕਰੀ ਨੂੰ ਤਿਲਾਂਜਲੀ ਦੇ ਕੇ ਪਰਵਾਰ ਸਮੇਤ ਯੂ.ਪੀ. ਵਿਚ ਪਹੁੰਚ ਗਏ। 12 ਸਾਲ ਦੀ ਅਣਥੱਕ ਮਿਹਨਤ ਨਾਲ ਜਿਥੇ ਆਪਨੇ ਸਫਲ ਕਿਸਾਨੀ ਦਾ ਕਿੱਤਾ ਕੀਤਾ, ਉਥੇ ਨਾਲ ਦੀ ਨਾਲ ਤਰਾਈ ਦੇ ਇਲਾਕੇ ਵਿਚ ਤਰਾਈ ਸਿਖ ਮਿਸ਼ਨ ਕਾਇਮ ਕੀਤਾ ਤੇ ਪ੍ਰਚਾਰ ਦਾ ਤੇ ਸੇਵਾ ਦਾ ਕਾਰਜ, ਨਾਲ ਦੀ ਨਾਲ ਚਲਦਾ ਰਿਹਾ। ਉਸ ਵੇਲੇ ਦੇ ਪ੍ਰੇਮੀ ਜੋ ਕਿ ਡਰੰਮਾਂ ਦੇ ਡਰੰਮ ਸ਼ਰਾਬ ਕੱਢਕੇ ਪੀਂਦੇ, ਡੰਗਰ ਚੋਰੀ ਕਰਦੇ ਤੇ ਖੂੰਖਾਰ ਸਨ, ਉਨ੍ਹਾਂ ਨੂੰ ਨਾਮ ਨਾਲ ਜੋੜ ਕੇ ਸੱਚੀ ਤੇ ਸੁਚੀ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣ ਦਾ ਮਾਰਗ ਦ੍ਰਿੜ ਕਰਵਾਇਆ॥ ਯੂ. ਪੀ. ਰਹਿੰਦੇ ਹੋਏ, ਵੱਡੇ ਮਹਾਰਾਜ ਜੀ ਨਾਲ ਆਪ ਦਾ ਮਾਨਸਿਕ ਤੇ ਆਤਮਕ ਸੰਪਰਕ ਜਾਰੀ ਰਿਹਾ। ਮਹਾਰਾਜ ਜੀ ਦੇ ਦੀਵਾਨ ਯੂ.ਪੀ. ਵਿਚ ਲੱਗਣੇ ਸ਼ੁਰੂ ਹੋਏ ਅਤੇ ਬੇਅੰਤ ਸੰਗਤਾਂ ਦਾ ਇਕੱਠ ਦੀਵਾਨਾਂ ਵਿਚ ਹੁੰਦਾ, ਅਤੇ ਮਹਾਰਾਜ ਜੀ ਹਮੇਸ਼ਾ ਆਪ ਨੂੰ ਨਾਲ ਰੱਖਦੇ ਅਤੇ ਮਹਾਰਾਜ ਜੀ ਨਾਲ ਆਪ ਦੇ ਰੂਹਾਨੀ ਪ੍ਰਸ਼ਨ-ਉਤਰ ਚਲਦੇ ਰਹਿੰਦੇ ਅਤੇ ਆਪ ਜੀ ਅੰਦਰਲੀਆਂ ਅਵਸਥਾਵਾਂ ਦੇ ਗੁੱਝੇ ਭੇਦ ਉਨ੍ਹਾਂ ਪਾਸੋਂ ਪੁਛਦੇ ਰਹਿੰਦੇ। ਆਪ ਅਕਸਰ ਦਰਸ਼ਨਾਂ ਲਈ ਪਰਵਾਰ ਸਹਿਤ ਰਾੜਾ ਸਾਹਿਬ ਆਉਂਦੇ ਰਹਿੰਦੇ ਸਨ।

ਇਹ ਸੰਨ 1973 ਦੀ ਗੱਲ ਹੈ ਕਿ ਵੱਡੇ ਮਹਾਰਾਜ ਜੀ ਨੇ ਆਪ ਨੂੰ ਬਚਨ ਕੀਤਾ ਕਿ ਆਪ ਇਕ ਲੱਖ ਰੁਪਿਆ ਲੈ ਲਵੋ ਤੇ ਫਿਲਮਾਂ ਬਣਾ ਕੇ ਪ੍ਰਚਾਰ ਕਰੋ। ਇਹ ਭਵਿੱਖਤ ਬਚਨ ਸੀ। ਆਪ ਨੇ ਇਹ ਕਹਿ ਕੇ, ਕਿ "ਮਹਾਰਾਜ ਜੀ! ਐਨੇ ਪੈਸੇ ਲੈ ਕੇ ਮੈਂ ਘਰ ਨਹੀਂ ਜਾਣਾ, ਮੈਂ ਰਾੜਾ ਸਾਹਿਬ ਹੀ ਰਹਾਂਗਾ; ਤੁਸੀਂ ਕਿਰਪਾ ਕਰੋ, ਮੇਰੀ ਕਮਾਈ ਵਿਚ ਬਰਕਤ ਪਾਵੋ, ਮੈਂ ਆਪਣੇ ਪੈਸੇ ਨਾਲ ਇਹ ਪ੍ਰਚਾਰ ਕਰਾਂ।" ਸੋ ਜਿਸ ਤਰ੍ਹਾਂ ਉਪਰ ਦੱਸ ਚੁੱਕੇ ਹਾਂ ਕਿ ਮਹਾਂਪੁਰਖਾਂ ਨੇ ਯੂ.ਪੀ. ਵਿਚ ਆਪਣੇ ਟਰੈਕਟਰ ਟਰਾਲੀ,

ਆਪਣੀ ਕਾਰ ਰਾਹੀਂ ਪਿੰਡ-ਪਿੰਡ ਤੇ ਘਰ-ਘਰ ਜਾ ਕੇ ਪ੍ਰਚਾਰ ਕੀਤਾ। ਅਚਾਨਕ ਹੁਕਮ ਤੇ ਸਮੇਂ ਦੀ ਖੇਡ ਐਸੀ ਵਰਤੀ ਕਿ ਮਹਾਂਪੁਰਖਾਂ ਨੇ ਆਪਣਾ ਫਾਰਮ, ਜਿਸ ਵਿਚ 6 ਟਿਊਬਵੈਲ ਤੇ 5 ਮੋਘੇ ਪੈਂਦੇ ਸੀ, ਇਕ ਦਮ ਵੇਚਣ ਦਾ ਫੈਸਲਾ ਕਰਕੇ ਚੰਡੀਗੜ੍ਹ ਆ ਗਏ।

ਵੱਡੇ ਮਹਾਰਾਜ ਜੀ ਦੇ ਸਚਖੰਡ ਨਿਵਾਸ ਤੋਂ ਬਾਅਦ ਵੀ ਆਪ ਲਗਾਤਾਰ, ਛੋਟੇ ਮਹਾਰਾਜ ਜੀ ਸੰਤ ਬਾਬਾ ਕਿਸ਼ਨ ਸਿੰਘ ਜੀ ਪਾਸ ਵੀ ਸੰਗਤਾਂ ਨੂੰ ਲੈ ਕੇ ਜਾਂਦੇ ਰਹਿੰਦੇ ਤੇ ਬਚਨ ਕਰਦੇ ਕਿ ਮਹਾਰਾਜ ਜੀ, ਇਨ੍ਹਾਂ ਨੂੰ ਨਾਮ ਦਾਨ ਦੇਵੋ ਤਾਂ ਮਹਾਰਾਜ ਜੀ ਨੇ ਬਚਨ ਕੀਤਾ, "ਤੁਸੀਂ ਹੀ ਦੇ ਦਿਆ ਕਰੋ; ਯੂ. ਪੀ. ਦਾ ਇਲਾਕਾ ਤੁਹਾਨੂੰ ਸੰਭਾਲਿਆ।"

ਇਸੇ ਤਰ੍ਹਾਂ ਸ੍ਰੀ ਮਾਨ ਸੰਤ ਬਾਬਾ ਅਜੀਤ ਸਿੰਘ ਜੀ ਨੱਥਲਪੁਰ ਵਾਲਿਆਂ ਨੇ ਆਪ ਨੂੰ ਸੁਪਨ ਦਰਸ਼ਨ ਦੇ ਕੇ ਘਾੜ ਦਾ ਇਲਾਕਾ, ਰੋਪੜ, ਪਟਿਆਲਾ, ਅੰਬਾਲਾ, ਫਤਹਿਗੜ੍ਹ ਸਾਹਿਬ; ਉਚੇ ਥਾਂ ਤੇ ਖੜ੍ਹੇ ਹੋ ਕੇ ਕਿਹਾ, "ਇਹ ਸਾਰਾ ਸੰਭਾਲੋ" ਆਪ ਜੀ ਆਪਣੇ ਨਾਂ ਨਾਲ ਸੰਤ ਲਾਉਣ ਨੂੰ ਬਹੁਤ ਸੰਕੋਚ ਕਰਦੇ ਹਨ। ਪਰ ਜਿਥੇ ਗੁਲਾਬ ਦਾ ਫੁਲ ਹੋਵੇ, ਉਸ ਦੀ ਮਹਿਕ ਆਪਣੇ ਆਪ ਹੀ ਫੈਲਦੀ ਹੈ ਤੇ ਭੌਰੇ ਵੀ ਉਸਦੇ ਦੁਆਲੇ ਮਹਿਕ ਲੈਣ ਵਾਸਤੇ ਜ਼ਰੂਰ ਪਹੁੰਚ ਜਾਂਦੇ ਹਨ।

ਸੰਨ 1978 - ਅਕਤੂਬਰ ਵਿਚ, ਦੀਵਾਲੀ ਵਾਲੇ ਦਿਨ ਆਪ ਜੀ ਚੰਡੀਗੜ੍ਹ ਆਏ, ਅਤੇ ਮਨ ਵਿਚ ਸੀ ਕਿ ਗੁਰੂ ਦਾ ਕੰਮ ਕਰੀਏ ਤੇ ਪ੍ਰਚਾਰ ਤੇ ਸਿਮਰਨ ਦਾ ਪ੍ਰਵਾਹ ਚਲਾਈਏ ਜਿਸ ਨਾਲ ਇਲਾਕੇ ਦਾ ਉਧਾਰ ਹੋਵੇ। ਆਪ ਨੇ ਚੰਡੀਗੜ੍ਹ ਦੇ ਦੁਆਲੇ, ਜਿਸ ਨੂੰ ਘਾੜ ਦਾ ਇਲਾਕਾ ਕਹਿੰਦੇ ਹਨ, ਤੇ ਰੋਪੜ ਦਾ ਇਲਾਕਾ ਇਸ ਕੰਮ ਵਾਸਤੇ ਚੁਣਿਆ। ਰੋਪੜ ਜ਼ਿਲੇ ਦਾ ਨਕਸ਼ਾ ਲੈ ਕੇ ਸਾਰੇ ਪਿੰਡਾਂ ਦਾ ਸਰਵੇ ਕੀਤਾ। ਜਿਸ ਤਰ੍ਹਾਂ ਕਿਸਾਨ ਜਦੋਂ ਹਲ ਵਾਹੁਣ ਲਈ ਹਲਾਈਂ ਪਾਉਂਦਾ ਹੈ, ਤੇ ਫੇਰ ਸੁਹਾਗਾ ਦਿੰਦਾ ਹੈ; ਇਸੇ ਤਰ੍ਹਾਂ ਆਪ ਨੇ ਪਿੰਡ-ਪਿੰਡ ਜਾ ਕੇ ਕੀਰਤਨ ਵਖਿਆਨ, ਸਿਧੀਆਂ ਧਾਰਨਾਂ ਰਾਹੀਂ, ਉਨ੍ਹਾਂ ਦੀ ਲੋਕ ਬੋਲੀ ਤੇ ਤਰਜਾਂ ਵਿਚ ਕੀਤਾ। ਇਥੋਂ ਦੇ ਇਲਾਕੇ ਦੇ ਵਸਨੀਕ ਜੋ ਕਿ ਤਮਾਕੂ, ਜਰਦੇ ਆਦਿ ਖਾਂਦੇ, ਸ਼ਰਾਬਾਂ ਪੀਂਦੇ, ਗੁੱਗਿਆਂ, ਮੜ੍ਹੀਆਂ, ਦੇਵੀਆਂ ਨੂੰ ਪੂਜਦੇ ਸਨ, ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਉਪਦੇਸ਼ ਦੇ ਕੇ ਨਾਮ ਬਾਣੀ ਨਾਲ ਜੋੜਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ।

ਇਨ੍ਹਾਂ ਦਿਨਾਂ ਵਿਚ ਆਪ ਆਪਣੀ ਕਾਰ ਵਿਚ, ਆਪਣਾ ਖਰਚਾ ਕਰਕੇ, ਸਾਜਾਂ ਵਾਲੇ ਕਿਰਾਏ ਤੇ ਲੈ ਕੇ ਜਾਂਦੇ। ਪਿੰਡ ਵਿਚ ਸੰਗਤ ਇਕੱਠੀ ਕਰਦੇ, ਬੀਜੀ ਵੀ ਇਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਇਸ ਵਿਚ ਸਾਥ ਦਿੰਦੇ ਤੇ ਬੀਬੀਆਂ ਨੂੰ ਸਤਿਸੰਗ ਵਿਚ ਬੈਠਣ ਤੇ ਸ਼ਬਦ ਵਿਚ ਬੋਲਣ ਦੀ ਜਾਂਚ ਦੱਸਦੇ।

ਇਸ ਲਗਾਤਾਰ 16 ਸਾਲਾਂ ਦੀ ਮਿਹਨਤ ਦਾ ਸਦਕਾ, ਅੱਜ ਰੋਪੜ ਦੇ ਇਲਾਕੇ ਵਿਚ ਅੰਮ੍ਰਿਤਧਾਰੀ ਸਿੰਘਾਂ ਦੀ ਗਿਣਤੀ ਸਾਰੇ ਪੰਜਾਬ ਦੇ ਜ਼ਿਲ੍ਹਿਆਂ ਨਾਲੋਂ ਵੱਧ ਹੈ। ਜਿਥੇ ਰੋਪੜ ਦਾ ਜ਼ਿਲਾ, ਜਿਸਨੂੰ ਬੈਕਵਰਡ ਕਹਿੰਦੇ ਸਨ, ਮਹਾਂਪੁਰਖਾਂ ਦੇ ਬਚਨਾਂ ਦੁਆਰਾ ਇਹ ਸਿਖੀ ਵਿਚ ਫਾਰਵਰਡ, ਭਾਵ ਪਹਿਲੇ ਨੰਬਰ ਤੇ ਹੈ।

ਸਮੇਂ ਦੀ ਲੋੜ ਤੇ ਪ੍ਰਸਥਿਤੀਆਂ ਨੂੰ ਮੁੱਖ ਰੱਖਦੇ ਹੋਏ 1986 ਵਿਚ ਮਹਾਂਪੁਰਖਾਂ ਨੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੀ ਸਥਾਪਨਾ ਕੀਤੀ ਅਤੇ ਇਲਾਕੇ ਵਿਚ ਮੁੱਖ ਕੇਂਦਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਕਾਇਮ ਕੀਤਾ। ਇਹ ਅਸਥਾਨ, ਜਿਸ ਦਾ ਚੁਗਿਰਦਾ ਹੁਣ ਹਰਿਆ ਭਰਿਆ ਤੇ ਰਮਣੀਕ ਦਿਸਦਾ ਹੈ, ਉਸ ਸਮੇਂ ਇਕ ਮਹਾਨ ਉਜਾੜ ਤੇ ਸਰਕਿੜਿਆਂ ਦਾ ਜੰਗਲ ਸੀ। ਦਿਨ ਦੇ ਸਮੇਂ ਭੀ ਰਾਹੀ ਇਸ ਵਲੋਂ ਜਾਣ ਤੋਂ ਕਤਰਾਉਂਦੇ ਸਨ। ਜਿਥੇ ਪੁਰਾਤਨ ਸਮੇਂ ਵਿਚ ਮਹਾਂਪੁਰਸ਼ਾਂ, ਤਪੱਸਵੀਆਂ ਤੇ ਗੁਰੂਆਂ ਦੇ ਚਰਨ ਪਏ ਹੋਣ, ਉਹ ਅਸਥਾਨ ਸਮਾਂ ਪਾ ਕੇ ਆਪਣੇ ਆਪ ਪ੍ਰਗਟ ਹੋ ਜਾਇਆ ਕਰਦੇ ਹਨ। ਮਹਾਂਪੁਰਖ ਭਾਵੇਂ ਆਪ ਖੁਦ ਸੁਤੰਤਰ ਬ੍ਰਿਤੀ ਦੇ ਹਨ ਤੇ ਕੋਈ ਅਸਥਾਨ ਬਨਾਉਣ ਦੇ ਹੱਕ ਵਿਚ ਨਹੀਂ ਸਨ ਪਰ ਫੇਰ ਵੀ ਇਲਾਕੇ ਦੀਆਂ ਸੰਗਤਾਂ ਨੇ, ਤੇ ਪ੍ਰੇਮੀਆਂ ਦੇ ਉਦਮ ਤੇ ਮਿਹਨਤ ਦਾ ਸਦਕਾ ਇਹ ਅਸਥਾਨ ਪ੍ਰਗਟ ਹੋ ਗਿਆ। ਗੁਰਬਾਣੀ ਦੇ ਕਥਨ ਅਨੁਸਾਰ 'ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ ਤਹ ਬੈਕੁੰਠੁ ਜਹ ਨਾਮੁ ਉਚਰਹਿ॥' ਜਦੋਂ ਦਾ ਅਸਥਾਨ ਕਾਇਮ ਹੋਇਆ, ਗੁਰਬਾਣੀ, ਨਾਮ ਤੇ ਸੇਵਾ ਦਾ ਨਿਰੰਤਰ ਪ੍ਰਵਾਹ ਸ਼ੁਰੂ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ਮਾਨ ਹੁੰਦੇ ਸਾਰ ਹੀ, ਅਖੰਡ ਪਾਠਾਂ ਦੀ ਲੜੀ ਅਜ ਤਕ ਜਾਰੀ ਹੈ। ਲੱਖਾਂ ਦੀ ਗਿਣਤੀ ਵਿਚ ਜਪੁਜੀ ਸਾਹਿਬ ਜੀ ਦੇ ਪਾਠ ਹੋ ਚੁਕੇ ਹਨ ਤੇ ਹੋ ਰਹੇ ਹਨ। ਵਾਹਿਗੁਰੂ ਮੰਤਰ ਤੇ ਮੂਲਮੰਤਰ ਦੇ ਵੀ ਲੱਖਾਂ ਦੀ ਗਿਣਤੀ ਵਿਚ ਜਾਪ ਹੋ ਚੁੱਕੇ ਹਨ। ਇਸ ਅਸਥਾਨ ਦੇ ਕਾਇਮ ਹੋਣ ਨਾਲ ਜਿਥੇ ਇਲਾਕਾ ਨਿਵਾਸੀਆਂ ਨੂੰ ਨਵੀਂ ਜਾਗਰਤ ਤੇ ਆਪਸੀ ਭਾਈਚਾਰਕ ਸੂਝ ਬੂਝ ਮਿਲੀ ਹੈ, ਉਥੇ ਪੰਜਾਬ ਤੇ ਹਿੰਦੁਸਤਾਨ ਭਰ ਵਿਚ ਨਵੇਂ ਪ੍ਰਚਾਰ ਕੇਂਦਰ ਕਾਇਮ ਹੋ ਚੁਕੇ ਹਨ, ਜਿਨ੍ਹਾਂ ਵਿਚੋਂ ਯੂ. ਪੀ. ਵਿਚ ਸ੍ਰਾਲ੍ਹਪੁਰ ਤੇ ਖੁਬੀਆ ਨੰਗਲ; ਪੰਜਾਬ ਵਿਚ ਫਰੀਦਕੋਟ, ਬਨੂੜ ਤੇ ਰਾਜਪੁਰਾ ਵਿਖੇ ਹਨ।

ਰਾੜੇ ਸਾਹਿਬ ਵਾਲੇ ਵੱਡੇ ਮਹਾਂਪੁਰਸ਼ਾਂ ਦੇ ਕੀਤੇ ਬਚਨਾਂ ਦੇ ਫਲਸਰੂਪ, ਸੰਨ 1986 ਤੋਂ ਆਪ ਨੇ ਕੀਰਤਨ ਵਖਿਆਨ ਦੀਆਂ ਫਿਲਮਾਂ ਬਨਾਉਣੀਆਂ ਸ਼ੁਰੂ ਕੀਤੀਆਂ, ਜਿਸ ਦੇ ਸਿਟੇ ਵਜੋਂ ਹੁਣ ਤਕ 550 ਤੋਂ ਉਪਰ ਕੀਰਤਨ ਵਖਿਆਨ ਦੀਆਂ ਵੀਡੀਓ ਫਿਲਮਾਂ ਬਣ ਚੁਕੀਆਂ ਹਨ। ਆਪ ਜੀ ਨੇ ਸਾਇੰਸ ਜੁਗ ਦੀਆਂ ਨਵੀਆਂ ਕਾਢਾਂ ਟੀ.ਵੀ. ਮੀਡੀਏ ਰਾਹੀਂ ਇਨ੍ਹਾਂ ਫਿਲਮਾਂ ਨੂੰ ਗੁਰਮਤਿ ਪ੍ਰਚਾਰ ਦਾ ਮਾਧਿਅਮ ਚੁਣਿਆ ਜੋ ਕਿਅਜੋਕੇ ਸਮੇਂ ਅਨੋਖਾ ਤੇ ਨਿਰਾਲਾ ਢੰਗ ਹੈ। ਕੇਬਲ ਟੀ.ਵੀ. ਤੇ ਦੂਰਦਰਸ਼ਨ ਦੀ ਮਲਟੀਚੈਨਲ ਪ੍ਰਣਾਲੀ ਦੇ ਵਿਕਾਸ ਕਾਰਨ ਪੱਛਮੀ ਸਭਿਅਤਾ ਦੇ ਨੰਗੇਜ਼ ਦਾ ਮਾਰੂ ਪ੍ਰਭਾਵ ਜੋ ਕਿ ਸਿਧੀ ਸਾਦੀ ਆਮ ਜਨਤਾ, ਤੇ ਨੌਜਵਾਨ ਪੀੜ੍ਹੀ ਤੇ ਪੈ ਰਿਹਾ ਹੈ, ਉਸ ਨੂੰ ਰੋਕਣ ਤੇ ਕਿਸੇ ਹੱਦ ਤਕ ਠੱਲ੍ਹ ਪਾਉਣ ਲਈ ਆਪ ਜੀ ਵੱਲੋਂ ਅਪਣਾਇਆ ਇਹ ਮੀਡੀਆ ਸਹਾਈ ਹੋਣ ਯੋਗ ਹੈ ਜਿਸ ਦਾ ਸਫਲ ਤੇ ਭਰਪੂਰ ਹੁੰਗਾਰਾ ਦੇਸ਼ਾਂ ਵਿਦੇਸ਼ਾਂ ਵਿਚ ਰਹਿੰਦੇ ਗੁਰਸਿੱਖ ਜਗਿਆਸੂਆਂ ਵੱਲੋਂ ਮਿਲਿਆ ਹੈ। ਵੀ.ਡੀ.ਓ ਫਿਲਮਾਂ ਦੀਆਂ ਵਿਦੇਸ਼ਾਂ ਵਿਚ ਲਾਇਬ੍ਰੇਰੀਆਂ ਕਾਇਮ ਹੋਣ ਨਾਲ ਜੋ ਕਿ ਯੂਰਪ ਦੇ ਦੇਸ਼ਾਂ, ਇੰਗਲੈਂਡ, ਅਮਰੀਕਾ, ਕੈਨੇਡਾ, ਹਾਲੈਂਡ, ਜਰਮਨੀ, ਇਟਲੀ, ਗਰੀਸ ਅਤੇ ਏਸ਼ੀਆ, ਤੇ ਅਰਬ ਦੇਸਾਂ, ਹਾਂਗਕਾਂਗ, ਮਲੇਸ਼ੀਆ, ਆਸਟਰੇਲੀਆ, ਡੁਬਈ, ਮਸਕਟ ਅਤੇ ਕੁਵੈਤ ਆਦਿ

(ਬਾਕੀ ਪੰਨਾ 26 ਤੇ)

# ............ਸੁ ਅੰਮ੍ਰਿਤੁ ਗੁਰ ਤੇ ਪਾਇਆ॥

*ਡਾ. ਸ਼ਮਸ਼ੇਰ ਸਿੰਘ*

*ਪੰਜਾਬੀ ਯੂਨੀਵਰਸਿਟੀ,*

*ਪਟਿਆਲਾ।*

ਸੰਸਾਰ ਦੇ ਲਗ-ਭਗ ਸਾਰੇ ਧਰਮਾਂ ਨੇ ਅੰਮ੍ਰਿਤ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿਚ ਕੀਤਾ ਹੈ ਭਾਵੇਂ ਇਸ ਲਈ ਸ਼ਬਦ ਹੋਰ ਵਰਤੇ ਗਏ ਹਨ। ਗੱਲ ਇਥੇ ਸ਼ਬਦ ਜਾਂ ਭਾਸ਼ਾ ਦੀ ਨਹੀਂ ਹੈ, ਅਸਲ ਗੱਲ ਤਾਂ ਮਨੁੱਖ ਦੀ ਹੈ ਜੋ ਧਰਮ ਦਾ ਕੇਂਦਰੀ ਬਿੰਦੂ ਹੈ। ਮਨੁੱਖ ਨੂੰ ਇਤਨਾ ਗਿਆਨ ਜ਼ਰੂਰ ਹੈ ਕਿ ਉਹ ਮਰਨ ਹਾਰ ਹੈ ਅਤੇ ਇਹ ਸਾਰਾ ਸੰਸਾਰ ਵੀ ਅੰਤਮ ਰੂਪ ਵਿਚ ਨਾਸ਼ ਹੋਣ ਵਾਲੀ ਵਸਤ ਹੈ ਪ੍ਰੰਤੂ ਇਸ ਦੇ ਬਾਵਜੂਦ ਮਨੁੱਖ ਫਿਰ ਵੀ ਅਮਰ ਹੋਣਾ ਲੋਚਦਾ ਹੈ, ਮੌਤ ਉਤੇ ਜਿੱਤ ਪ੍ਰਾਪਤ ਕਰਨਾ ਚਾਹੁੰਦਾ ਹੈ। ਮਨੁੱਖ ਦੀ ਇਸ ਲਾਲਸਾ ਨੇ ਅੰਮ੍ਰਿਤ ਦੇ ਸੰਕਲਪ ਨੂੰ ਜਨਮ ਦਿਤਾ।

ਅੰਮ੍ਰਿਤ ਕੀ ਹੈ -

ਅੰਮ੍ਰਿਤ ਇਕ ਸਫਲ ਜੀਵਨ ਜਾਂਚ ਹੈ, ਇਕ ਆਦਰਸ਼ ਹੈ, ਚੜ੍ਹਦੀ ਕਲਾ ਦਾ ਪ੍ਰੀਤਕ ਹੈ, ਆਪੇ ਦੀ ਸੋਝੀ ਉਪਰੰਤ ਸਵੈਮਾਨ ਤੇ ਹੋਂਦ ਭਰੀ ਜ਼ਿੰਦਗੀ ਹੈ। ਬਿਖ-ਮਈ ਜੀਵਨ ਨੂੰ ਮਾਰ ਕੇ ਅਮਰ ਜੀਵਨ ਜੀਉਣ ਦੀ ਜਾਂਚ ਹੈ। ਸੰਸਾਰ ਰੂਪੀ ਬ੍ਰਿਛ ਨੂੰ ਦੋ ਫਲ, ਅੰਮ੍ਰਿਤ ਤੇ ਬਿਖ ਦੇ ਲੱਗੇ ਹੋਏ ਹਨ। ਪ੍ਰਭੂ ਰੂਪ ਗੁਰੂ ਜਿਸ ਤੇ ਕਿਰਪਾ ਕਰਦਾ ਹੈ, ਉਸਨੂੰ ਅੰਮ੍ਰਿਤ ਦਾ ਫਲ ਦਿੰਦਾ ਹੈ। ਅੰਮ੍ਰਿਤ ਇਕ ਐਸਾ ਰਸ ਹੈ ਜਿਸਨੂੰ ਗੁਰੂ ਸਾਹਿਬ ਨੇ ਆਤਮ ਰਸ ਵੀ ਕਿਹਾ ਹੈ। ਇਸਦੇ ਸੇਵਨ ਕਰਨ ਨਾਲ ਜਨਮ ਮਰਨ ਦਾ ਗੇੜ ਕੱਟਿਆ ਜਾਂਦਾ ਹੈ ਭਾਵ ਅਮਰਤਾ ਪ੍ਰਾਪਤ ਹੁੰਦੀ ਹੈ।

ਅੰਮ੍ਰਿਤ ਦੁਰਲਭ ਹੁੰਦਾ ਹੋਇਆ ਵੀ ਗੁਰੂ ਦੀ ਕਿਰਪਾ ਦੁਆਰਾ ਲੱਭਦਾ ਹੈ। ਇਹ ਗੁਰੂ ਦੀ ਸੇਵਾ ਕਰਨ ਨਾਲ ਲਭਦਾ ਹੈ - ***"ਤੂੰ ਭਾਣੈ ਅੰਮ੍ਰਿਤ ਪੀਆਵਣਿਆ॥" (ਪੰਨਾ 119)*** ਗੁਰੂ ਆਪਣੇ ਸ਼ਬਦ ਰਾਹੀਂ ਮਨੁੱਖੀ ਮਨ ਵਿਚੋਂ ਵਿਕਾਰਾਂ ਦਾ ਨਾਸ਼ ਕਰ ਦਿੰਦਾ ਹੈ। ਫਿਰ ਮਨ ਨਿਰਮਲ ਹੋਣ ਤੇ ਉਸਦੀ ਸੋਚਣੀ ਪਵਿਤਰ ਕਰਮਾਂ ਵਲ ਪ੍ਰੇਰਤ ਹੋਵੇਗੀ। ਇਸ ਪ੍ਰਕਾਰ ਮਨ ਵਿਚ ਨਾਮ ਦੇ ਵਸਣ ਨਾਲ ਤਨ ਵੀ ਅੰਮ੍ਰਿਤਮਈ ਹੋ ਜਾਵੇਗਾ। ਐਸੇ ਅੰਮ੍ਰਿਤਮਈ ਬ੍ਰਿਛ ਨੂੰ ਗੁਰੂ ਨਾਨਕ ਸਾਹਿਬ ਨੇ ਬੀਜਿਆ, ਬਾਕੀ ਅੱਠ ਗੁਰੂ ਸਾਹਿਬਾਨ ਨੇ ਇਸ ਬ੍ਰਿਛ ਨੂੰ ਪਾਲਿਆ, ਸੰਭਾਲਿਆ ਤੇ ਇਸ ਦਾ ਫਲ ਦਸਮ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆ ਕੇ ਫਲਿਆ ਤੇ ਪੱਕਿਆ ਜਿਸਨੂੰ ਗੁਰੂ ਸਾਹਿਬਾਂ ਨੇ ਖਾਲਸਾ (ਸ਼ੁਧ) ਕਿਹਾ; ਖਾਲਸੇ, ਗੁਰੂ ਤੇ ਪ੍ਰਭੂ ਵਿਚ ਕੋਈ ਅੰਤਰ ਨਹੀਂ ਹੈ -

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*

*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*

ਇਸ ਅੰਮ੍ਰਿਤ ਰੂਪੀ ਫਲ ਦੀ ਸੋਝੀ ਤੇ ਸੁਆਦ ਸਚੇ ਗੁਰੂ ਤੋਂ ਬਿਨਾਂ ਨਹੀਂ ਚੱਖਿਆ ਜਾ ਸਕਦਾ। ਕਿਉਂਕਿ ਮਨੁੱਖ ਦੇ ਸਰੀਰ ਵਿਚ ਬਿਖ ਤੇ ਅੰਮ੍ਰਿਤ ਦੋਵੇਂ ਤੱਤ ਮੌਜੂਦ ਹਨ। ਪ੍ਰਭੂ ਨਾਲੋਂ ਲਿਵ ਟੁੱਟਣ ਨਾਲ, ਸੰਸਾਰ ਦੇ ਮੋਹ ਮਾਇਆ (ਅਗਿਆਨਤਾ, ਭਰਮ) ਨੇ ਗਲਬਾ ਪਾ ਲਿਆ, ਅੰਮ੍ਰਿਤ ਤੱਤ ਇਨ੍ਹਾਂ ਪਦਾਰਥਾਂ ਦੇ ਮੈਲੇ ਪ੍ਰਭਾਵ ਨੇ ਮੈਲਾ ਕਰ ਦਿਤਾ, ਇਹ ਸਰੀਰ ਰੂਪੀ ਭਾਂਡਾ ਵੀ ਵਿਕਾਰਾਂ ਨਾਲ ਭਰ ਗਿਆ। ਇਸ ਮਨੁੱਖ ਨੂੰ ਅੰਮ੍ਰਿਤ ਦੀ ਸੋਝੀ ਨਾ ਰਹੀ। ਨਤੀਜਾ ਇਹ ਹੋਇਆ ਕਿ ਮਨੁੱਖ ਅੰਦਰ ਗੈਰਤ ਨਾ ਰਹੀ, ਆਤਮਾ ਕਮਜ਼ੋਰ ਹੋ ਗਈ। ਜਦੋਂ ਜੀਵਨ ਦੇਣ ਵਾਲਾ ਤੱਤ (ਅੰਮ੍ਰਿਤ) ਬਿਖ ਦੇ ਪ੍ਰਭਾਵ ਹੇਠਾਂ ਆ ਜਾਵੇ ਤਾਂ ਮਨ ਵਿਕਾਰੀ ਹੋ ਜਾਂਦਾ ਹੈ, ਸ਼ੈਤਾਨੀਅਤ ਗਲਬਾ ਪਾ ਲੈਂਦੀ ਹੈ। ਸੱਚੇ ਗੁਰੂ ਤੋਂ ਬਿਨਾਂ ਮਨੁੱਖੀ ਜੀਵਨ ਅੰਦਰ ਜਤਿ, ਧੀਰਜ, ਮਤਿ, ਵੇਦ (ਗਿਆਨ) ਭਉ, ਤਪ, ਸਚ, ਦ੍ਰਿੜਤਾ ਆਦਿ ਗੁਣ ਆਪਣਾ ਅਸਲ ਸਰੂਪ ਗੁਆ ਬੈਠਦੇ ਹਨ। ਇਸ ਪ੍ਰਕਾਰ ਦੇ ਗੁਣਾਂ ਰੂਪੀ ਮਨੁੱਖੀ ਭਾਂਡੇ ਜਿਸ ਵਿਚ ਅੰਮ੍ਰਿਤ ਸੀ, ਉਹ ਅੰਮ੍ਰਿਤ ਗੁਆਚ ਗਿਆ। ਗੁਰੂ ਨਾਨਕ ਪਾਤਸ਼ਾਹ ਨੇ ਇਸ ਅੰਮ੍ਰਿਤ ਰੂਪੀ ਭਾਂਡੇ ਨੂੰ ਸੁਆਰਨ ਲਈ 1499 ਈਸਵੀ ਨੂੰ ਅਕਾਲ ਪੁਰਖ ਦੇ ਦਰ ਤੋਂ ਉਸਦੇ ਹੁਕਮ ਅਧੀਨ ਸਾਰੀ ਧਰਤ ਲੋਕਾਈ ਨੂੰ ਸੋਧਣ ਲਈ ਘਰੋਂ ਨਿਕਲ ਤੁਰੇ। ਸੰਸਾਰ ਅੰਦਰ ਰਾਜਸੀ ਗੁਲਾਮੀ ਤੇ ਧਾਰਮਕ ਕਰਮ ਕਾਂਡਾਂ ਨੇ ਮਨੁੱਖੀ ਭਾਂਡੇ ਨੂੰ ਨਿਕਾਰਾ ਕਰ ਦਿਤਾ ਸੀ।

ਗੁਰੂ ਨਾਨਕ ਨੇ -

ਮਨੁੱਖੀ ਜਤਿ (ਸਵੈ ਸੰਜਮ ਕੀ ਕਿਰਿਆ) ਨੂੰ ਪਹਾਰਾ (ਸੁਨਾਰ ਦੇ ਕੰਮ ਕਰਨ ਦੀ ਥਾਂ) ਬਣਾਇਆ, ਧੀਰਜ ਰੂਪੀ ਸੁਨਿਆਰੇ ਨਾਲ ਇਸ ਜਤਿ ਧਾਰਨ ਕਰਨ ਵਾਲੇ ਮਨ ਨੂੰ ਸਹਿਜੇ ਸਹਿਜੇ ਸ਼ਬਦ ਦੀ ਸੱਟ ਮਾਰਨੀ ਸ਼ੁਰੂ ਕੀਤੀ। ਇਸ ਕਾਰਜ ਵਿਚ ਮਤਿ ਰੂਪੀ ਅਹਰਣ ਨੂੰ ਹੇਠਾਂ (ਨਿਮਰਤਾ ਭਾਵ) ਵਿਚ ਰੱਖ ਕੇ, ਵੇਦ ਰੂਪੀ ਗਿਆਨ ਦਾ ਹਥੌੜਾ ਵਰਤਿਆ, ਪ੍ਰਭੂ ਦੇ ਨਿਰਮਲ ਭਉ (ਅਨੁਸ਼ਾਸ਼ਨ ਵਿਚ ਰੱਖਣ ਵਾਲਾ ਡਰ) ਦੀ ਧੌਂਕਣੀ ਵਰਤੀ, ਦ੍ਰਿੜਤਾ ਰੂਪੀ ਅਗਨੀ ਉਤੇ ਆਸਤੇ ਆਸਤੇ ਸੇਕ ਲਗਾਇਆ ਤਾਂ ਇਹ ਅੰਮ੍ਰਿਤ ਨੂੰ ਸੰਭਾਲਣ ਵਾਲਾ ਸਿੱਖ ਰੂਪੀ ਭਾਂਡਾ ਤਿਆਰ ਹੋਇਆ। ਇਸ ਭਾਂਡੇ ਦੀ ਘਾੜਤ ਅੰਦਰੋਂ ਤੇ ਬਾਹਰੋਂ ਦੋਵਾਂ ਪਾਸਿਆਂ ਤੋਂ ਕਰਨ ਦਾ ਸੰਕਲਪ ਧਾਰਿਆ-

*ਜਤੁ ਪਾਹਾਰਾ ਧੀਰਜੁ ਸੁਨਿਆਰੁ॥*

*ਅਹਰਣਿ ਮਤਿ ਵੇਦੁ ਹਥਿਆਰੁ॥*

*ਭਉ ਖਲਾ ਅਗਨਿ ਤਪ ਤਾਉ॥*

*ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥* *ਪੰਨਾ - 8*

ਮਨੁੱਖ ਦੇ ਅੰਦਰ ਤਾਂ ਅੰਮ੍ਰਿਤ ਦਾ ਖੂਹ ਭਰਿਆ ਹੋਇਆ ਹੈ ਜੋ ਮਨੁੱਖ ਜਨਮ ਸਮੇਂ ਨਾਲ ਹੀ ਲੈ ਕੇ ਆਇਆ ਹੈ। ਪ੍ਰੰਤੂ ਇਸ ਦੀ ਸੋਝੀ ਨਾ ਹੋਣ ਕਰਕੇ ਉਹ ਇਸਨੂੰ ਬਾਹਰ ਢੂੰਡਦਾ ਫਿਰਦਾ ਹੈ। ਗੁਰੂ ਹੀ ਐਸੀ ਸ਼ਕਤੀ ਹੈ ਜੋ ਬਾਹਰ ਦੀ ਢੂੰਡ ਤੋਂ ਮੁਕਤ ਕਰਾ ਕੇ ਅੰਦਰ (ਘਟ ਵਿਚ) ਹੀ ਇਸ ਅੰਮ੍ਰਿਤ ਦੀ ਸੋਝੀ ਕਰਾ ਸਕਦਾ ਹੈ -

*ਬਾਹਰ ਢੂੰਢਨ ਤੇ ਛੂਟ ਪਰੇ ਗੁਰਿ ਘਰਿ ਹੀ ਮਾਹਿ ਦਿਖਾਇਆ ਥਾ॥*
*ਪੰਨਾ - 1002*

ਇਸ ਅੰਤਰ ਵਸੇ ਅੰਮ੍ਰਿਤ ਨੂੰ ਗੁਰੂ ਸ਼ਬਦ ਦੇ ਡੋਲ ਤੇ ਸੁਰਤ ਦੀ

ਲੱਜ ਨਾਲ ਕੱਢਿਆ ਜਾ ਸਕਦਾ ਹੈ। ਸ਼ਬਦ, ਪ੍ਰਭੂ ਦਾ ਸੂਖਮ ਰੂਪ ਹੈ, ਇਸਦੀ ਸਾਰ ਸੁਰਤ ਹੀ ਲੈ ਸਕਦੀ ਹੈ -

*ਅੰਤਰਿ ਖੂਹਟਾ ਅੰਮ੍ਰਿਤ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ।।*

*ਪੰਨਾ - 570*

ਗੁਰੂ ਨਾਨਕ ਨੇ ਮਨੁੱਖ ਦੇ ਅੰਦਰ ਸਥਿਤ ਅੰਮ੍ਰਿਤ ਨੂੰ ਲੱਭਣ ਦੀ ਜਗਿਆਸਾ ਸਿੱਖ ਦੇ ਮਨ ਅੰਦਰ ਪੈਦਾ ਕੀਤੀ। ਨਲਕੇ ਅੰਦਰ ਪਾਣੀ ਤਾਂ ਹੁੰਦਾ ਹੈ, ਇਸੇ ਤਰ੍ਹਾਂ ਇਸ ਅੰਮ੍ਰਿਤ ਦੀ ਦਾਤ ਨੂੰ ਅੰਤਰ ਆਤਮੇ ਵਿਚੋਂ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਮਨੁੱਖ ਦੀ ਬਾਹਰੀ ਪ੍ਰਕ੍ਰਿਆ ਇਸ ਪ੍ਰਕਾਰ ਦੀ ਹੋਵੇ, ਜਿਸ ਵਿਚ ਮਨ ਦੀ ਨਿਮਰਤਾ, ਆਪਾ ਸਮਰਪਣ, ਹਉਮੈ ਦੀ ਨਵਿਰਤੀ ਆਦਿ ਗੁਣ ਧਾਰਨ ਕਰਨੇ ਜ਼ਰੂਰੀ ਹਨ। ਗੁਰੂ ਨਾਨਕ ਨੇ ਇਸ ਸਮੱਸਿਆ ਦਾ ਹੱਲ ਇਸ ਤਰ੍ਹਾਂ ਲੱਭਿਆ ਕਿ ਸਿਰ, ਜੋ ਹਉਮੈ ਦਾ ਪ੍ਰਤੀਕ ਹੈ, ਪੈਰਾਂ ਉਪਰ ਝੁਕਾਉਣ ਦੀ ਰੀਤ ਚਲਾ ਦਿਤੀ। ਚਰਨ ਪਾਹੁਲ (ਚਰਨਾਂ ਨੂੰ ਧੋ ਕੇ ਜਲ ਪਿਲਾਉਣ ਦੀ ਰਸਮ) ਨੂੰ ਚਾਲੂ ਕੀਤਾ, ਬਾਕੀ ਗੁਰੂ ਸਾਹਿਬਾਨ ਨੇ ਇਸਨੂੰ ਪ੍ਰਚਾਰਿਆ ਤੇ ਪ੍ਰਸਾਰਿਆ -

*ਚਰਨ ਧੋਇ ਰਹਿਰਾਸ ਕਰ*

*ਚਰਨਾ ਮ੍ਰਿਤ ਸਿਖਾ ਪੀਲਾਯਾ।। ਭਾਈ ਗੁਰਦਾਸ ਜੀ - ਵਾਰ 1/23*

ਅੰਮ੍ਰਿਤ ਦੀ ਲੋੜ -

ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਅੰਮ੍ਰਿਤ ਆਪੇ ਦੀ ਸੋਝੀ ਹੈ, ਇਕ ਆਦਰਸ਼ ਜੀਵਨ ਹੈ, ਅਣਖ, ਗੈਰਤ ਤੇ ਪਤਿ ਵਾਲੀ ਜ਼ਿੰਦਗੀ ਜੀਉਣ ਦਾ ਨਾਂ ਹੈ -

ਅੰਮ੍ਰਿਤ ਉਹ ਸ਼ਕਤੀ ਹੈ ਜੋ ਮੁਰਦਿਆਂ ਨੂੰ ਸੁਰਜੀਤ ਕਰ ਦਿੰਦੀ ਹੈ। ਇਹ ਪਵਿਤਰਤਾ, ਸਵੈਮਾਨ, ਗੈਰਤ, ਤਾਜ਼ਗੀ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਸਿੱਖ ਦਾ ਗੁਰੂ ਤੇ ਆਪਣੇ ਆਪ ਨਾਲ ਇਕ ਪ੍ਰਣ ਹੈ, ਸਿਰ ਦੇਣ ਦੀ ਕੁਰਬਾਨੀ ਕਰਨੀ ਪੈਂਦੀ ਹੈ। ਪਿਆਰ ਦਾ ਰਸਤਾ ਹੈ, ਇਸ ਵਿਚ ਦੇਣਾ ਹੀ ਦੇਣਾ ਹੈ; ਮੰਗਣਾ ਕੁਝ ਨਹੀਂ ਹੁੰਦਾ। ਇਸ ਰਸਤੇ ਤੇ ਚੱਲਣ ਉਪਰੰਤ ਪੈਰ ਪਿਛੇ ਵਲ ਨਹੀਂ ਪੁੱਟਣਾ ਹੁੰਦਾ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਵਾਸੀਆਂ ਅੰਦਰ ਇਹ ਗੈਰਤ, ਸਵੈ-ਮਾਨ, ਆਦਰਸ਼ ਤੇ ਪਤਿ ਵਾਲੇ ਗੁਣ ਸਭ ਅਲੋਪ ਹੋ ਚੁਕੇ ਸਨ। ਇਨ੍ਹਾਂ ਦਾ ਕਾਰਨ ਸਚੇ ਗੁਰੂ ਦੀ ਘਾਟ, ਜੀਵਨ ਜਾਂਚ ਤੋਂ ਅਗਿਆਨਤਾ ਤੇ ਅੰਮ੍ਰਿਤਮਈ ਜੀਵਨ ਦੀ ਸੋਝੀ ਦਾ ਨਾ ਹੋਣਾ ਸੀ। ਭਾਰਤ ਵਾਸੀਆਂ ਦੀ ਆਪਸੀ ਫੁਟ ਤੇ ਵਿਦੇਸ਼ੀ ਹਮਲਾਆਵਰਾਂ ਦੇ ਕਾਬਜ ਹੋਣ ਨਾਲ ਗੁਲਾਮੀ, ਜਾਤ ਪਾਤ, ਧਾਰਮਕ, ਕਰਮ ਕਾਂਡੀ ਜੀਵਨ ਆਦਿ ਇਸ ਜਲਾਲਤ ਦਾ ਕਾਰਨ ਸਨ। ਹਰ ਵਿਅਕਤੀ ਆਪਣਾ ਫਰਜ਼ ਭੁੱਲ ਬੈਠਾ ਸੀ, ਖਤਰੀ (ਦੇਸ ਰਖਸ਼ਾ) ਦਾ ਧਰਮ (ਫਰਜ਼) ਛੱਡ ਕੇ ਬਲ-ਹੀਣ ਹੋ ਚੁੱਕੇ ਸਨ, ਵਿਦੇਸ਼ੀ ਭਾਖਿਆ, ਪਹਿਰਾਵਾ, ਬੋਲੀ, ਪੂਜਾ ਪਾਠ ਤੇ ਸਭਿਆਚਾਰ ਜਬਰਦਸਤੀ ਠੋਸਿਆ ਜਾ ਰਿਹਾ ਸੀ। ਘਰ ਘਰ, ਪਿਤਾ ਲਈ 'ਮੀਆਂ' ਦੀ ਬੋਲੀ ਬੋਲੀ ਜਾਂਦੀ ਸੀ, ਅੰਤਰ ਪੂਜਾ ਤੇ ਬਾਹਰ ਕਤੇਬਾਂ ਦਾ ਪਾਠ ਪਠਨ ਹੁੰਦਾ ਸੀ। ਇਹ ਸਭ ਪੱਖੀ ਗਿਰਾਵਟ ਦੀ ਵਾਰਤਾ 1499, ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰ ਦੌਰਿਆਂ ਸਮੇਂ ਦੇਸ਼ ਵਿਚ ਆਮ ਪ੍ਰਚੱਲਤ ਹੋ ਚੁੱਕੀ ਸੀ। ਸਾਰਾ ਭਾਰਤ ਵਰਸ਼ ਗੁਲਾਮੀ ਤੇ ਬਿਖ ਵਾਲਾ ਜੀਵਨ ਜੀਅ ਰਿਹਾ ਸੀ।

ਗੁਰੂ ਨਾਨਕ ਨੇ 'ਨਿਰਮਲ ਪੰਥ' ਦੀ ਸਾਜਨਾ ਕਰਕੇ 'ਸਗਲ ਜਗਾਤੀ' ਦੇ ਲੋਕਾਂ ਨੂੰ ਮਾਨਸਿਕ, ਆਤਮਿਕ, ਸਰੀਰਕ ਤੌਰ ਤੇ ਚੇਤਨ ਕੀਤਾ, ਸਵੈਮਾਨ ਤੇ ਪਤਿ ਵਾਲਾ, ਆਦਰਸ਼ਕ ਜੀਵਨ ਜੀਉਣ ਲਈ ਛੂਤ-ਛਾਤ, ਅਮੀਰੀ-ਗਰੀਬੀ, ਬੋਲੀ, ਵਰਣ-ਆਸ਼ਰਮ ਤੋਂ ਉਪਰ ਉਠ ਕੇ ਇਕ ਐਸੇ 'ਸਿਖ' ਨੂੰ ਸਾਜਣ ਦਾ ਸੰਕਲਪ ਬਣਾਇਆ ਜੋ ਅੰਮ੍ਰਿਤ-ਮਈ ਜੀਵਨ ਜੀਅ ਸਕੇ।

ਇਸ ਪ੍ਰਕਾਰ ਦੇ ਆਦਰਸ਼ ਸਿੱਖ ਦੀ ਘਾੜਤ 200 ਸਾਲ 1499 ਤੋਂ 1699) ਤਕ ਹੁੰਦੀ ਰਹੀ। ਉਸਨੂੰ ਅੰਦਰੋਂ ਤੇ ਬਾਹਰੋਂ ਸੁਆਰਿਆ ਜਾਂਦਾ ਰਿਹਾ। ਇਸ ਘਾੜਤ ਦਾ ਉਤਮ ਨਮੂਨਾ ਗੁਰੂ ਸਾਹਿਬ ਆਪ ਸਨ। ਸਿੱਖ ਤੋਂ ਸਿੰਘ ਤੱਕ ਦੇ ਸਫਰ ਦੀਆਂ ਸਾਰੀਆਂ ਔਕੜਾਂ, ਮੁਸੀਬਤਾਂ ਨੂੰ ਜਰ ਕੇ ਸਾਜੇ ਜਾਣ ਵਾਲੇ 'ਖਾਲਸੇ' ਨੂੰ ਪੂਰੀ ਟਰੇਨਿੰਗ ਦਿਤੀ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਮਹਾਰਾਜ ਦੁਆਰਾ ਸਿਖ ਦੇ ਅੰਦਰੋਂ ਪ੍ਰਗਟ ਕੀਤੇ ਅੰਮ੍ਰਿਤ ਨਾਲ, ਬਾਹਰੋਂ ਉਸੇ ਗੁਰੂ ਦੀ ਅੰਮ੍ਰਿਤਮਈ ਬਾਣੀ ਦੁਆਰਾ ਤਿਆਰ ਕੀਤੇ ਅੰਮ੍ਰਿਤ ਨੂੰ ਪਿਲਾ ਕੇ ਉਸਦੀ ਸਾਰੀ ਸਖਸ਼ੀਅਤ ਅੰਮ੍ਰਿਤ ਮਈ ਬਣਾ ਦਿਤੀ। ਉਸਦਾ ਨਾਂ 'ਖਾਲਸਾ' (ਪੂਰਨ ਰੂਪ ਵਿਚ ਖਾਲਸ) ਰੱਖਿਆ। ਖਾਲਸੇ ਦੇ ਸਿਰ ਵਿਚ ਪੰਜ ਚੂਲੇ ਪਾ ਕੇ ਗੁਲਾਮੀ ਤੇ ਜਲਾਲਤ ਭਰੇ ਸੰਸਕਾਰਾਂ ਨੂੰ ਹਮੇਸ਼ਾਂ ਲਈ ਕੱਢ ਦਿਤਾ, ਮੂੰਹ ਵਿਚ ਪੰਜ ਚੂਲੇ ਪਾ ਕੇ ਉਸਦੀ ਸੁਰਤ, ਮਤਿ, ਮਨ ਤੇ ਬੁੱਧੀ ਨੂੰ ਪੂਰਨ ਰੂਪ ਵਿਚ ਸੁਚੇਤ ਕਰ ਦਿਤਾ, ਅੱਖਾਂ ਵਿਚ ਪੰਜ ਚੂਲੇ ਪਾ ਕੇ ਦੂਈ ਦ੍ਵੈਤ ਦੀ ਮੈਲੀ ਦ੍ਰਿਸ਼ਟੀ ਦਾ ਖਾਤਮਾ ਕਰ ਦਿਤਾ। ਸੰਗਤ ਨੂੰ ਖਾਲਸਾ ਬਣਾ ਕੇ ਜਨਮ ਸੁਹੇਲਾ ਬਣਾ ਦਿਤਾ।

*ਪੀਤੈ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ।।*

ਖਾਲਸੇ ਦਾ ਧਰਮ, ਅਕਾਲ ਪੁਰਖ ਸਿਮਰਨ ਦਾ ਧਰਮ ਬਣ ਗਿਆ, 'ਅੰਤਰ ਪੂਜਾ' ਤੇ 'ਬਾਹਰ ਕਤੇਬਾਂ' ਵਾਲਾ ਗੁਲਾਮੀ ਅਧੀਨ ਕਬੂਲਿਆ ਭੇਦ ਭਰਮ ਵਾਲਾ ਧਰਮ ਖਤਮ ਹੋ ਗਿਆ। ਜਾਤ-ਪਾਤ, ਵਰਣ-ਆਸ਼ਰਮ ਦਾ ਖਾਤਮਾ ਹੋ ਕੇ, ਹਿੰਦੂ ਤੁਰਕ, ਰਾਫ਼ਜੀ ਤੇ ਇਮਾਮ ਸਾਫੀ ਸਭ ਨੂੰ ਮਾਨਸ ਦੀ ਇਕੋ ਜਾਤ ਮੰਨਿਆ ਜਾਣ ਲੱਗਾ, ਪੂਜਾ ਪਾਠ ਦੇ ਵਖਰੇਵਿਆਂ ਨੂੰ ਇਕ ਕਰਕੇ ਦੇਹੁਰਾ ਤੇ ਮਸੀਤ ਇਕ ਅਕਾਲ ਪੁਰਖ ਦੇ ਸਥਾਨ ਬਰਾਬਰ ਸਮਝੇ ਜਾਣ ਲੱਗੇ, ਵੇਦ ਕਤੇਬ ਦਾ ਫਰਕ ਖਤਮ ਹੋ ਕੇ ਇਕ ਐਸਾ ਸ਼ਬਦ ਦਾ ਗਿਆਨ ਸਾਹਮਣੇ ਆਇਆ ਜਿਸ ਨੂੰ ਸਾਰਾ ਸੰਸਾਰ ਮੰਨ ਸਕਦਾ ਹੈ। ਸ਼ਬਦ ਧਰਮ ਦੀ ਪੂਜਾ ਦ੍ਰਿੜ ਹੋਈ, ਬੋਲੀ ਦਾ ਕਿਸੇ ਉਤੇ ਠੋਸਣ ਦੀ ਗੱਲ ਖਤਮ ਹੋ ਕੇ, ਸਭ ਬੋਲੀਆਂ ਦਾ ਆਪਣਾ ਆਪਣਾ ਮਾਣ ਸਤਿਕਾਰ ਕਾਇਮ ਕੀਤਾ ਗਿਆ। ਇਹ ਸਭ ਅੰਮ੍ਰਿਤ ਦੀ ਕਰਾਮਾਤ ਸੀ ਜੋ ਦਸਮ ਪਾਤਸ਼ਾਹ ਨੇ ਪ੍ਰਗਟ ਕੀਤੀ। ਸਿਖ ਤੋਂ ਸਿੰਘ ਤਕ ਦਾ ਸਫਰ ਪੂਰਾ ਹੋਇਆ। ਖੰਡਾ ਜੋ ਅਕਾਲ ਪੁਰਖ ਦੀ ਸ਼ਕਤੀ ਦਾ ਪ੍ਰਤੀਕ ਹੈ, ਦੀ ਪਹੁਲ ਦੇਣ ਨਾਲ ਸਿੰਘ ਨੂੰ ਕੁਦਰਤ ਵਲੋਂ ਬਖਸ਼ਿਆ ਸਰੂਪ ਧਾਰਨ ਕਰਨ ਦਾ ਹੁਕਮ ਹੋਇਆ। ਇਹ ਸਰੂਪ ਮੁੜ (ਸਾਬਤ ਸੂਰਤ, ਲੰਬੜੇ ਵਾਲਾਂ) ਵਾਲਾ ਰਿਸ਼ੀਆਂ ਮੁਨੀਆਂ, ਪੀਰਾਂ , ਪੈਗੰਬਰਾਂ ਦਾ ਸਰੂਪ ਖਾਲਸੇ ਨੂੰ ਬਖਸ਼ਿਆ। ਇਹ ਸੂਰਤ ਲਗ-ਭਗ ਅੱਠ ਸਦੀਆਂ (ਨੌਵੀਂ ਸਦੀ ਤੋਂ ਸੌਲਵੀਂ ਸਦੀ ਤਕ) ਬਾਦ ਮੁੜ ਸੁਰਜੀਤ ਹੋਈ। ਹਿੰਦੋਸਤਾਨੀਆਂ ਦੇ ਗੁਲਾਮ ਹੋਣ ਕਾਰਨ, ਵੱਡੀ ਤੋਂ ਵੱਡੀ ਸਜ਼ਾ

ਦੇਣ ਲਈ ਉਨ੍ਹਾਂ ਦੇ ਵਾਲ ਕੱਟ ਦਿਤੇ ਜਾਂਦੇ ਸਨ। ਇਹ ਹੀਣਤਾ ਭਰੀ ਜ਼ਿੰਦਗੀ ਖਤਮ ਕਰਕੇ ਅੰਮ੍ਰਿਤ ਦੀ ਸ਼ਕਤੀ ਨੇ ਪਤਿ ਵਾਲੀ ਜ਼ਿੰਦਗੀ ਮੁੜ ਸੁਰਜੀਤ ਕੀਤੀ। ਸਿੰਘ ਦੇ ਵਾਲਾਂ ਨੂੰ ਗੁਰੂ ਦੀ ਮੁਹਰ ਦ੍ਰਿੜ ਕਰਾਇਆ ਗਿਆ। ਬਾਕੀ ਦੇ ਚਾਰ ਕਕਾਰਾਂ ਦਾ ਵੀ ਆਪੋ ਆਪਣਾ ਮਹੱਤਵ ਹੈ ਜਿਹੜਾ ਇਥੇ ਵਰਣਨ ਕਰਨ ਨਾਲ ਲੇਖ ਵੱਡਾ ਹੋਣ ਦਾ ਡਰ ਹੈ।

*ਨਿਸ਼ਾਨਿ ਸਿੱਖੀ ਅਸਤ ਈਂ ਪੰਜ ਹਰਫ ਕਾਫ॥*

*ਬਿਨਾ ਕੇਸ ਹੇਚ ਅਸਤ ਜੁਮਲਾ ਨਿਸ਼ਾਨ॥*

ਅੰਮ੍ਰਿਤ ਕੇਵਲ ਪਾਣੀ, ਸਰਬ ਲੋਹ ਦਾ ਬਾਟਾ, ਪਤਾਸ਼ੇ, ਖੰਡਾ ਤੇ ਬਾਣੀ ਦਾ ਮੇਲ ਕੋਈ ਸਧਾਰਨ ਮੇਲ ਨਹੀਂ। ਇਹ ਪੰਜੇ ਤੱਤ ਵਸਤੂਆਂ ਆਪਣੇ ਅੰਦਰ ਅਗੰਮੀ ਰਹੱਸ ਲੁਕਾਈ ਬੈਠੀਆਂ ਹਨ।

**ਪਾਣੀ** - ਜੀਓ ਹੈ, ਜਾਨ ਬਖਸ਼ਣ ਵਾਲਾ ਹੈ, ਜੀਵਨ ਨੂੰ ਹਰਾ ਭਰਾ ਰੱਖਣ ਵਾਲਾ ਹੈ, ਇਹ ਪਿਤਾ ਸਮਾਨ ਹੈ, ਅੰਮ੍ਰਿਤ ਹੈ, ਪਵਿਤਰਤਾ ਤੇ ਪਰਉਪਕਾਰੀ ਭਾਵਨਾ ਵਾਲਾ ਹੈ, ਉਤਪਤੀ ਦਾ ਸ੍ਰੋਤ ਹੈ; ਨਿਮਾਣ ਵਲ ਵਗਦਾ ਹੈ, ਇਸ ਲਈ ਨਿਮਰਤਾ ਦਾ ਪ੍ਰਤੀਕ ਹੈ, ਕੁਰਬਾਨੀ ਦਾ ਮਾਦਾ ਰਖਦਾ ਹੈ, ਲਕੜ ਦੇ ਨਾਲ ਲੋਹੇ (ਭਾਰੇ ਪਾਪੀ) ਨੂੰ ਵੀ ਤਾਰ ਦਿੰਦਾ ਹੈ। ਸਿੰਘ ਨੂੰ ਪ੍ਰਭੂ ਨਾਲ ਪਾਣੀ ਵਾਂਗ ਇਕ ਮਿਕ ਹੋ ਜਾਣ ਦਾ ਨਿਸ਼ਾਨਾ ਦਿੰਦਾ ਹੈ, ਜੀਵਨ ਨੂੰ ਤ੍ਰਿਪਤ ਕਰਨ ਵਾਲਾ ਹੈ -

*ਹਰਿ ਜਨੁ ਐਸਾ ਚਾਹੀਐ ਜਿਉ ਪਾਣੀ ਸਰਬੰਗ॥ ਪੰਨਾ - 1312*

*ਅਬ ਮੋਹਿ ਜਲਤ ਰਾਮ ਜਲੁ ਪਾਇਆ॥ ਪੰਨਾ - 323*

**ਸਰਬ ਲੋਹ ਦਾ ਬਾਟਾ** - ਸਰਬ ਲੋਹ ਨਾ ਝੁਕਦਾ ਹੈ, ਨਾ ਮੁੜਦਾ ਹੈ, ਨਾ ਅਸਾਨੀ ਨਾਲ ਟੁਟਦਾ ਹੈ, ਉਲਟਾ ਦੂਸਰਿਆਂ ਨੂੰ ਝੁਕਾ ਦਿੰਦਾ ਹੈ, ਦ੍ਰਿੜ ਤੇ ਅਜਿੱਤ ਸ਼ਕਤੀ ਦਾ ਪ੍ਰਤੀਕ ਹੈ। ਇਸ ਤਰ੍ਹਾਂ ਦੇ ਗੁਣ ਸਿੰਘ ਅੰਦਰ ਇਸ ਵਿਚ ਤਿਆਰ ਕੀਤੇ ਅੰਮ੍ਰਿਤ ਨਾਲ ਸੰਚਾਰ ਹੁੰਦੇ ਹਨ। ਅਜਿਹੇ ਗੁਣਾਂ ਦੀ ਸਮੇਂ ਅਨੁਸਾਰ ਲੋੜ ਸੀ। ਜ਼ੁਲਮ ਤੇ ਜ਼ਾਲਮ ਦੇ ਟਾਕਰੇ ਲਈ ਫੁਲਾਦੀ ਗੁਣਾਂ ਦੀ ਜ਼ਰੂਰਤ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ ਫੁਲਾਦੀ ਗੁਣਾਂ ਦਾ ਪ੍ਰਤੀਕ ਮੰਨ ਕੇ ਸਲਾਹਿਆ ਤੇ ਸੰਬੋਧਨ ਕੀਤਾ ਹੈ -

*ਸਰਬ ਲੋਹ ਕੀ ਰਛਾ ਹਮ ਨੈ॥*

**ਖੰਡਾ** - ਖੰਡੇ ਦਾ ਸ਼ਬਦੀ ਅਰਥ ਹੈ - ਟੋਟੇ ਕਰਨ ਵਾਲਾ। ਇਹ ਮਾਰਨ ਦੀ ਸ਼ਕਤੀ ਕੇਵਲ ਪਰਮਾਤਮਾ ਕੋਲ ਹੈ। ਇਸ ਵਿਚਾਰ ਅਨੁਸਾਰ ਗੁਰੂ ਜੀ ਨੇ ਖੰਡੇ ਨੂੰ ਪ੍ਰਭੂ ਸ਼ਕਤੀ ਦਾ ਪ੍ਰਤੀਕ ਮੰਨ ਕੇ ਨਮਸਕਾਰ ਕੀਤਾ ਹੈ। ਖੰਡਾ ਦੋ ਧਾਰੀ ਹੋਣ ਕਰਕੇ ਭਗਤੀ ਤੇ ਸ਼ਕਤੀ ਦਾ ਚਿੰਨ੍ਹ ਹੈ। ਸੰਸਾਰ ਦੀ ਸਾਜਨਾ ਕਰਨ ਸਮੇਂ ਪਹਿਲਾਂ ਖੰਡਾ ਸਾਜਿਆ ਗਿਆ। ਸਿੰਘ ਅੰਦਰ, ਖੰਡੇ ਦਾ ਅੰਮ੍ਰਿਤ ਸੰਚਾਰ ਹੋਣ ਨਾਲ ਮੌਤ ਨਾਲ ਪਿਆਰ ਹੋ ਜਾਂਦਾ ਹੈ, ਭਾਵ ਫਿਰ ਉਸ ਨੂੰ ਮੌਤ ਤੋਂ ਡਰ ਨਹੀਂ ਲਗਦਾ -

*ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ॥*

**ਪਤਾਸੇ** - ਮਿਠੇ ਸੁਭਾ ਦੇ ਪ੍ਰਤੀਕ ਹਨ। ਕਿਸੇ ਪ੍ਰਕਾਰ ਦੀ ਮੈਲ ਤੋਂ ਮੁਕਤ, ਸ਼ੁਧ, ਪਵਿੱਤਰ ਹਨ, ਪਾਣੀ ਵਿਚ ਘੁਲ ਮਿਲ ਜਾਂਦੇ ਹਨ। ਮਿਠਤ ਪ੍ਰਭੂ ਦਾ ਗੁਣ ਹੈ ਜੋ ਅੰਮ੍ਰਿਤ ਪਾਨ ਕਰਨ ਉਪਰੰਤ ਸਿੰਘ ਅੰਦਰ ਸੰਚਾਰ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਭਗਤੀ ਤੇ ਸ਼ਕਤੀ ਦਾ ਸੁਮੇਲ ਸੰਸਾਰ ਦੇ ਇਤਿਹਾਸ ਅੰਦਰ ਇਕ ਅਹਮ ਸੁਮੇਲ ਸੀ।

**ਬਾਣੀ** - ਪੰਜਵਾਂ ਤੱਤ ਜੋ ਅੰਮ੍ਰਿਤ ਰਾਹੀਂ ਸਿੰਘ ਅੰਦਰ ਸਮੋ ਜਾਂਦਾ ਹੈ, ਉਹ ਹੈ - ਪੰਜ ਬਾਣੀਆਂ ਦੀ ਤਾਸੀਰ ਨੂੰ ਪੂਰਨ ਰੂਪ ਵਿਚ ਗ੍ਰਹਿਣ ਕਰਨਾ ਹੈ। ਜਪੁਜੀ - ਭਗਤੀ ਦੁਆਰਾ ਆਤਮਕ ਵਿਕਾਸ ਤੇ ਵਿਗਾਸ ਹੈ; ਜਾਪ - ਅਕਾਲ ਪੁਰਖ ਦੇ ਜਮਾਲ, ਜਲਾਲ ਤੇ ਕਮਾਲ ਵਰਗੇ ਗੁਣਾਂ ਨੂੰ ਯਾਦ ਕਰਨਾ ਤੇ ਦ੍ਰਿੜ ਕਰਨਾ ਹੈ; ਸਵੱਯੇ - ਪ੍ਰਭੂ ਪ੍ਰੇਮ ਤੋਂ ਬਿਨਾਂ ਸੰਸਾਰਕ ਭੇਖ, ਸ਼ਕਤੀ, ਪ੍ਰਾਪਤੀਆਂ ਦੇ ਫੋਕਟ ਸਬੰਧੀ ਚੇਤਨਤਾ ਹੈ, ਚੌਪਈ - ਆਤਮ ਸਮਰਪਣ ਤੇ ਬੇਨਤੀ ਹੈ; ਅੰਤ ਵਿਚ ਅਨੰਦ - ਅੰਮ੍ਰਿਤ ਮਈ ਜੀਵਨ ਦੀ ਪ੍ਰਭੂ ਨਾਲ ਇਕਮਿਕਤਾ ਉਪਰੰਤ ਸਦੀਵੀ ਖੇੜੇ ਦਾ ਵਰਣਨ ਹੈ।

**ਧਾਰਮਕ ਖੇਤਰ ਵਿਚ ਤਿੰਨ ਪ੍ਰਕਾਰ ਦੇ ਸੰਸਕਾਰ**- ਉਤਮ, ਮਧਮ ਤੇ ਨਖਿਧ ਮੰਨੇ ਜਾਂਦੇ ਹਨ। ਅੰਮ੍ਰਿਤ ਇਕ ਉਤਮ ਸੰਸਕਾਰ ਹੈ ਜਿਸ ਅਧੀਨ, ਪ੍ਰਭੂ ਦੇ ਨਿਯਮ (ਹੁਕਮ) ਵਿਰੁੱਧ ਕੁਝ ਨਾ ਕਰਕੇ ਜੋ ਚਿੰਨ (ਕੇਸ, ਕੱਛ, ਕੰਘਾ, ਕੜਾ ਤੇ ਕਿਰਪਾਨ) ਧਾਰਨ ਕੀਤੇ ਜਾਂਦੇ ਹਨ, ਉਹ ਸਰੀਰ ਤੇ ਦੇਸ ਦੀ ਰੱਖਿਆ ਲਈ ਅਤੀ ਜ਼ਰੂਰੀ ਹਨ। ਜਿਵੇਂ ਕੱਛ ਜਤਿ ਦਾ ਪ੍ਰਤੀਕ ਹੈ ਅਤੇ ਕਿਰਪਾਨ ਸਵੈ ਤੇ ਦੇਸ ਵਾਸੀਆਂ ਦੀ ਰੱਖਿਆ ਦਾ ਚਿੰਨ੍ਹ ਹੈ। ਅੰਮ੍ਰਿਤ ਪਾਨ ਕਰਨਾ, ਗੁਰੂ ਦੇ ਘਰ ਮੁੜ ਜਨਮ ਲੈਣਾ ਹੈ - ਇਸ ਜਨਮ ਨਾਲ ਅਮਰਤਾ ਮਿਲਦੀ ਹੈ, ਆਵਾਗਵਨ ਮਿਟ ਜਾਂਦਾ ਹੈ - ਸਿੰਘ ਦਾ ਜਨਮ ਹੀ ਅੰਮ੍ਰਿਤ ਤੋਂ ਬਾਦ ਮੰਨਿਆ ਜਾਂਦਾ ਹੈ - ਆਵਾਗਵਨ ਮਿਟ ਜਾਂਦਾ ਹੈ -

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥ ਪੰਨਾ - 94*

**ਅੰਮ੍ਰਿਤ ਕਦੋਂ ਪ੍ਰਾਪਤ ਹੁੰਦਾ ਹੈ?**

ਅੰਮ੍ਰਿਤ ਅਕਾਲ ਪੁਰਖ ਦਾ ਇਕ ਅਨਮੋਲ ਤੋਹਫਾ ਹੈ ਜੋ ਗੁਰੂ ਰਾਹੀਂ ਉਸਦੀ ਕਿਰਪਾ ਹੋਣ ਤੇ ਮਿਲਦਾ ਹੈ। ਇਹ ਮੌਤ ਉਤੇ ਇਕ ਜਿਤ ਹੈ। ਬਿਖ ਦਾ ਜੀਵਨ ਤਿਆਗ ਕੇ ਅੰਮ੍ਰਿਤ (ਅਮਰ, ਅਟੱਲ) ਹਰ ਪੱਖ ਤੋਂ ਪੂਰਨ ਜੀਵਨ ਆਦਰਸ਼ ਹੈ। ਇਹ ਸਭ ਕੁਝ ਗੁਰੂ ਦੀ ਸੰਗਤ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਦੇ ਬਚਨ ਸੁਣਨ ਨਾਲ ਕੰਨ ਤ੍ਰਿਪਤ ਹੁੰਦੇ ਹਨ, ਮਨ ਵਿਚ ਸੰਤੋਖ ਆਉਂਦਾ ਹੈ, ਆਤਮਾ ਪਤੀਜ ਜਾਂਦੀ ਹੈ। ਪੂਰੇ ਗੁਰੂ ਦਾ ਮੰਤ੍ਰ ਰਸਾਇਣ ਰੂਪ ਹੁੰਦਾ ਹੈ ਜਿਹੜਾ ਕਦੇ ਵਿਅਰਥ ਨਹੀਂ ਜਾਂਦਾ। ਗੁਰੂ ਜਿਸਨੂੰ ਅੰਮ੍ਰਿਤ ਭਰੀ ਦ੍ਰਿਸ਼ਟੀ ਨਾਲ ਦੇਖਦਾ ਹੈ, ਉਹ ਸੰਤ (ਪੂਰਨ ਪੁਰਖ) ਵੀ ਅੰਮ੍ਰਿਤ ਮਈ ਹੋ ਨਿਬੜਦਾ ਹੈ -

*ਪੂਰਾ ਗੁਰੂ ਅਖਉ ਜਾ ਕਾ ਮੰਤ੍ਰ*
*ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥ ਪੰਨਾ - 287*

ਇਨ੍ਹਾਂ ਅੰਮ੍ਰਿਤ ਗੁਣਾਂ ਵਾਲਾ ਅੰਮ੍ਰਿਤ, ਕੋਈ ਵਿਰਲਾ ਤੇ ਚੰਗੇ ਭਾਗਾਂ ਵਾਲਾ ਹੀ ਪ੍ਰਾਪਤ ਕਰਦਾ ਹੈ। ਪ੍ਰਾਪਤ ਕਰਨ ਵਾਲਾ ਅਮਰ ਹੋ ਨਿਬੜਦਾ ਹੈ, ਉਸਦਾ ਫਿਰ ਕਦੇ ਵਿਨਾਸ਼ ਨਹੀਂ ਹੁੰਦਾ-

*ਇਹੁ ਹਰਿ ਰਸੁ ਪਾਵੈ ਜਨੁ ਕੋਇ॥*
*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥*

*ਉਸ ਪੁਰਖ ਕਾ ਨਾਹੀ ਕਦੇ ਬਿਨਾਸ॥*

*ਜਾ ਕੈ ਮਨਿ ਪ੍ਰਗਟੇ ਗੁਨਤਾਸ॥* ਪੰਨਾ - 287

ਇਸ ਪ੍ਰਕਾਰ ਦੈਵੀ ਗੁਣਾਂ ਭਰਪੂਰ ਅੰਮ੍ਰਿਤ ਨੂੰ ਸੁਰ, ਨਰ, ਮੁਨਿ, ਜਨ ਖੋਜਦੇ ਰਹੇ ਪ੍ਰੰਤੂ ਨਿਗੁਰੇ ਹੋਣ ਕਰਕੇ ਪ੍ਰਾਪਤ ਨਾ ਕਰ ਸਕੇ। ਅੰਮ੍ਰਿਤ ਤੇ ਨਾਮ, ਪ੍ਰਭੂ ਦੀ ਇਕੋ ਸ਼ਕਤੀ ਦੇ ਦੋ ਵੱਖੋ ਵਖਰੇ ਨਾਮ ਹਨ। ਇਹ ਨਾਮ ਰੂਪੀ ਅੰਮ੍ਰਿਤ ਦਾ ਥਾਲ ਜੋ ਜੀਵਾਂ ਲਈ ਕਲਿਆਣਕਾਰੀ ਹੈ, ਗੁਰੂ ਅਰਜਨ ਦੇਵ ਜੀ ਨੇ ਪਰੋਸ ਕੇ ਸੰਸਾਰ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਰੂਪ ਵਿਚ ਦਿਤਾ ਹੈ। ਇਸ ਅੰਮ੍ਰਿਤ ਦਾ ਤਿਆਗ ਆਤਮਕ ਮੌਤ ਹੈ, ਇਸ ਆਤਮਕ ਖੁਰਾਕ ਤੋਂ ਬਿਨਾਂ ਮਨੁੱਖ ਅਧੂਰਾ ਹੈ, ਇਸਨੂੰ ਤਿਆਗਿਆ ਨਹੀਂ ਜਾ ਸਕਦਾ। ਨਿਤ ਹਰ ਰੋਜ਼ ਖਾਣਾ (ਵਿਚਾਰਨਾ) ਤੇ ਭੁੰਚਣਾ (ਹਜ਼ਮ ਕਰਨਾ) ਹੈ। ਇਸ ਵਿਚ ਸਤੁ (ਪ੍ਰਭੂ ਭਗਤੀ), ਸੰਤੋਖ (ਸੰਤੁਲਤ ਜੀਵਨ), ਵਿਚਾਰ (ਬਿਬੇਕ ਗਿਆਨ) ਨੂੰ ਮਿਲਾ ਕੇ ਨਾਮ ਰੂਪੀ ਅੰਮ੍ਰਿਤ ਨਾਲ ਗੁੰਨ੍ਹ ਕੇ, ਅਮਰ ਜੀਵਨ ਦੇਣ ਵਾਲੀ ਖੁਰਾਕ ਤਿਆਰ ਕੀਤੀ ਗਈ ਹੈ। ਇਸ ਖੁਰਾਕ ਨਾਲ ਹੀ ਸੰਸਾਰ ਦਾ ਕਲਿਆਣ ਹੋ ਸਕਦਾ ਹੈ ਭਾਵ ਤ੍ਰਿਪਤੀ ਆ ਸਕਦੀ ਹੈ।

ਗੁਰੂ ਦੇ ਅੰਮ੍ਰਿਤ ਦੀ ਮਹਾਨਤਾ -

ਵੈਦਿਕ ਯੁਗ ਅੰਦਰ ਰਿਸ਼ੀਆਂ ਮੁਨੀਆਂ ਨੇ ਦੈਵੀ ਸ਼ਕਤੀਆਂ ਅਗੇ ਆਪਣੇ ਆਪ ਨੂੰ ਅਮਰ ਰਖਣ ਲਈ ਪ੍ਰਾਥਨਾਵਾਂ ਕੀਤੀਆਂ ਜਿਵੇਂ- ਸਾਨੂੰ ਅਸੱਤਿ ਤੋਂ ਸੱਤਿ ਵਲ ਲੈ ਚਲੋ, ਹਨੇਰੇ ਤੋ ਰੋਸ਼ਨੀ ਵਲ ਲੈ ਚਲੋ, ਸਾਨੂੰ ਮੌਤ ਤੋਂ ਅਮਰਤਾ ਵਲ ਲੈ ਚਲੋ।

ਇਸੇ ਤਰ੍ਹਾਂ 'ਸੋਮ ਰਸ' ਦਾ ਜਿਕਰ ਆਇਆ ਹੈ, 'ਸਤਪਥ ਬ੍ਰਹਮਣ' ਵਿਚ ਤਰਾਸ ਤੋਂ ਜੋਤੀ ਵਲ ਜਾਣ ਦੀ ਲਾਲਸਾ ਅਮਰ ਹੋਣ ਦੀ ਲਾਲਸਾ ਹੀ ਹੈ। ਖੀਰ ਸਮੁੰਦਰ ਨੂੰ ਦੇਵਤਿਆਂ ਤੇ ਦੈਂਤਾਂ ਨੇ ਸ਼ੇਸ਼ ਨਾਗ ਦਾ ਨੇਤਰ ਤੇ ਸੁਮੇਰ ਪਰਬਤ ਦਾ ਮਧਾਨਾ ਬਣਾ ਕੇ ਰਿੜਕਿਆ ਤੇ 14 ਰਤਨ ਨਿਕਾਲੇ ਜਿਨ੍ਹਾਂ ਵਿਚ ਅੰਮ੍ਰਿਤ ਵੀ ਸੀ ਇਸਦੀ ਵੰਡ ਸਮੇਂ ਦੋਨਾਂ ਵਿਚ ਝਗੜਾ ਹੋ ਗਿਆ। ਇਸ ਝਗੜੇ ਦੌਰਾਨ ਇਹ ਅੰਮ੍ਰਿਤ ਹਰਦੁਆਰ, ਪ੍ਰਯਾਗ, ਨਾਸਕ ਤੇ ਉਜੈਨ ਚੌਹ ਥਾਵਾਂ ਤੇ ਡੁਲ੍ਹ ਗਿਆ। ਇਥੇ ਬਾਰ੍ਹਾਂ-ਬਾਰ੍ਹਾਂ ਸਾਲਾਂ ਬਾਦ ਕੁੰਭ ਦਾ ਮੇਲਾ ਲਗਦਾ ਹੈ। ਲੋਕ ਇਸ ਸਮੇਂ ਇਸ ਪਾਣੀ ਅੰਦਰ ਅੰਮ੍ਰਿਤ ਸਮਝ ਕੇ ਇਸ਼ਨਾਨ ਕਰਦੇ ਹਨ। ਇਸ ਅੰਮ੍ਰਿਤ ਨੂੰ ਪ੍ਰਾਪਤ ਕਰਨ ਲਈ ਬਾਰ੍ਹਾਂ ਸਾਲ ਉਡੀਕਣਾ ਪੈਂਦਾ ਹੈ।

ਈਸਾਈ ਮਤ ਵਿਚ ਵੀ ਇਸ ਪ੍ਰਕਾਰ ਦੇ ਅੰਮ੍ਰਿਤ ਦਾ ਜ਼ਿਕਰ ਆਉਂਦਾ ਹੈ। ਜਦੋਂ ਯਸੂ ਮਸੀਹ ਮੁਰਦਿਆਂ ਵਿਚੋਂ ਉਠਿਆ ਤੇ ਮੁਰਦਿਆਂ ਨੂੰ ਜੀਉਂਦਾ ਕਰਦੇ ਰਹੇ। ਈਸਾਈ ਮਤ ਵਿਚ ਪ੍ਰਵੇਸ਼ ਕਰਨ ਸਮੇਂ baptism (ਅੰਮ੍ਰਿਤ) ਦਿਤਾ ਜਾਂਦਾ ਹੈ। ਇਸ ਦਾ ਅਰਥ 'ਸ਼ੁਧ ਕਰਨਾ' ਮੰਨਿਆ ਗਿਆ ਹੈ।

ਇਸਲਾਮ ਅੰਦਰ 'ਆਬੇ ਹਯਾਤ' ਦਾ ਜ਼ਿਕਰ ਆਇਆ। ਖਵਾਜਾ ਖਿਜਰ ਦੀ ਦੇਖ ਰੇਖ ਵਿਚ ਅੰਧ ਸਾਗਰ ਵਿਖੇ ਚਸਮਿ ਹੈਵਾ - ਨਾਮ ਦਾ ਅੰਮ੍ਰਿਤ ਕੁੰਡ ਹੈ। ਇਸ ਵਿਚੋਂ ਘੁਟ ਭਰਨ ਨਾਲ ਸਦੀਵੀ ਜੀਵਨ ਮਿਲਦਾ ਦੱਸਿਆ ਗਿਆ ਹੈ। -

ਸਿਖ ਧਰਮ ਦਾ ਅੰਮ੍ਰਿਤ, ਵਿਤਕਰੇ ਵੰਡ ਵਾਲਾ ਨਹੀਂ, ਨਾ ਹੀ ਝਗੜੇ ਦਾ ਕਾਰਨ ਹੈ। ਇਹ ਸਭ ਲਈ ਸਾਂਝਾ ਹੈ। ਇਸ ਦੇ ਦੇਣ ਸਮੇਂ ਜਾਤ, ਵਰਨ, ਕੁਲ, ਕਿੱਤਾ, ਖਿੱਤਾ ਨਹੀਂ ਦੇਖਿਆ ਜਾਂਦਾ। ਇਸਦੀ ਖੋਜ ਲਈ ਬਾਹਰ ਨਹੀਂ ਭਟਕਣਾ ਪੈਂਦਾ। ਇਹ ਤਾਂ ਗੁਰੂ ਦੀ ਕਿਰਪਾ ਨਾਲ ਗੁਰੂ ਦੀ ਬਾਣੀ ਦੁਆਰਾ ਪ੍ਰਗਟ ਕਰਕੇ ਬਖਸ਼ਿਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸੰਸਾਰ ਵਿਚ ਮਨੁੱਖੀ ਕਲਿਆਣ ਦਾ ਸਿਧਾਂਤ ਕਾਇਮ ਕੀਤਾ। ਖਾਲਸਾ ਧਰਮ, ਸ਼ਬਦ ਦਾ ਧਰਮ ਹੈ ਜੋ ਹਮੇਸ਼ਾ ਲਈ ਕਾਇਮ ਰਹਿਣ ਵਾਲਾ ਹੈ।

## ਖਾਲਸੇ ਦੀ ਸਾਜਣਾ

ਬੀਬੀ ਚਰਨਜੀਤ ਕੌਰ

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ - 1412)*

*ਅੱਖਾਂ ਲਾਲ ਕੀਤੀਆਂ ਨੇ, ਕਲਗੀਧਰ ਜੀ ਪ੍ਰੀਤਮ ਪਿਆਰੇ।*
*ਨੰਗੀ ਤੇਗ ਲਿਸਕਦੀ ਏ, ਵੇਖੋ ਇਹ ਕੀ ਕੌਤਕ ਨਿਆਰੇ।*
*ਇਕ ਸਿਰ ਦੀ ਲੋੜ ਮੈਨੂੰ, ਬੋਲੇ 'ਗੁਰੂ' ਜੋਸ਼ ਵਿਚ ਆ ਕੇ,*
*ਸਿਖ ਪੰਥ ਸਾਜਣਾ ਏ, ਅੰਮ੍ਰਿਤ ਖੰਡੇ ਦਾ ਬਣਾ ਕੇ,*
*ਸਿੱਖ ਪੰਥ ਸਾਜਣਾ ਏ,.........................।*

*ਦਸਮੇਸ਼ ਪਿਤਾ ਜੀ ਨੇ, ਨਿਗ੍ਹਾ ਚਾਰ ਚੁਫੇਰ ਸੀ ਮਾਰੀ,*
*ਦਇਆ ਸਿੰਘ ਉਠਿਆ ਏ, ਬਾਕੀ ਸੰਗਤ ਬੈਠੀ ਸਾਰੀ,*
*ਇਹ ਸੀਸ ਤੁਹਾਡਾ ਏ, ਬੋਲੇ ਦਇਆ ਸਿੰਘ ਬਲਕਾਰੀ,*
*ਝੱਟ ਪਕੜ ਗੁਰੂ ਜੀ ਨੇ, ਲੈ ਗਏ ਤੰਬੂ ਵਲ ਖਸਕਾ ਕੇ,*
*ਸਿੱਖ ਪੰਥ ਸਾਜਣਾ ਏ,.........................।*

*ਝੱਟ ਪਟ ਗੁਰੂ ਜੀ ਨੇ, ਤੰਬੂ ਚੋਂ ਫਿਰ ਬਾਹਰ ਆਏ,*
*ਸੂਰਾ ਉਸਨੂੰ ਆਖਾਂ, ਜੋ ਇਸ ਚੰਡੀ ਦੀ ਪਿਆਸ ਬੁਝਾਏ,*
*ਧਰਮ ਸਿੰਘ ਕਹਿੰਦੇ ਨੇ, ਖਲੋਆ ਚਰਨੀ ਸੀਸ ਨਿਵਾ ਕੇ,*
*ਸਿੱਖ ਪੰਥ ਸਾਜਣਾ ਏ,.........................।*

*ਮੋਹਕਮ ਸਿੰਘ ਤੀਸਰਾ ਜੀ, ਭੇਟਾ ਆਣ ਗੁਰਾਂ ਦੇ ਹੋਇਆ,*
*ਇਹ ਸਾਂਭ ਅਮਾਨਤ ਜੀ, ਸੂਰਮਾਂ ਵਿਚ ਦੀਵਾਨ ਖਲੋਇਆ,*
*ਝੱਟ ਵੇਖ ਦਲੇਰੀ ਨੂੰ, ਗੁਰੂ ਜੀ ਲੈ ਗਏ ਬਾਹੋਂ ਫੜ ਕੇ,*
*ਸਿੱਖ ਪੰਥ ਸਾਜਣਾ ਏ,.........................।*

*ਜਾਣੀ ਜਾਣ ਗੁਰੂ ਜੀ ਨੇ, ਇਕ ਵਾਰੀ ਫਿਰ ਲਲਕਾਰ ਕੇ ਬੋਲੇ,*
*ਅਜੇ ਕੁਝ ਪਿਆਸ ਇਹਨੂੰ, ਤਕੜੀ ਸਿਦਕ ਦੀ ਤੇ ਕੋਈ ਤੋਲੇ।*
*ਸਾਹਿਬ ਸਿੰਘ ਉਠਿਆ ਏ, ਅਰਜਾਂ ਕਰਦਾ ਗੁਰਾਂ ਕੋਲ ਜਾ ਕੇ,*
*ਸਿੱਖ ਪੰਥ ਸਾਜਣਾ ਏ,.........................।*

*ਹਿੰਮਤ ਸਿੰਘ ਪੰਜਵਾਂ ਜੀ, ਵਾਰੀ ਅਪਣੀ ਤੇ ਉਠ ਆਇਆ,*
*ਇਹ ਸੀਸ ਵਾਰ ਦੇਵਾਂ, ਨਹੀਂ ਜ਼ਰਾ ਵੀ ਚਿਤ ਡੁਲਾਇਆ,*
*ਚਰਨਜੀਤ ਨਿਮਾਣੀ ਨੂੰ, ਗੁਰੂ ਜੀ ਰੱਖ ਲਓ ਚਰਨੀਂ ਲਾ ਕੇ,*
*ਸਿੱਖ ਪੰਥ ਸਾਜਣਾ ਏ, ਅੰਮ੍ਰਿਤ ਖੰਡੇ ਦਾ ਬਣਾ ਕੇ।*

# ਸ੍ਰੀ ਗੁਰੂ ਗ੍ਰੰਥ ਸਾਹਿਬ - "ਸਰਵੋਤਮ"

ਵੀਚਾਰ : ਡਾ. ਸਵਾਮੀ ਰਾਮ ਜੀ
ਪ੍ਰੈਜ਼ੀਡੈਂਟ ਹਿਮਾਲੀਅਨ ਇੰਸਟੀਚਿਊਟ ਆਫ
ਯੋਗਾ ਸਾਇੰਸ ਐਂਡ ਫਿਲਾਸਫੀ, ਐਂਡ
ਹਿਮਾਲੀਅਨ ਇੰਸਟੀਚਿਊਟ ਹਾਸਪੀਟਲ ਟਰੱਸਟ,
ਜੌਲੀ ਗ੍ਰਾਂਟ, ਦੇਹਰਾਦੂਨ।

ਸ੍ਰੀ ਸੰਤ ਜੀ (ਸੰਤ ਵਰਿਆਮ ਸਿੰਘ ਜੀ) ਸੇ ਮਿਲ ਕਰ ਮੁਝੇ ਜੋ ਪ੍ਰਸੰਨਤਾ ਮਿਲੀ, ਮੁਝੇ ਐਸਾ ਮਾਲੂਮ ਹੂਆ ਕਿ ਜੀਵਨ ਮੇਂ ਕੋਈ ਵਿਅਕਤੀ ਤੋ ਐਸਾ ਹੈ, ਜੋ ਜਿਤਨਾ ਅੰਦਰ ਸੇ, ਵੈਸਾ ਹੀ ਬਾਹਰ ਸੇ ਅਪਨਾ ਜੀਵਨ ਬਤੀਤ ਕਰਤਾ ਹੈ। ਸੱਚਾ, ਸਰਲ; ਕੋਈ ਛਲ ਕਪਟ ਪਾਖੰਡ ਨਹੀਂ ਹੈ। ਏਕ ਮਹਾਨ ਬਾਤ - ਅਗਰ ਹਮਾਰੇ ਭਾਰਤ ਵਰਸ਼ ਮੇਂ ਸਭੀ ਸੰਤ ਲੋਗ ਇਸੀ ਤਰਹ ਕਾ ਜੀਵਨ ਅਪਨਾਯ ਲੇਂ ਤੋ ਹਮਾਰਾ ਭਾਰਤ ਵਰਸ਼ ਫਿਰ ਅਪਨੀ (ancient glory) ਪ੍ਰਾਚੀਨ ਮਾਣ ਕੋ ਪ੍ਰਾਪਤ ਕਰ ਸਕਤਾ ਹੈ। ਅਬ ਮੁਝੇ ਆਪ ਸੇ ਕਹਨਾ ਹੈ - ਆਪ ਸਭ ਕੋ ਯੇ ਭੀ ਗਿਆਨ ਹੋਨਾ ਚਾਹੀਏ ਕਿ ਆਪ ਨਿਤਯ ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਤੇ ਹੋ, ਜਪ ਕਰਤੇ ਹੋ ਲੇਕਿਨ ਏਕ ਬਾਤ ਆਪ ਸਮਝ ਲੀਜੀਏ ਕਿ ਸੰਸਾਰ ਮੇਂ ਜਿਤਨੇ ਭੀ ਧਰਮ ਗ੍ਰੰਥ ਹੈਂ, ਉਨ ਸਭ ਮੇਂ ਸੇ ਸਰਲ ਗ੍ਰੰਥ, ਗੁਰੂ ਗ੍ਰੰਥ ਸਾਹਿਬ ਹੈਂ। ਜਿਤਨਾ ਸਰਲ ਗ੍ਰੰਥ, ਗੁਰੂ ਗ੍ਰੰਥ ਸਾਹਿਬ ਹੈਂ, ਔਰ ਸੰਸਾਰ ਕਾ ਕੋਈ ਭੀ ਗ੍ਰੰਥ ਨਹੀਂ - ਏਕ ਬਾਤ। ਦੂਸਰੀ ਬਾਤ ਯੇ ਹੈ ਕਿ ਜੋ ਨਿਚੋੜ ਸਾਰੇ ਧਰਮੋਂ ਕਾ, ਗੁਰੂ ਗ੍ਰੰਥ ਸਾਹਿਬ ਕੇ ਅੰਦਰ ਹੈ, ਵੋ ਅਨਯ ਗ੍ਰੰਥੋਂ ਮੇਂ ਨਹੀਂ ਮਿਲੇਗਾ ਆਪ ਕੋ। ਯੇ ਤੋ ਸਾਰੇ ਸੰਸਾਰ ਕੇ ਜਿਤਨੇ ਭੀ ਧਰਮ ਹੈਂ, ਉਨ ਕੋ ਫਿਲਟਰ (filter) ਕਰਕੇ ਬਨਾਇਆ ਗਿਆ ਹੈ। ਯੇ ਸੂੱਤਾ ਹੈ ਗੁਰੂ ਨਾਨਕ ਦੇਵ ਜੀ ਕੀ, ਉਨਕੀ ਮਹਾਨ ਕਿਰਪਾ ਸੇ, ਔਰ ਅੱਨਯ ਗੁਰੂਓਂ ਕੀ ਕਿਰਪਾ ਸੇ, ਉਨ ਕੇ ਬਲੀਦਾਨ ਸੇ ਬਨਾ ਹੈ। ਕੋਈ ਵੀ ਸੰਸਾਰ ਕਾ ਧਰਮ ਗ੍ਰੰਥ - ਮੈਂ ਇਸ ਚੀਜ਼ ਕੋ ਆਪ ਕੇ ਸਾਮਨੇ ਨਹੀਂ ਬੋਲ ਰਹਾਂ ਹੂੰ, ਅਗਰ ਕੋਈ ਇਸ ਕੇ ਊਪਰ discussion (ਚਰਚਾ) ਕਰਨਾ ਚਾਹੇ ਤੋ ਮੈਂ ਉਸਕੋ 101 ਪੁਆਇੰਟ (point) ਬਨਾ ਕਰ ਕੇ ਬਤਾ ਸਕਤਾ ਹੂੰ ਕਿ ਐਸਾ ਗ੍ਰੰਥ ਔਰ ਦੂਸਰਾ ਨਹੀਂ ਹੈ।

ਤੀਨ ਚੀਜ਼ੇਂ ਸਮਝਨੇ ਕੀ ਹੋਤੀ ਹੈਂ। ਸਿੱਖ ਸ਼ਬਦ - ਸੇਵਕ ਕੇ ਲੀਏ ਆਇਆ ਹੈ, ਜੋ ਸੇਵਾ ਕਰਨੇ ਮੇਂ ਹੀ ਅਪਨਾ ਪੂਰਾ ਜੀਵਨ ਬਤੀਤ ਕਰ ਦੇਤਾ ਹੈ। ਸਿਖ ਉਸੇ ਕਹਿਤੇ ਹੈਂ ਜੋ ਕਿ ਦੂਸਰੋਂ ਕੀ ਸੇਵਾ ਕਰਨੇ ਮੇਂ ਆਨੰਦ ਲੇਤਾ ਹੈ। ਜੋ ਦੁਖੀ ਹੋ, ਜਿਸ ਕੋ ਅਵਸ਼ਕਤਾ ਹੋ, ਉਸੀ ਕੀ ਸੇਵਾ ਕਰਤਾ ਹੈ। ਦੂਸਰਾ ਹੈ ਸ਼ਬਦ - ਗ੍ਰੰਥ। ਗੁਰੂਓਂ ਕੀ ਜਿਤਨੀ ਬਾਣੀ ਹੈ, ਸੰਤੋਂ ਕੀ ਬਾਣੀ ਕੋ ਗ੍ਰੰਥਿਤ ਕਰ ਦੀਆ ਗਿਆ ਹੈ, ਏਕ ਸੁਚਾਰੂ ਰੂਪ ਮੇਂ ਸੰਜੋਅ ਦੀਆ ਗਿਆ ਹੈ; ਉਸ ਕੋ ਕਹਿਤੇ ਹੈਂ - ਗੁਰੂ ਗ੍ਰੰਥ ਸਾਹਿਬ। ਮੈਨੇ ਕਈ ਭਾਸ਼ਾਓਂ ਮੇਂ - ਜਿਨ ਭਾਸ਼ਾਓਂ ਕੋ ਮੈਂ ਜਾਨਤਾ ਹੂੰ - ਉਨ ਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਸਵੈਧਯ ਅਧਿਐਨ ਕੀਆ ਤੋ ਮੁਝੇ ਯੇ ਲਗਾ ਕਿ ਗੀਤਾ - ਵੋ ਵਿਕਲਿਸ਼ਟ ਚੀਜ਼ ਹੈ; ਬਾਈਬਲ - ਵੋ ਭੀ ਸਭ ਕੇ ਸਮਝ ਮੇਂ ਨਹੀਂ ਆਤੀ; ਕੁਰਾਨ ਮਜੀਦ ਭੀ ਸਭ ਸਮਝ ਨਹੀਂ ਪਾਤੇ, ਲੇਕਿਨ ਗੁਰੂ ਗ੍ਰੰਥ ਸਾਹਿਬ ਕੋ ਕੋਈ ਅਗਰ ਪੜ੍ਹ ਲੇ, ਤੋ ਸਭ ਕੇ ਸਮਝ ਮੇਂ ਆ ਸਕਤੀ ਹੈ; ਬੋਧ, ਅਬੋਧ, ਵਿਦਵਾਨ ਭੀ ਉਸ ਕੋ ਸਮਝ ਲੇਤੇ ਹੈਂ। ਅਬ ਤਰਕ-ਬਤਰਕ ਮੇਂ ਜਾਕਰ - ਕਿ ਸ਼ਬਦ ਕਾ ਕਿਆ ਅਰਥ ਹੋਤਾ ਹੈ, ਕੈਸੇ ਕਹਾ ਗਿਆ ਹੈ ਤੋ ਇਸ ਕੇ ਲੀਏ ਮੈਂ ਆਪ ਸੇ ਏਕ ਬਾਤ ਕਹਨਾ ਚਾਹਤਾ ਹੂੰ। ਗੁਰੂ ਲੋਗ ਏਕ ਸਥਾਨ ਸੇ ਦੂਸਰੇ ਸਥਾਨ ਪਰ (travel) ਯਾਤਰਾ ਕਰਤੇ-ਕਰਤੇ-ਕਰਤੇ-ਕਰਤੇ-ਕਰਤੇ-ਕਰਤੇ ਚਲੇ ਗਏ। ਔਰ ਉਨਕੀ ਬੋਲੀਓਂ ਕੋ, ਜਹਾਂ-ਜਹਾਂ ਗਏ, ਵਹਾਂ-ਵਹਾਂ ਕੇ ਸ਼ਬਦੋਂ ਕੋ ਉਨਹੋਂ ਨੇ ਬਤਾਇਆ - ਗ੍ਰੰਥ ਸਾਹਿਬ ਮੇਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋ ਸਿਰੜ ਚੜ੍ਹ ਗਈ ਥੀ। ਅਬ ਯੇ ਸਿਰੜ (word) ਸ਼ਬਦ ਜੋ ਹੈ, ਕੇਵਲ ਪਹਾੜੀ ਆਦਮੀ ਜਾਨ ਸਕਤਾ ਹੈ ਕਿ ਸਿਰੜ ਕਿਆ ਹੋਤੀ ਹੈ - ਯੇ ਪਹਾੜੀ ਸ਼ਬਦ ਹੈ। ਜਿਤਨੀ ਭੀ ਆਪ ਕੀ ਭਾਸ਼ਾਏਂ ਹੈਂ, ਉਨ ਕੇ ਸ਼ਬਦ ਆਪ ਕੋ ਗ੍ਰੰਥ ਸਾਹਿਬ ਮੇਂ ਮਿਲ ਜਾਏਂਗੇ - ਜੋ ਭੀ ਬੋਲੇ ਆਪ। ਜੋ ਭੀ ਭਾਸ਼ਾ ਹੋ, ਉਸ ਕੇ ਸ਼ਬਦ ਅਵੱਸ਼ਿਆ ਗੁਰੂ ਗ੍ਰੰਥ ਸਾਹਿਬ ਮੇਂ ਮਿਲੇ ਹੁਏ ਹੈਂ। ਇਸ ਕਾ ਕਾਰਣ ਹੈ ਕਿ ਗੁਰੂ ਲੋਗ ਭਾਰਤ ਭ੍ਰਮਣ ਕੀਏ, ਉਸ ਭ੍ਰਮਣ ਮੇਂ, ਉਸ journey ਮੇਂ ਜਹਾਂ ਜਹਾਂ ਗਏ, ਵਹਾਂ-ਵਹਾਂ ਕੀ ਭਾਸ਼ਾ ਭੀ ਉਨਹੋਂ ਨੇ ਗੁਰੂ ਗ੍ਰੰਥ ਸਾਹਿਬ ਮੇਂ ਗ੍ਰੰਥਿਤ ਕਰ ਦੀ। ਏਕ ਮਹਾਨ ਸਾਗਰ ਹੈ - ਸਾਗਰ ਮੇਂ ਜੋ ਜਿਤਨੀ ਡੁਬਕੀ ਲਗਾਏਗਾ, ਉਤਨਾ ਹੀ ਉਸ ਕੋ ਕੁਛ ਨਾ ਕੁਛ ਪ੍ਰਾਪਤ ਹੋਗਾ। ਤੋ ਮੇਰੇ ਕਹਨੇ ਕਾ ਮਤਲਬ ਯੇ ਹੈ ਕਿ ਸ਼ਰਧਾ ਸੇ, ਭਕਤੀ ਸੇ ਆਪ ਗੁਰੂ ਗ੍ਰੰਥ ਸਾਹਿਬ ਕਾ ਸਵੈਧਯ ਕਰੇਂ। ਕੇਵਲ ਗੁਰੂ ਗ੍ਰੰਥ ਸਾਹਿਬ ਕੋ ਪੂਜਨਾ ਹੀ ਕਾਫੀ ਨਹੀਂ ਹੈ। ਹਮ ਲੋਗ ਕਿਆ ਕਰਤੇ ਹੈਂ ਪ੍ਰਾਯ, ਆਰਤੀ ਲੇਕਰ, ਗੁਰੂ ਗ੍ਰੰਥ ਸਾਹਿਬ ਕੋ ਊਪਰ ਸਥਾਨ ਦੇ ਕਰ ਪੂਜਤੇ ਹੈਂ। ਅੱਛੀ ਬਾਤ ਹੈ ਵੋ। ਵੋ ਤੋ ਹੋਨਾ ਹੀ ਚਾਹੀਏ - ਆਦਰ ਔਰ ਸਤਿਕਾਰ ਹੋਨਾ ਚਾਹੀਏ। ਲੇਕਿਨ ਉਸ ਕਾ ਸਵਾਧਯ ਕਰਨਾ, ਉਸ ਕੋ ਸਮਝਨਾ, ਉਸ ਕੇ ਅਨੁਰੂਪ ਚਲਨਾ; ਬਹੁਤ ਬੜੀ ਭਾਰੀ ਬਾਤ ਹੈ। ਵਿਦੇਸ਼ੋਂ ਮੇਂ 156 ਦੇਸ਼ੋਂ ਕਾ ਭ੍ਰਮਣ ਕਰਨੇ ਕੇ ਪਸ਼ਚਾਤ ਮੈਂ ਇਸ ਨਿਰਨੇ ਪਰ ਪਹੁੰਚਾ ਹੂੰ ਕਿ ਵੋ ਕੋਈ ਭੀ ਦੇਸ਼ ਨਹੀਂ, ਜਹਾਂ ਸਿੱਖ ਨਹੀਂ ਹੈਂ। ਅਰ ਵੋ ਭੀ ਕੋਈ ਦੇਸ਼ ਨਹੀਂ, ਜਹਾਂ ਸਿੱਖ ਧਰਮ, ਜਹਾਂ ਗੁਰੂਦੁਆਰਾ ਨਾ ਬਨਾ ਹੋ।

ਅਬ ਆਪ ਕੋ ਏਕ ਬਾਤ ਬਤਾਊਂ - ਮੈਂ ਲੰਡਨ ਮੇਂ ਥਾ, ਤੋ ਗੁਰੂਦੁਆਰਾ ਮੇਂ ਜੈਸੇ ਸਭ ਨੇ ਅਪਨੇ ਅਪਨੇ ਭਾਵ ਪ੍ਰਗਟ ਕੀਏ; ਮੈਨੇ ਭੀ ਭਾਵ ਪ੍ਰਗਟ ਕੀਏ। ਜਬ ਪ੍ਰਸ਼ਾਦ ਬੰਟਨੇ ਲਗਾ, ਤੋ ਕੁਛ ਲੋਗ ਨਾਰਾਜ਼ ਹੋ ਗਏ ਕਿ ਚਮਚ ਸੇ ਪ੍ਰਸ਼ਾਦ ਮਤ ਲੋ, ਹਾਥ ਸੇ ਲੋ। ਇਸੀ ਪੇ ਝਗੜਾ ਹੋ ਗਿਆ, ਤਲਵਾਰੇਂ ਨਿਕਲ ਪੜੀ, ਔਰ ਕਈ ਲੋਗ ਘਾਇਲ ਹੋ ਗਏ। ਇਨ ਬਾਤੋਂ ਸੇ ਸਿਖ ਧਰਮ ਕੋ ਬਹੁਤ ਨੁਕਸਾਨ ਹੂਆ ਹੈ। ਐਸੇ ਭਾਵਨਾਓਂ ਸੇ, ਜਿਸਮੇਂ ਅਪਨੇ ਹੀ ਭਾਈਓਂ ਕੋ, ਅਪਨੇ ਹੀ ਧਰਮ ਕੋ, ਔਰ ਅਪਨੇ ਹੀ ਲੋਗੋਂ ਕੋ ਨੁਕਸਾਨ ਹੋ; ਇਸ ਕੋ ਕਤੱਈ ਨਹੀਂ ਕਰਨਾ ਚਾਹੀਏ। ਮੈਂ ਤੋ ਚੁਪ ਚਾਪ ਰਹਾ - ਬੈਠਾ ਹੂਆ। ਉਸ ਮੇਂ 45 ਆਦਮੀ ਘਾਇਲ ਹੋ

ਗਏ ਥੇ - ਤਲਵਾਰੋਂ ਸੇ। ਮੈਨੇ ਕਹਾ, ਯੇ ਕਿਰਪਾਨ, ਜੋ ਆਪ ਪਹਿਨੇ ਹੋ, ਇਸ ਲੀਏ ਤੋ ਨਹੀਂ ਬਨੀ ਕਿ ਅਪਨੇ ਭਾਈਓਂ ਕੇ ਊਪਰ ਉਸਕਾ ਪ੍ਰਹਾਰ ਕਰੋ। ਸ਼ਕਤੀ ਕਾ ਸਦਉਪਯੋਗ ਸੰਸਾਰ ਮੇਂ ਕਿਸੀ ਨੇ ਨਹੀਂ ਕੀਆ, ਜੈਸੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੀਆ। ਉਨ ਕੇ ਏਕ ਏਕ ਸ਼ਬਦ ਕੋ ਦੇਖ ਲੀਜੀਏ, ਸੰਪੂਰਨ ਜੀਵਨ ਵੋ ਅਧਰਮ ਕੇ ਪ੍ਰਤੀ ਯੁੱਧ ਕਰਤੇ ਰਹੇ, ਪਰ ਕਹੀਂ ਪਰ ਭੀ ਵੋ ਝੁਕੇ ਨਹੀਂ।

ਤੋ ਭਾਈਓ ਔਰ ਬਹਿਨੋ, ਮੇਰਾ ਆਪ ਸੇ ਯਹੀ ਅਨੁਰੋਧ ਹੈ, ਔਰ ਯਹੀ ਕਹਿਨਾ ਹੈ ਕਿ ਆਪ ਕਾ ਧਰਮ ਸਭ ਸੇ ਮਹਾਨ ਹੈ, ਸਭ ਸੇ ਸਰਲ ਹੈ ਔਰ ਉਸ ਮੇਂ ਏਕ ਬਚਿੱਤਰ ਚੀਜ਼, ਏਕ ਸਰਲ ਸੇ ਸਰਲ ਚੀਜ਼ ਬਤਾਈ ਗਈ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਕਾ ਸਾਰ ਹੈ - ਜਪ ਕੇ ਊਪਰ। ਅਬ ਜਿਤਨੇ ਦਿਨ ਭੀ ਹਮ ਬੋਲੇਂਗੇ, ਕੇਵਲ ਯਹੀ (Theme) ਵਿਸ਼ਾ ਕੋ ਲੇਕਰ ਕੇ ਬੋਲੇਂਗੇ ਕਿ ਜਪ ਕੈਸੇ ਹੋਨਾ ਚਾਹੀਏ? ਕਿਤਨੇ ਪ੍ਰਕਾਰ ਕਾ ਜਪ ਹੋਤਾ ਹੈ? ਕੈਸੇ ਜਪ ਕੀਆ ਜਾਤਾ ਹੈ? ਮਾਲਾ ਸੇ ਜਪ ਕਰਨੇ ਮੇਂ ਕਿਆ ਲਾਭ ਹੈ? ਮੂੰਹ ਸੇ ਜਪ ਕਰਨੇ ਮੇਂ ਕਿਆ ਲਾਭ ਹੈ? ਸਵਾਸ ਮੇਂ ਜਪ ਕਰਨੇ ਸੇ ਕਿਆ ਲਾਭ ਹੈ? ਔਰ ਮਨ ਹੀ ਮਨ ਜਪ ਕਰਨੇ ਮੇਂ ਕਿਆ ਲਾਭ ਹੈ? ਯੇ ਸਭ ਵਿਚਾਰ ਹਮ ਆਪ ਕੇ ਸਨਮੁਖ ਰਖੇਂਗੇ। ਅਪਨੇ ਹੀ ਅਨੁਭਵ ਨਹੀਂ, ਜਿਨ ਜਿਨ ਮਹਾਂਪੁਰਸ਼ੋਂ ਕੇ ਚਰਨੋ ਮੇਂ ਬੈਠ ਕਰ ਤੀਨ ਬਰਸ਼ ਕੀ ਆਯੂ ਸੇ ਲੇਕਰ ਅਬ ਤਕ ਜੋ ਭੀ ਮੈਨੇ ਸੀਖਾ ਹੈ - ਧਿਆਨ ਔਰ ਜਪ ਕੇ ਵਿਸ਼ੇ ਮੇਂ - ਮੈਂ ਉਸੇ ਆਪ ਕੇ ਸਾਮਨੇ ਰਖਨਾ ਚਾਹਤਾ ਹੂੰ।

ਤੋ ਆਜ ਕਾ ਵਿਸ਼ਾ ਯੇ ਹੋਗਾ ਕਿ ਜਬ ਆਪ ਜਪ ਕਰੋ, ਤੋ ਕੈਸੇ ਆਪ ਕੋ ਬੈਠਨਾ ਚਾਹੀਏ? ਜੈਸੇ ਆਪ ਬੈਠੇਂ, ਵੈਸੇ ਹੀ ਆਪ ਸਵਾਸ ਲੇਂਗੇਂ ; ਕੌਨ ਸਾ ਅੱਛਾ ਤਰੀਕਾ ਹੈ ਜੋ ਅੱਛੇ ਬੈਠਨੇ ਸੇ, ਔਰ ਫਿਰ ਸੁਆਸ ਲੇਨੇ ਸੇ ਆਪ ਕਾ ਜਪ ਔਰ ਧਿਆਨ, ਔਰ ਗਹਿਰਾਈ ਮੇਂ ਜਾ ਸਕਤਾ ਹੈ। ਸਿਰ, ਗਰਦਨ ਔਰ ਰੀੜ ਕੀ ਹੱਡੀ ਕੋ ਸੀਧਾ ਰੱਖਨਾ ਚਾਹੀਏ, ਜਿਸ ਵਕਤ ਕਿ ਆਪ ਜਪ ਔਰ ਧਿਆਨ ਕਰੇਂ। ਯੇ ਵਿਸ਼ੇਸ਼ ਏਕ ਪ੍ਰਕ੍ਰਿਆ ਹੋਤੀ ਹੈ। ਵੈਸੇ ਤੋ ਹਰ ਵਕਤ ਹੋ ਸਕਤਾ ਹੈ; ਭਾਓ ਹੋ, ਕੁਭਾਓ ਹੋ, ਆਲਸ ਹੋ; ਹਰ ਵਕਤ ਜਪ ਹੋ ਸਕਤਾ ਹੈ ਲੇਕਿਨ ਜੋ ਸਵਸਥ ਹੈਂ ਔਰ ਬਾਲਪਨ ਸੇ ਯੇ ਸਿਖਸ਼ਾ ਜਬ ਦੀ ਜਾਏਗੀ ਤੋ ਉਸ ਮੇਂ ਜਿਹ ਹੋਨਾ ਚਾਹੀਏ ਕਿ ਜਪ ਕੈਸੇ ਹੋ, ਧਿਆਨ ਕੈਸੇ ਹੋ। ਅਬ ਕਹੋ ਕਿ ਧਿਆਨ ਕਿਸ ਕਾ ਕਰੋ। ਮੇਰਾ ਮਤਲਬ ਨਹੀਂ ਕਿ ਕਿਸੀ ਮੂਰਤੀ ਕਾ ਧਿਆਨ ਕਰੋ; ਯੇ ਮਤਲਬ ਨਹੀਂ। ਜਪ ਠੀਕ ਹੋ ਰਹਾ ਹੈ ਜਾਂ ਨਹੀਂ ਹੋ ਰਹਾ ਹੈ, ਇਸੀ ਕਾ ਹੀ ਧਿਆਨ ਰੱਖਨਾ ਚਾਹੀਏ ਕਿ ਮੇਰਾ ਮਨ ਇਧਰ ਉਧਰ ਤੋ ਨਹੀਂ ਭਟਕ ਰਹਾ ਹੈ, ਮੇਰਾ ਮਨ ਕਿਤਨੀ ਬਾਰ ਭਟਕ ਕਰ ਕੇ ਇਧਰ ਉਧਰ ਜਾ ਰਹਾ ਹੈ? ਯੇ ਜਬ ਵਿਚਾਰ ਹੋਨੇ ਲਗੇਗਾ, ਤੋ ਧੀਰੇ ਧੀਰੇ, ਮਨ ਅਪਨੇ ਕਾਬੂ ਆ ਜਾਏਗਾ। ਤੋ ਸਿਰ ਗਰਦਨ ਔਰ ਰੀੜ ਕੀ ਹੱਡੀ ਕੋ ਸੀਧਾ ਰੱਖ ਕਰਕੇ ਸਥਿਰਤਾ ਸੇ ਬੈਠੋਂ। ਪੈਰ ਕੈਸੇ ਰਹੇਂ, ਕਿਆ ਰਹੇਂ; ਯੇ (secondary) ਦੂਸਰੀ ਚੀਜ਼ ਹੈ। ਉਸੀ ਆਸਨ ਮੇਂ ਬੈਠਨਾ ਚਾਹੀਏ ਔਰ ਉਸੀ ਕੋ ਨਿਤ ਅਭਿਆਸ ਕਰਤੇ ਰਹਨਾ ਚਾਹੀਏ। ਰੋਜ਼ ਆਸਨ ਬਦਲ ਕਰ, ਕਭੀ ਇਧਰ, ਕਭੀ ਇਧਰ ਕਰਕੇ ਬੈਠਨਾ ਅੱਛਾ ਨਹੀਂ। ਏਕ ਹੀ ਆਸਨ ਮੇਂ ਅਭਿਆਸ ਕਰ ਲੇਨਾ ਚਾਹੀਏ। ਪਹਿਲੇ ਅਪਨੇ ਸਰੀਰ ਕੀ ਗਤੀ ਕੋ ਦੇਖ ਲੇਂ ਕਿ ਕੌਨ ਆਸਨ ਮੁਝੇ ਅੱਛਾ ਲਗਤਾ ਹੈ, ਤੋ ਉਸੀ ਆਸਨ ਮੇਂ ਬੈਠਨਾ ਚਾਹੀਏ। 'ਸਥਿਰ ਸੁਖ ਆਸਨੰ' - ਜਿਸ ਆਸਨ ਸੇ ਸੁਖ ਭੀ ਮਿਲੇ ਔਰ ਸਥਿਰਤਾ ਰਹੇ, stillness ਰਹੇ।

ਬਾਈਬਲ ਮੇਂ ਭੀ ਏਕ ਬਹੁਤ ਸੁੰਦਰ (word) ਸ਼ਬਦ ਆਇਆ ਹੈ, ਲੇਕਿਨ ਉਸ ਮੇਂ (christian) ਈਸਾਈ ਲੋਗ ਸਮਝਤੇ ਨਹੀਂ। ਬਾਈਬਲ ਮੇਂ ਲਿਖਾ ਹੈ (Be still and know that I am God.) ਸਥਿਰ ਰਹੋ ਔਰ ਸਮਝੋ ਕਿ ਮੈਂ ਭਗਵਾਨ ਹੂੰ)। ਬਹੁਤ ਬੜੀ ਭਾਰੀ ਚੀਜ਼ ਲਿਖ ਦੀ ਹੈ - Be still and know that I am God. ਵੋ ਸਾਧਕੋਂ ਕੇ ਲੀਏ ਲਿਖਾ ਹੈ ਕਿ ਹੇ ਸਾਧਕ! ਜਬ ਤਕ ਤੂੰ still ਸਥਿਰ ਨਹੀਂ ਹੋਗਾ, ਤਬ ਤਕ ਤੂੰ God ਕੋ ਨਹੀਂ ਮਿਲੇਗਾ। God ਕਾ ਮਤਲਬ ਕਿਆ ਹੈ? ਅਪਨੇ ਸੇ ਬਾਹਰ ਵਾਲੇ God, ਜੋ ਚਾਂਦ, ਸੂਰਜ, ਸਿਤਾਰੋਂ ਸੇ ਊਪਰ ਰਹਿਤਾ ਹੈ, ਉਸ ਕੀ ਬਾਤ ਨਹੀਂ ਕੀ। ਅਪਨੇ ਅੰਦਰ - ਨਹਿਤ ਜੋ ਪ੍ਰਮਾਤਮਾ ਹੈ, ਉਸ ਕਾ ਅਨੁਭਵ ਤੁਮਕੋ ਨਹੀਂ ਹੋ ਸਕਤਾ। ਪ੍ਰਮਾਤਮਾ ਸਰਬਤ੍ਰ ਹੈਂ - (Omnipresent) ਸਰਬ ਵਿਆਪਕ, (Omnipotent) ਸਰਬ ਸ਼ਕਤੀਮਾਨ, (Omniscient) ਸਰਵੱਗ ਹੈਂ; ਸਭ ਜਗਹ, ਸਰਬਤ੍ਰ ਪ੍ਰਮਾਤਮਾ ਹੈਂ, ਅਪਨੇ ਅੰਦਰ -ਨਹਿਤ ਪ੍ਰਮਾਤਮਾ ਕੋ ਛੋਡ ਕਰ, ਜੋ ਇਧਰ ਉਧਰ ਭਟਕਤੇ ਹੈਂ, ਉਨ ਕੋ ਮੂਰਖ ਕਹਾ ਜਾਤਾ ਹੈ। ਇਸ ਤੀਰਥ ਮੇਂ ਜਾ ਰਹੇ ਹੈਂ, ਉਸ ਤੀਰਥ ਮੇਂ ਜਾ ਰਹੇ ਹੈਂ; ਜਿਹ ਤੀਰਥ ਹੈਂ ਕਿਆ? ਜਹਾਂ-ਜਹਾਂ ਸੰਤ ਗਏ ਔਰ ਸੰਤੋਂ ਨੇ ਨਿਵਾਸ ਕੀਆ ਔਰ ਅਭਿਆਸ ਕੀਆ; ਵਹੀ ਜਗਹ ਤੀਰਥ ਹੋ ਗਈ। ਸਬ ਸੇ ਬੜਾ ਭਾਰੀ ਤੀਰਥ ਹੈ - ਆਪ ਕੇ ਅੰਦਰ। ਅਗਰ ਆਪ ਕੋ ਕਹੀਂ ਜਾਨਾ ਹੋ, ਤੋ ਅਪਨੇ ਅੰਦਰ ਪ੍ਰਵੇਸ਼ ਕੀਜੀਏ ਗੁਰੂ ਨਾਨਕ ਦੇਵ ਜੀ ਨੇ ਇਸਕੋ ਬਹੁਤ ਪਹਿਲੇ ਹੀ ਸਮਝ ਲੀਆ ਥਾ। ਵੋ ਸੰਨਿਆਸ ਧਰਮ ਮੇਂ ਵਿਸਵਾਸ਼ ਨਹੀਂ ਕਰਤੇ ਥੇ ਕਿਉਂਕਿ ਸੰਨਿਆਸ ਧਰਮ ਸਭ ਕੇ ਲੀਏ ਨਹੀਂ ਹੈ; ਲੋਹੇ ਕੇ ਚਨੇ ਚਬਾਨੇ ਹੈਂ। ਇਤਨੀ ਗਲਤੀਆਂ ਹੋ ਜਾਤੀ ਹੈਂ - ਹਮ ਹੀ ਮੇ ਜੀਵਨ ਮੇਂ ਇਤਨੀ ਗਲਤੀਆਂ ਹੂਈਂ ਕਿ ਜਬ ਯਾਦ ਆਤੀ ਹੈ ਤੋ ਰੋਤਾ ਹੂੰ। ਇਸ ਲੀਏ ਜਹਾਂ ਹੋ, ਗ੍ਰਹਿਸਤ ਜੀਵਨ ਮੇਂ ਰਹਿ ਕਰ, ਪਤੀ ਪਤਨੀ ਅਪਨਾ ਜੀਵਨ ਇਸ ਤਰਹ ਸੇ ਬਨਾਏਂ ਜੈਸੇ ਕਿ ਏਕ ਰਥ ਕੇ ਦੋ ਪਹੀਏ ਹੋਤੇ ਹੈਂ, ਔਰ ਉਨਹੀਂ ਦੋ ਪਹੀਓਂ ਸੇ ਰਥ ਪੂਰਾ ਆਗੇ ਚਲਾ ਜਾਤਾ ਹੈ। ਯਹੀ ਗੁਰੂ ਨਾਨਕ ਦੇਵ ਜੀ ਕਾ ਸਿਧਾਂਤ ਗ੍ਰਹਿਸਤ ਕੇ ਲੀਏ ਹੈ ਕਿ ਗ੍ਰਹਿਸਤ ਜੀਵਨ ਬਤੀਤ ਕਰਤੇ ਹੂਏ ਹੀ ਪ੍ਰਮਾਤਮਾ ਕਾ ਸ਼ਾਖਸ਼ਾਤਕਾਰ ਕਰੋ।

ਤੀਨ ਮਹਾਂਪੁਰਸ਼ੋਂ ਕਾ ਬਹੁਤ ਭਾਰੀ ਮੇਰੇ ਜੀਵਨ ਪਰ ਅਸਰ ਪੜਾ ਹੈ - ਗੁਰੂ ਨਾਨਕ ਦੇਵ ਜੀ, ਮਹਾਤਮਾ ਬੁਧ ਔਰ ਏਕ ਮੁਝੇ ਐਸੇ ਸੰਤ ਮਿਲੇ ਥੇ, ਮੈਂ ਤੋ ਅਸਚਰਯ ਹੀ ਆਜ ਤਕ ਨਹੀਂ ਸਮਝ ਪਾਇਆ, ਕਿਉਂ ਐਸਾ ਕਰਤੇ ਥੇ। ਇਲਾਹਬਾਦ ਕੀ ਬਾਤ ਹੈ। ਵਹਾਂ ਪਹਿਲੇ ਪੜ੍ਹਤਾ ਭੀ ਥਾ ਮੈਂ। ਤੋ ਸੰਗਮ ਮੇਂ ਗਿਆ, ਜਹਾਂ ਪਰ ਕਿ ਗੰਗਾ ਔਰ ਜਮੁਨਾ ਮਿਲਤੀ ਹੈਂ ਤੋ ਸ਼ਾਮ ਕੋ ਏਕ ਸੰਤ ਮੁਝੇ ਮਿਲਾ। ਤੋ ਬੋਲੇ, ਇਧਰ ਆ ਬੇ - ਤੂਨੇ ਪਹਿਚਾਨਾ ਨਹੀਂ ਮੁਝੇ? ਮੈਨੇ ਕਹਾ, ਆਪ ਕੌਨ ਹੋ? ਬੋਲੇ, ਜਿਸਕੀ ਗੁਦੜੀ ਤੂੰ ਉਠਾ ਨਹੀਂ ਪਾਇਆ ਥਾ, ਵੋਹੀ ਹੂੰ ਮੈਂ। ਮੁਝੇ ਯਾਦ ਆ ਗਈ ਕਿ ਏਕ ਬਾਰ ਹੇਮਕੁੰਟ ਕੇ ਰਾਸਤੇ ਮੇਂ - ਉਸ ਵਕਤ ਤੋਂ ਗੁਰਦੁਆਰਾ ਨੀਚੇ ਨਹੀਂ ਬਨਾ ਥਾ - ਮੁਝੇ ਏਕ ਸੰਤ ਮਿਲੇ ਥੇ। ਉਨ ਕਾ ਨਾਮ ਥਾ - ਗੁਦੜੀ ਵਾਲੇ ਬਾਬਾ, ਹਮ ਤੋ ਕੋਈ ਜਾਨਤਾ ਨਹੀਂ ਥਾ। ਪਰ

ਅਭੀ ਤੱਕ ਮੁਝੇ ਸਿਖੋਂ ਮੇਂ ਯਾ ਕਿਸੀ ਭੀ ਧਰਮ ਕੇ ਕਿਸੀ ਮਨੁਸ਼ਯ ਕੋ ਮੈਨੇ ਨਹੀਂ ਦੇਖਾ ਜਿਸਕੋ ਪੂਰਾ ਗੁਰੂ ਗ੍ਰੰਥ ਸਾਹਿਬ (by heart) ਜ਼ਬਾਨੀ ਯਾਦ ਹੋ। ਵੋ ਲੇਟ ਜਾਤੇ ਥੇ, ਔਰ ਪੂਰਾ ਗ੍ਰੰਥ ਸਾਹਿਬ ਬੋਲ ਦੇਤੇ ਥੇ - by heart, ਔਰ ਯੇ ਰੋਜ਼ ਕਾ ਕਾਰਯ ਥਾ ਉਨ ਕਾ - ਪਾਠ ਕਰਨੇ ਕਾ; ਇਤਨੀ ਤੇਜ਼ੀ ਸੇ ਬੋਲਤੇ ਥੇ ਵੋ, ਇਤਨੀ ਜਲਦੀ-ਜਲਦੀ ਬੋਲਤੇ ਥੇ। ਉਸ ਮਹਾਂਪੁਰਸ਼ ਕਾ ਭੀ ਮੇਰੇ ਜੀਵਨ ਪਰ ਬੜਾ ਭਾਰੀ ਏਕ ਛਾਪ ਪੜੀ। ਤੋ ਮੈਨੇ ਕਹਾ ਯੇ ਲੋਗ ਬਹੁਤ ਤੰਗ ਕਰਤੇ ਹੈਂ; ਮੇਰੇ ਸਰੀਰ ਪਰ ਹੀ ਲੋਗੋਂ ਕਾ ਜ਼ਿਆਦੇ ਧਿਆਨ ਹੈ; ਸੁਬਹ ਸੇ ਹੀ ਖਿਲਾਨਾ, ਪਿਲਾਨਾ - ਬਹੁਤ ਤੰਗ ਆ ਗਿਆ ਤੋ ਮੈਂ ਚਲਾ ਆਇਆ - ਇਲਾਹਾਬਾਦ ਮੇਂ। ਯਹਾਂ ਕੋਈ ਪਹਿਚਾਨਤਾ ਨਹੀਂ; ਲੋਗ ਸਮਝਤੇ ਹੈਂ - ਪਾਗਲ ਹੈ। ਪਾਗਲੋਂ ਕੀ ਤਰਹ ਬੋਲਤਾ ਹੂੰ, ਕੋਈ ਮੇਰੀ ਬਾਤ ਸਮਝਤਾ ਨਹੀਂ ਬੇਟਾ, ਔਰ ਮੈਂ ਜਾਨ ਬੂਝ ਕਰ ਕਰਤਾ ਹੂੰ। ਤੁਮ ਕੋ ਪਹਿਚਾਨਾ, ਇਸ ਲੀਏ ਤੁਮ ਕੋ ਬੁਲਾ ਲੀਆ।

ਐਸੇ ਭੀ ਹਮਾਰੇ ਭਾਰਤ ਵਰਸ਼ ਮੇਂ ਮਹਾਂਪੁਰਸ਼ ਹੈਂ ਜਿਨ ਕੀ ਕਿਰਪਾ ਸੇ ਹਮ ਲੋਗ, ਹਮਾਰਾ ਭਾਰਤ-ਵਰਸ਼ ਚਲਤਾ ਹੈ। ਹਮਾਰਾ ਭਾਰਤ-ਵਰਸ਼ ਕਿਸੀ politicians ਕੇ ਆਧਾਰ ਪਰ ਨਹੀਂ ਚਲਤਾ। ਯੇ ਤੋ ਈਸ਼ਵਰ ਕੀ ਕਿਰਪਾ ਕੇ ਊਪਰ ਚਲਤਾ ਹੈ, ਸੰਤੋਂ ਕੀ ਕਿਰਪਾ ਕੇ ਊਪਰ ਚਲਤਾ ਹੈ। ਤੋ ਅਬ ਮੈਂ ਆਪਸੇ ਬਾਤ ਕਰੂੰਗਾ। ਮੇਰੇ ਵਿਚਾਰ ਮੇਂ ਹਮਾਰੇ ਜੋ ਲੈਕਚਰਜ਼, ਲੈਕਚਰਜ਼ ਨਾ ਹੋ ਕਰ ਏਕ ਸਾਧਨਾ ਕੀ ਬਾਤਚੀਤ ਹੋ ਤੋ ਅੱਛਾ ਹੈ। ਮੈਨੇ ਕਹਾ ਕਿ ਸਿਰ, ਗਰਦਨ ਔਰ ਰੀੜ ਕੀ ਹੱਡੀ ਕੋ ਸੀਧੀ ਰਖ਼ ਕਰ ਬੈਠਨੇ ਕਾ ਅਭਿਆਸ ਕਰੋ। ਔਰ ਧੀਰੇ-ਧੀਰੇ ਆਪ ਕੋ ਜਿਹ ਲਗੇਗਾ; ਇਤਨਾ ਨਾ ਆਪ ਸੋਚੇਂ ਪਹਿਲੇ ਕਿ ਕਿਤਨੀ ਦੇਰ ਤਕ ਬੈਠਨਾ ਹੈਂ; ਸਮਯ ਨ ਦੇਖਾ ਕਰੇਂ। ਜਿਤਨੀ ਦੇਰ ਤੱਕ ਆਪ ਕਾ ਮਨ ਖ਼ੁਸ਼ ਰਹੇ, ਪ੍ਰਫੁੱਲਤ ਰਹੇ; ਉਤਨੀ ਦੇਰ ਤੱਕ ਬੈਠਨਾ ਚਾਹੀਏ ਔਰ ਧੀਰੇ-ਧੀਰੇ, ਸਨੇ-ਸਨੇ ਅਭਿਆਸ ਕਰਤੇ ਰਹਿਨਾ ਚਾਹੀਏ। ਸਮਯ ਔਰ ਆਸਨ, ਦੋ ਚੀਜ਼ੋਂ ਕਾ ਪ੍ਰਬਲ ਪ੍ਰਭਾਵ ਹੋਤਾ ਹੈ। ਠੀਕ ਸਮਯ ਪਰ, ਔਰ ਏਕ ਹੀ ਆਸਨ ਪਰ, ਜੋ ਆਪ ਕੋ ਪਸੰਦ ਹੋ - ਵੋ ਕਰੇਂ। ਜਿਹ ਜੋ (limits) ਸੀਮਾ ਹੈਂ - (upper extremities) ਊਪਰ ਕੀ ਸੀਮਾ ਔਰ (lower extremities) ਨੀਚੇ ਕੀ ਸੀਮਾ; ਇਨਕੋ ਸਮੇਟ ਲੇਨਾ ਹੀ ਅੱਛਾ ਹੈ। ਆਪ ਦੇਖੇਂਗੇ - ਜਬ ਆਪ ਬੈਠੇਂਗੇ, ਕਿਸੀ ਬੱਚੇ ਕੋ ਬਿਠਾ ਕਰ ਔਰ ਏਕ ਕੈਮਰਾ ਫਿਟ ਕਰਕੇ ਦੇਖ ਲੀਜੀਏ; ਹਮਨੇ ਇਸ ਕੋ scientifically observe (ਵਿਗਿਆਨਕ ਨਿਰੀਖਣ) ਕੀਆ - ਇਨ ਚੀਜ਼ੋਂ ਕੋ। ਤੋ ਪਹਿਲੇ ਜਿਸ ਕੋ ਭੀ ਆਪ, ਕਿਸੀ ਕੋ ਭੀ; ਜਾਨਵਰ ਸੇ ਲੇਕਰ, ਮਨੁਸ਼ਯ ਸੇ ਲੇਕਰ ਕਿਸੀ ਕੋ ਭੀ ਆਪ discipline (ਅਨੁਸ਼ਾਸ਼ਨ) ਕਰੇਂਗੇ, ਸੰਯਮ ਮੇਂ ਰੱਖੇਂਗੇ ਤੋ ਉਸ ਕੇ ਅੰਦਰ ਸੰਯਮ ਕੇ ਖਿਲਾਫ ਏਕ ਚੀਜ਼ ਪੈਦਾ ਹੋ ਜਾਤੀ ਹੈ - ਕਿਉਂ ਮੁਝੇ ਸੰਜਮ ਮੇਂ ਰੱਖਾ ਜਾ ਰਹਾ ਹੈ? ਆਪ ਸਰੀਰ ਕੋ ਜਬ discipline ਕਰਤੇ ਹੈਂ ਤੋ ਸਰੀਰ ਚੁਪ ਚਾਪ ਬੈਠੇ, ਤੋ ਕਭੀ ਗਰਦਨ ਇਉਂ ਹੋ ਜਾਏਗੀ, ਕਭੀ ਇਉਂ ਹੋ ਜਾਏਗੀ, ਕਭੀ ਇਉਂ ਹੋ ਜਾਏਗੀ। ਯੇ ਇਸ ਲੀਏ ਹੋਤੀ ਹੈ ਕਿ ਸਰੀਰ ਕੋ ਹਮਨੇ discipline (ਅਨੁਸ਼ਾਸ਼ਨ) ਮੇਂ ਨਹੀਂ ਕੀਆ ਹੈ। ਸਰੀਰ ਕੋ ਸਵਸਥ ਬਨਾਨਾ ਹੀ ਪਰਿਆਪਤ (ਕਾਫੀ) ਨਹੀਂ; ਕਿਸ ਲੀਏ ਸਵਸਥ ਹੋ ਸਰੀਰ? ਆਪ ਨੇ ਸੋਚਾ ਹੋਗਾ ਨ, ਕਈ ਮਹਾਤਮਾ ਆਤੇ ਹੈਂ ਕਿ ਹਮ ਤੋ ਪਾਨੀ-ਪਾਨੀ ਪੀਤੇ ਹੈਂ। ਤੋ ਮੈਂ ਅਪਨੇ ਗੁਰੂ ਜੀ ਕੇ ਪਾਸ ਗਿਆ ਤੋ ਮੈਨੇਂ ਕਹਾ, ਮਹਾਰਾਜ! ਆਪ ਸੇ ਭੀ ਊਂਚਾ ਏਕ ਸੰਤ ਆਇਆ ਹੂਆ ਹੈ ਜੋ ਕਹਿਤਾ ਹੈ, ਹਮ ਪਾਨੀ-ਪਾਨੀ ਪੀਤੇ ਹੈਂ - ਬੜੀ ਜ਼ੋਰ ਸੇ ਹੰਸੇ। ਬੋਲੇ, ਅਬੈ ਮੱਛਲੀ ਭੀ ਤੋ ਰੋਜ਼ ਪਾਨੀ - ਪੀਤੀ ਹੈ; ਪਾਨੀ-ਪਾਨੀ ਹੀ ਤੋ ਪੀਤੀ ਹੈ, ਔਰ ਕਿਆ ਪੀਤੀ ਹੈ। ਇਸ ਤਰਹ ਕੇ ਬਾਹਰੀ ਆਚਰਣ ਸੇ, ਪਾਖੰਡੋਂ ਸੇ ਭਈਆ, ਕਹੀਂ ਕੁਛ ਨਹੀਂ ਹੋਤਾ - ਮੇਰਾ ਜੋ observation (ਨਿਰੀਖਣ) ਹੈ। ਤੋ ਜਬ ਆਪ ਨੇ ਦੇਖਾ ਕਿ ਕੁਛ ਕਾਲ ਤਕ ਯੇ gosh (ਹੈਰਾਨੀਜਨਕ) disturbances (ਅਸ਼ਾਂਤੀ) ਜੋ (body) ਸਰੀਰ ਮੇਂ ਹੈਂ, ਯੇ ਸਮਾਪਤ ਹੋ ਜਾਤੇ ਹੈਂ - ਖ਼ੁਦ ਹੀ। ਆਪਨੇ ਸੋਚਾ ਕੁਛ ਭੀ ਹੋ, ਸਬ ਸੇ ਮਹਾਨ ਚੀਜ਼ ਆਪ ਕੇ ਜੀਵਨ ਮੇਂ ਏਕ ਹੈ, ਆਪ ਕੇ ਅੰਦਰ ਹੈ - ਸੰਕਲਪ ਸ਼ਕਤੀ। ਸੰਕਲਪ ਸ਼ਕਤੀ (determination) ਪੱਕਾ ਇਰਾਦਾ - ਮੈਂ ਕਰੂੰਗਾ, ਮੁਝੇ ਕਰਨਾ ਹੈ, ਮੈਂ ਕਰ ਸਕਤਾ ਹੂੰ। ਏਕ (determination) ਪੱਕਾ ਇਰਾਦਾ ਹੋਨਾ ਚਾਹੀਏ, ਏਕ ਸੰਕਲਪ ਬਨਾ ਲੇਨਾ ਚਾਹੀਏ - ਕੁਛ ਭੀ ਹੋ ਸੰਸਾਰ ਮੇਂ, ਮੈਂ ਇਤਨਾ ਸਮਯ ਜ਼ਰੂਰ ਧਿਆਨ ਕਰੂੰਗਾ, ਜਪ ਕਰੂੰਗਾ; ਹਰ ਵਕਤ ਕਰਤਾ ਰਹੂੰਗਾ ਲੇਕਿਨ ਉਸ ਵਕਤ ਜਪ ਕੇ ਸਿਵਾ ਕੋਈ ਦੂਸਰੀ ਚੀਜ਼ ਨਹੀਂ ਆਨੇ ਦੂੰਗਾ। ਉਸ ਸੰਕਲਪ ਸ਼ਕਤੀ ਸੇ will power ਬੜ੍ਹਤੀ ਹੈ, ਆਤਮ-ਸ਼ਕਤੀ ਬੜ੍ਹਤੀ ਹੈ ਔਰ ਉਸ ਆਤਮ-ਸ਼ਕਤੀ ਸੇ ਜੀਵਨ ਕ੍ਰਿਤਾਰਥ ਹੋਤਾ ਹੈ।

ਸਾਧਨਾ ਬਹੁਤ ਬੜੀ ਭਾਰੀ ਚੀਜ਼ ਹੈ। ਅਭਿਆਸ ਕਰਨੇ ਸੇ ਜੋ ਪ੍ਰਾਪਤ ਹੋਤਾ ਹੈ, ਜੋ ਸੁਖ ਔਰ ਸ਼ਾਂਤੀ ਪ੍ਰਾਪਤ ਹੋਤੀ ਹੈ, ਵੋ ਸੰਸਾਰ ਮੇਂ ਕੋਈ ਭੀ ਸੁਖ ਔਰ ਸ਼ਾਂਤੀ ਬਾਹਰੀ ਉਪਕਰਨੋਂ ਸੇ ਨਹੀਂ ਮਿਲ ਸਕਤੀ; ਸਾਧਨਾ ਸੇ ਮਿਲਤੀ ਹੈ। ਆਪ ਸਭ ਸੇ ਜ਼ਿਆਦੇ ਸੁਰਖਸ਼ਿਤ ਅਭੀ ਨਹੀਂ ਹੈਂ। ਆਪ ਸੋਚ ਰਹੇਂ ਹੈਂ ਕਿ ਅਭੀ ਹਮ ਸੁਰਖਸ਼ਿਤ ਹੈਂ; ਨਹੀਂ ਹੈਂ। ਲੇਕਿਨ ਜਿਸ ਵਕਤ ਆਪ ਸਾਧਨਾ ਕਰੇਂਗੇ, ਸਭ ਸੇ ਜ਼ਿਆਦੇ ਸੁਰਖਸ਼ਿਤ ਹੈਂ - ਆਪ। ਮੈਂ ਆਪ ਕੋ ਏਕ ਕਿੱਸਾ ਸੁਨਾਤਾ ਹੂੰ - ਮੈਂ Bombay ਮੇਂ ਥਾ, ਜਬ ਭੂ-ਕੰਪ ਆਇਆ। ਸਾਰਾ ਬਲੈਕ ਆਊਟ ਹੋ ਗਿਆ। ਤੋ ਦੋਨੋਂ ਧਾਰ - Horizontal ਔਰ vertical; ਤੋ ਪਹਿਲੇ ਧੱਕਾ ਲਗਾ, ਤੋ ਮੈਂ ਬੈਠੇ ਬੈਠੇ ਆਗੇ ਖਿਸਕਾ; ਫਿਰ ਧੱਕਾ ਲਗਾ ਤੋ ਮੈਂ - ਦੋ ਚਾਰਪਾਈ ਸਾਥ-ਸਾਥ ਥੀ, ਏਕ ਸੇ ਦੂਸਰੇ ਮੇਂ ਚਲਾ ਗਿਆ। ਤੋ ਆਂਖ ਬੰਦ ਕੀਆ ਤੋ ਮੈਨੇ ਕਹਾ, ਭਾਈ ਕਿਉਂ ਤੰਗ ਕਰ ਰਹੇ ਹੋ? ਗ੍ਰਹਿਸਤੋਂ ਕੇ ਘਰ ਠਹਿਰਨੇ ਮੇਂ ਯਹੀ ਨੁਕਸਾਨ ਹੈ ਇਨਕੋ। ਚਾਰੋਂ ਤਰਫ ਸੇ ਸ਼ੋਰ ਮਚ ਰਹਾ ਥਾ - ਭਾਗੋ-ਭਾਗੋ, ਅੰਧਕਾਰ ਚਾਰੋਂ ਤਰਫ - ਲੋਗ ਭਾਗ ਰਹੇ ਥੇ। ਤਬ ਮੁਝੇ ਖਿਆਲ ਆਇਆ, ਯੇ ਤੋ ਭੂ-ਕੰਪ ਆ ਗਿਆ ਹੈ, earth-quake ਹੋ ਗਿਆ ਹੈ, ਤੋ ਮੈਨੇ ਆਂਖ ਬੰਦ ਕਰ ਲੀ ਔਰ ਅਪਨੇ ਜਪ ਧਿਆਨ ਮੇਂ ਲਗ ਗਿਆ। ਜਪ ਔਰ ਧਿਆਨ ਕਰਤੇ ਹੁਏ ਸਰੀਰ ਛੂਟ ਜਾਏ, ਇਸ ਸੇ ਬੜ ਕਰ ਕਿਆ ਚੀਜ਼ ਹੈ, ਇਸ ਸੇ ਬੜ ਕਰ ਕੌਨ ਸੀ ਮਿਰਤੂ ਹੋ ਸਕਤੀ ਹੈ - ਕੋਈ ਨਹੀਂ ਹੋ ਸਕਤੀ। ਔਰ ਪ੍ਰਮਾਤਮਾ ਕਾ ਭੈ ਨਹੀਂ ਹੈ, ਔਰ ਮਿਰਤੂ ਕਾ ਭੈ ਹੋ ਜਾਏ! ਇਸ ਸੇ ਬੜੀ ਮੂਰਖਤਾ ਕਿਆ ਹੋ ਸਕਤੀ ਹੈ? ਜੋ ਈਸ਼ਵਰ ਸੇ ਭੈ ਨਾ ਖਾਏ, ਔਰ ਮੌਤ ਸੇ ਭੈ ਖਾਏ; ਉਸ ਕਾ ਜੀਵਨ ਤੋ ਨਿਰਾਰਥਕ ਹੀ ਹੈ। ਮੁਝੇ ਤੋ ਜਬ ਕਭੀ ਭੀ ਕੋਈ ਕਸ਼ਟ ਹੋਤਾ ਹੈ, ਤਬ ਪ੍ਰਤੀਤ ਹੋਤਾ ਹੈ, ਮਹਿਸੂਸ ਹੋਤਾ ਹੈ; ਏਕ ਮਾਨਵ ਔਰ ਸਰੀਰ ਧਾਰੀ ਬਾਤ ਕਰ ਰਹਾ ਹੂੰ, ਮੈਂ ਤੋ ਉਸਕਾ ਨਾਮ ਚੁਪ-ਚਾਪ ਬੈਠ ਕਰ ਜਪਨੇ ਲਗਤਾ ਹੂੰ, ਬਾਹਰੀਯ ਸਭ ਚੀਜ਼ੇਂ ਬੰਦ ਕਰਕੇ ਜਪਨੇ ਲਗਤਾ ਹੂੰ। ਮੇਰੇ ਸਭ

ਕਾਮ ਉਸ ਕੇ ਨਾਮ ਪਰ ਹੋਤੇ ਹੈਂ। ਇਤਨੀ ਆਪਨੇ ਤਾਰੀਫ ਕੀ ਕਿ ਸੁਆਮੀ ਰਾਮ ਯੇ ਹੈ, ਸੁਆਮੀ ਰਾਮ ਯੇ ਹੈ - ਕੁਛ ਨਹੀਂ ਹੈ। ਵੋ ਤੋ ਕੱਖ ਭੀ ਨਹੀਂ ਹੈ। ਕੁਛ ਹੈ! ਈਸ਼ਵਰ ਕਾ ਨਾਮ, ਭਗਵਾਨ ਕਾ ਨਾਮ, ਗੁਰੂ ਕਾ ਦੀਆ ਹੂਆ ਨਾਮ। ਉਸ ਪਰ ਜਿਤਨਾ ਭੀ ਵਿਸ਼ਵਾਸ਼ ਆਪ ਕਰੋਗੇ, ਉਤਨਾ ਹੀ ਕਲਿਆਣ ਹੋਗਾ, ਉਸੀ ਮੇਂ ਆਪ ਕਾ ਜੀਵਨ ਸਫਲ ਹੋਗਾ। ਮੈਂ ਆਪ ਕੋ ਕੋਈ ਸ਼ਿਖਸ਼ਾ ਦੇਨੇ, ਆਦੇਸ਼ ਦੇਨੇ ਨਹੀਂ ਆਇਆ ਹੂੰ, ਮੈਂ ਤੋ ਆਪ ਕੋ ਅਪਨੇ ਅਨੁਭਵ ਕੀ ਬਾਤ ਕਹ ਰਹਾ ਹੂੰ ਭਾਈਓ। ਯਹਾਂ ਪਰ ਕੋਈ ਵਿਦਵਤਾ ਕੀ ਬਾਤ ਜਾ discussion ਕਰਨੇ ਤੋ ਨਹੀਂ ਆਇਆ ਹੂੰ। ਨਾਮ ਕੈਸੇ ਜਪਨਾ ਚਾਹੀਏ - ਅਬ ਦੇਖੇਂ ਇਸ ਮੇਂ।

ਕਬੀਰ ਸਾਹਿਬ ਜਿਸ ਵਕਤ ਸਰੀਰ ਛੋਡਨੇ ਲਗੇ ਤੋ ਸਭ ਜੋ ਹੈ ਵਹਾਂ ਪਰ ਖੜਤਾਲੇਂ ਬਜਾਨੇ ਲਗੇ ਤੋ 'ਏਕ ਰਾਮ ਘਟ ਘਟ ਮੇਂ ਬੈਠਾ। ਏਕ ਰਾਮ ਦਸਰਥ ਕਾ ਬੇਟਾ। ਏਕ ਰਾਮ ਨੇ ਜਗਤ ਪਸਾਰਾ। ਏਕ ਰਾਮ ਹੈ ਸਭ ਸੇ ਨਿਆਰਾ।' ਬੋਲੋ ਤੁਮ ਕਿਸ ਰਾਮ ਕੋ ਜਪ ਰਹੇ ਹੋ - ਬਤਾਓ। ਕਿਸੀ ਨੇ ਕਹਾ ਬਈ 'ਏਕ ਰਾਮ ਦਸਰਥ ਕਾ ਬੇਟਾ।' ਉਸ ਨੇ ਕਹਾ, ਬਾਹਰ ਨਿਕਲੋ। ਫਿਰ ਆਇਆ ਦੂਸਰਾ, ਬਈ ਤੁਮ ਕਿਸ ਰਾਮ ਕੋ ਜਪ ਰਹੇ ਹੋ? ਏਕ ਰਾਮ ਨੇ ਜਗਤ ਪਸਾਰਾ; ਉਨਹੋਂ ਨੇ ਕਹਾ, ਤੁਮ ਭੀ ਬਾਹਰ ਜਾਓ। ਅਬ ਬਚ ਗਏ ਦੋ - ਏਕ ਰਾਮ ਘਟ ਘਟ ਮੇਂ ਬੈਠਾ ਔਰ ਏਕ ਰਾਮ ਹੈ ਸਭ ਸੇ ਨਿਆਰਾ। ਉਸਨੇ ਕਹਾ, ਜੋ ਤੁਮ ਘਟ ਘਟ ਮੇਂ ਬੈਠਨੇ ਵਾਲੀ ਬਾਤ ਕਰਤੇ ਹੋ, ਬਾਤ ਤੋ ਸਹੀ ਹੈ ਲੇਕਿਨ ਜਿਹ ਪਹਿਲੀ ਸਟੇਜ ਹੈ, ਪਹਿਲੀ ਪਉੜੀ ਹੈ। ਏਕ ਰਾਮ ਹੈ ਸਭ ਸੇ ਨਿਆਰਾ - ਜੋ ਅਸੰਗ ਔਰ ਅਲਿਪਤ ਹੈ, ਯੇ ਉਤਮ ਪ੍ਰਕ੍ਰਿਤੀ ਕਾ ਯਹੀ ਹੈ। ਹੋ ਸਕਤਾ ਹੈ ਅਗਰ ਦੂਰ ਬੈਠਾ ਹੋ, ਉਸ ਕੋ ਕਹਾ, ਬੇਟਾ ਤੁਮ ਨਜ਼ਦੀਕ ਆ ਜਾਓ। ਹਮ ਨੇ ਜੋ ਸ਼ਿਖਸ਼ਾ ਦੀ, ਤੁਮਹੀ ਨੇ ਸਮਝਾ ਇਸਕੋ। ਅਬ ਹਮ ਅਪਨਾ ਅੰਤਰ ਧਿਆਨ ਹੋਤੇ ਹੈਂ - ਔਰ ਵੋ ਗਾਇਬ ਹੋ ਗਏ। ਐਸੇ ਹੀ ਜਪ ਕੀ ਭੀ ਬਾਤ ਹੈ। ਜਿਹ ਬੋਧ ਹੋ ਜਾਨਾ ਚਾਹੀਏ ਕਿ ਜਿਸ ਕਾ ਹਮ ਜਪ ਕਰ ਰਹੇ ਹੈਂ, ਵੋ ਅਪਨੇ ਅੰਦਰ ਹੀ ਹੈ ਯਾ ਅਪਨੇ ਸੇ ਪਰੇ ਹੈ - ਇਸ ਕਾ ਬੋਧ ਹੋਨਾ ਚਾਹੀਏ। ਅਬ ਇਸ ਪਰ ਏਕ-ਏਕ ਮਤ ਬਤਾਤੇ ਹੈਂ। ਗੀਤਾ ਮੇਂ ਕਹਾ ਹੈ - 'ਈਸ਼ਵਰੰਮ ਸਰਬ ਭੂਤਾਨਮ ਹਿਰਦਾਯਮ ਸਥਿਤਮ।।' ਹੇ ਅਰਜਨ ! ਈਸ਼ਵਰ ਸਭ ਜਗਹ ਤੋ ਹੈ, ਯੇ ਤੋ ਪੱਕੀ ਬਾਤ ਹੈ, ਲੇਕਿਨ ਤੂੰ ਪਹਿਲੇ ਅਪਨੇ ਦਿਲ ਮੇਂ ਦੇਖ। ਅਗਰ ਅਪਨੇ ਅੰਦਰ ਨਹੀਂ ਦੇਖਤਾ ਤੋ ਤੁਝ ਕੋ ਯੇ ਗਿਆਨ ਨਹੀਂ ਹੋ ਪਾਏਗਾ। ਅਬ ਜੈਸੇ ਕਰਿਚੀਅਨ ਬਾਈਬਲ ਮੇਂ ਭੀ ਕਹਾ ਕਿ ਅਪਨੇ ਅੰਦਰ ਹੀ ਤੁਮ ਈਸ਼ਵਰ ਕੋ ਦੇਖੋ। ਜੈਸੇ ਕਿ ਜਿਸ ਵਕਤ ਜੀਸਸ ਕਰਾਈਸਟ ਕੋ ਕਰਾਸ (cross) ਪੇ ਖੜਾ ਹੋ ਕਰਕੇ ਉਸ ਕੋ torture ਕੀਆ ਜਾ ਰਹਾ ਥਾ ਤੋ ਉਸਨੇ pardon ਤੋ ਨਹੀਂ ਕਹਾ, ਕਿ ਮੁਝੇ ਮੁਆਫ ਕਰ ਦੋ। ਸਰੀਰ ਸੇ ਜਬ ਆਦਮੀ ਬਿਲਗ ਹੋ ਜਾਤਾ ਹੈ - ਸਾਧਨਾ ਕਰਤੇ-ਕਰਤੇ, ਤੋ ਸਾਰਾ ਵਿਸ਼ਵ ਹੀ ਉਸ ਕਾ ਸਰੀਰ ਹੋ ਜਾਤਾ ਹੈ, ਉਸ ਕਾ ਏਕ ਛੋਟਾ ਸਾ ਸਰੀਰ ਤੋ ਰਹਿਤਾ ਨਹੀਂ। ਪਰਮਹੰਸ ਰਾਮ ਕ੍ਰਿਸ਼ਨ ਜੀ ਕੋ ਏਕ ਬਾਰ ਕੈਂਸਰ ਹੋ ਗਿਆ ਥਾ ਗਲੇ ਮੇਂ। ਤੋ ਬਿਬੇਕਾਨੰਦ ਰੋਨੇ ਲਗੇ, ਉਨਕੇ ਜਿਤਨੇ ਭੀ ਸ਼ਿਸ਼ਅ ਥੇ, ਰੋਨੇ ਲਗੇ ਕਿ ਗੁਰਦੇਵ! ਹਮ ਲੋਗ ਖਾਤੇ ਹੈਂ ਰੋਜ਼ ਖਾਨਾ, ਔਰ ਆਪ ਨਹੀਂ ਖਾ ਪਾਤੇ - ਹਮੇਂ ਬਹੁਤ ਦੁਖ ਹੋਤਾ ਹੈ। ਵੋ ਮੁਸਕਰਾਏ ਔਰ ਬੋਲਨੇ ਲਗੇ, ਅਰੇ ਮੈਂ ਨਹੀਂ ਖਾ ਸਕਤਾ, ਤੁਮ ਲੋਗ ਤੋ ਖਾ ਰਹੇ ਹੋ। ਮੈਂ ਇਸੀ ਮੇਂ ਖੁਸ਼ ਹੂੰ ਕਿ ਸਭ ਲੋਗ ਖਾ ਰਹੇ ਹੈਂ।

ਸਾਧਨਾ ਸੇ ਸਰੀਰਕ ਕਸ਼ਟ, ਕਸ਼ਟ ਨਹੀਂ ਰਹਤਾ। ਇਸੀ ਲੀਏ ਹਰ ਕਿਸੀ ਕੋ ਸਾਧਨਾ ਕਰਨੀ ਚਾਹੀਏ ਔਰ ਸਾਧਨਾ ਕਾ, ਪ੍ਰਭੂ ਕਾ ਅੰਗ ਹੈ - ਜਪ। ਕੋਈ ਸਾਧਨਾ ਸੰਸਾਰ ਮੇਂ ਐਸੀ ਨਹੀਂ ਜੋ ਜਪ ਸੇ ਪ੍ਰਾਰੰਭ ਨ ਹੁਈ ਹੋ। In the beginning, there was a word and word was in God and God was in word. ਸੰਸਾਰ ਕੇ ਪ੍ਰਾਰੰਭਿਕ ਅਵਸਥਾ ਮੇਂ ਵੋ ਸ਼ਬਦ ਥਾ। ਕਿਆ ਥਾ? ਤੁਲਸੀ ਦਾਸ ਜੀ ਨੇ ਬਹੁਤ ਮਾਥਾ ਪਕਚੀ ਕੀ ਇਸ ਕੇ ਊਪਰ ਕਿ ਵੋ ਸ਼ਬਦ ਕਿਆ ਹੋ ਸਕਤਾ ਹੈ। ਆਖਿਰ ਉਨਹੋਂ ਨੇ ਕਹਾ, ਵੋ ਸ਼ਬਦ, ਜਿਸ ਕੋ ਕਿ ਉਲਟੇ ਭੀ ਔਰ ਪੁਲਟੇ ਭੀ ਕਹਾ ਜਾਏ ਤੋ ਵੋਹੀ ਸ਼ਬਦ ਹੈ। ਤੋ ਉਨਹੋਂ ਨੇ ਕਹਾ, ਐਸੀ ਕੌਨ ਸੀ ਬਾਤ ਹੈ, ਕੌਨ ਸੀ ਚੀਜ਼ ਹੈ ਜੋ ਉਲਟੇ ਭੀ ਔਰ ਪੁਲਟੇ ਭੀ, ਜੇਸੇ ਭੀ ਹੋ, ਏਕ ਹੀ ਅਰਥ ਨਿਕਲਤਾ ਹੋ। ਤੋ ਉਨਹੋਂ ਨੇ ਕਹਾ - 'ਅਹੰ-ਸਹ-ਸੋ-ਅਹੰ।' ਸੁਆਸ ਮੇਂ ਅਗਰ ਆਪ ਧਿਆਨ ਸੇ ਸੁਨੋਗੇ ਤੋ ਦੋ ਸ਼ਬਦ ਨਿਕਲਤੇ ਹੈਂ। ਸੁਆਸ ਜੋ ਹੈ ਹਮਾਰਾ, ਏਕ ਗਾਇਨ ਕਰਤੇ, ਗਾਤੀ ਹੈ। ਜੈਸੇ ਆਪ ਸ਼ਬਦ ਗਾਤੇ ਹੋ ਨਾ, ਵੈਸੇ ਸੁਆਸ ਮੇਂ ਭੀ ਏਕ ਗਾਇਨ ਚਲਤਾ ਹੈ। ਉਸ ਗਾਇਨ ਮੇਂ ਦੋ ਸਵਰ ਆਪ ਕੋ ਸੁਨਾਈ ਦੇਤੇ ਹੈਂ; ਏਕ ਸਵਰ ਹੋਤਾ ਹੈ, ਜੋ ਸਾਂਸ ਲੇ ਰਹੇ ਹੋ, 'ਸੋ......' ਔਰ ਜਬ ਸਾਂਸ ਛੋਡਤੇ ਹੋ, ਤੋ ਹੋਤਾ ਹੈ 'ਅਹੰ......' ਯੇ ਸ਼ਬਦੋਂ ਕਾ ਸੰਬੰਧ ਕੁੰਡਲਨੀ ਸੇ ਹੈ। ਆਪ ਕੇ ਸਰੀਰ ਕੇ ਅੰਦਰ, ਆਪ ਕੇ ਮੂਲਾਧਾਰ ਮੇਂ ਏਕ ਸ਼ਕਤੀ ਸੋਈ ਹੁਈ ਹੈ। ਤੋ ਕਹਤੇ ਹੈਂ ਕਿ ਸੋਹੰ ਕੀ ਧੋਂਕਨੀ ਸੇ ਉਸ ਕੋ ਜਾਗ੍ਰਿਤ ਕੀਆ ਜਾਤਾ ਹੈ ਔਰ ਸਭ ਚੱਕਰੋਂ ਕਾ ਭੇਦਨ ਕਰਕੇ ਵੋ ਫਿਰ ਅਪਨੇ ਸਹਸਰਾਰ ਮੇਂ ਅਪਨੇ ਪਤੀ-ਦੇਵ ਸੇ ਏਕ ਹੋ ਜਾਤੀ ਹੈ। ਐਸੇ, ਗ੍ਰੰਥੋਂ ਮੇਂ ਉਸਕਾ ਵਰਣਨ ਆਇਆ ਹੈ। ਤੋ ਏਕ ਪ੍ਰਬਤ ਕੀ ਸ਼ਿਖਾ ਹੈ, ਉਸ ਪ੍ਰਬਤ ਕੀ ਸ਼ਿਖਾ ਕੋ ਜਾਨੇ ਕੇ ਲੀਏ ਹਜ਼ਾਰੋਂ ਮਾਰਗ ਹੈਂ। ਔਰ ਸਭ ਸੇ ਸਰਲ ਮਾਰਗ ਹੈ - ਨਾਮ ਜਪ ਕਰਨਾ। ਸਭ ਕਾਰਯ ਕਰਤੇ ਹੁਏ, ਸੰਸਾਰ ਕੇ ਸਭ ਕ੍ਰਿਆ ਕਲਾਪ ਕਰਤੇ ਹੁਏ ਮਨ ਹੀ ਮਨ, ਸਿਮਰਨ ਕਰਤੇ ਰਹਨਾ ਚਾਹੀਏ। ਇਸ ਸੇ ਮਹਾਨ ਸੁਰਖਸ਼ਾ ਕਵਚ ਕੋਈ ਨਹੀਂ ਹੈ।

ਅਬ ਹਮ ਨੇ ਕਹਾ ਕਿ ਅਗਰ ਹਮਨੇ ਸਿਰ, ਗਰਦਨ ਔਰ ਰੀੜ ਕੀ ਹੱਡੀ ਸੀਧੀ ਰਖਨੀ ਸੀਖ ਲੀ ਤੋ ਫਿਰ ਸੂਖਸ਼ਮ ਭ੍ਰੱਤ ਪ੍ਰਾਪਤ ਫਿਰ ਭੀ ਹੋਤੇ ਰਹਤੇ ਹੈਂ, body twitch ਕਰਤੀ ਹੈ, ਹਿਲਤੀ ਜੁਲਤੀ ਹੈ ਜੋ involuntary control (ਸਵੈ ਇੱਛਾ) ਕੇ ਵਿਰੁੱਧ ਕਹਤੇ ਹੈਂ ਅੰਗ੍ਰੇਜ਼ੀ ਮੇਂ Voluntary control in involuntary system ਵੋ ਨਹੀਂ ਹੋ ਪਾਤਾ; ਵੋ twitching ਹੋਤੀ ਰਹਤੀ ਹੈ; ਉਸ ਸੇ ਭੀ ਮਨ ਜਪ ਸੇ ਹਟਤਾ ਹੈ, ਕਿਉਂਕਿ ਅਭੀ ਸਾਧਨਾ ਕੀ ਅਵਸਥਾ ਹੈ। ਲੇਕਿਨ ਉਸ ਵਕਤ ਜਿਹ ਹੋ ਕਿ ਕੁਛ ਭੀ ਹੋ, ਕੈਸੇ ਭੀ ਹੋ, ਕਿਸੀ ਭੀ ਦਸ਼ਾ ਮੇਂ ਕੁਛ ਭੀ ਹੋ ਜਾਏ; ਹਮ ਵੋ ਕਰੇਂਗੇ। 'ਜਾਤਕ ਪਿਟਯਕਾ' ਏਕ ਗ੍ਰੰਥ ਹੈਂ ਜਿਸ ਮੇਂ ਬੁੱਧ ਕਾ ਜੀਵਨ ਉਨ ਕੇ ਜੋ ਨਜ਼ਦੀਕ ਕੇ ਸ਼ਿਸ਼ਅ ਥੇ; ਉਨ ਕੀ ਵਾਰਤਾਲਾਪ ਹੈ। ਤੋ ਬੁਧ ਸੇ ਪੂਛਾ ਕਿ ਮਹਾਰਾਜ! ਹਮ ਮੇਂ ਤੋ ਸ਼ਕਤੀ ਨਹੀਂ ਹੈ, ਜਿਤਨੀ ਆਪ ਮੇਂ ਹੈ। ਆਪ ਬਤਾਈਏ ਕਿ ਯੇ ਹੋ ਕੈਸੇ ਗਿਆ ਕਿ ਤਲਵਾਰ ਲੇਕਰ ਕੇ ਉਂਗਲੀ ਮਾਰ ਡਾਕੂ, ਆਪ ਕੋ ਮਾਰਨੇ ਕੇ ਲੀਏ ਗਿਆ, ਤੋ ਉਸ ਕੀ ਤਲਵਾਰ ਵਹੀਂ ਰਹਿ ਗਈ; ਯੇ ਬਾਤ ਕਿਆ ਹੈ। ਆਪ ਤੋ ਕਹੀਂ ਔਰ ਦੇਖ ਰਹੇ ਥੇ; ਕੈਸੇ ਹੂਆ? ਵੋ ਮੁਸਕਰਾ ਦੀਏ, ਤੋ ਆਨੰਦ ਜੋ ਉਨ ਕਾ ਸ਼ਿਸ਼ਅ ਥਾ, ਉਸਨੇ ਕਹਾ, ਗੁਰੂ ਦੇਵ! ਮੈਂ ਤੋ ਆਪ ਕਾ ਬੇਟਾ ਹੂੰ,

ਮੁਝੇ ਤੋ ਬਤਾਈਏ। ਉਨਹੋਂ ਨੇ ਕਹਾ, ਬੇਟਾ, ਐਸਾ ਹੈ, ਕਈ ਚੀਜ਼ੇਂ (unexplained) ਵਿਆਖਿਆ ਰਹਿਤ ਹੋਤੀ ਹੈਂ ਜਿਸ ਕੋ ਆਦਮੀ explain ਕਰ ਹੀ ਨਹੀਂ ਸਕਤਾ, ਬੋਲ ਹੀ ਨਹੀਂ ਸਕਤਾ, ਉਸ ਕਾ ਵਰਣਨ ਕਰ ਹੀ ਨਹੀਂ ਸਕਤਾ। ਜੈਸੇ ਹਮ ਮਿਠਾਈ ਖਾ ਰਹੇਂ ਹੈਂ, ਅਗਰ ਆਪ ਹਮ ਸੇ ਪੂਛੇਂ, ਸੁਆਮੀ ਜੀ! ਮੀਠੇ ਕਾ ਕਿਆ ਸੁਆਦ ਹੈ, ਤੋ ਮੈਂ ਤੋ ਯਹੀ ਕਹਿ ਸਕਤਾ ਹੂੰ ਨਾ, ਆਹਾ! ਕਿਤਨਾ ਅੱਛਾ ਹੈ। ਲੇਕਿਨ ਉਸ ਸੇ ਮਿਠਾਈ ਕਾ ਸੁਆਦ ਕਾ ਵਰਣਨ ਤੋ ਨਹੀਂ ਹੋ ਪਾਤਾ। ਜੋ ਲੋਗ, ਜੋ ਸੰਤ, ਪ੍ਰਭੂ ਕ੍ਰਿਪਾ ਸੇ ਅਨੁਭਵ ਕਰਤੇ ਹੈਂ, ਵੋ ਆਖਿਰ ਮੇਂ ਮੌਨ ਹੋ ਜਾਤੇ ਹੈਂ; ਬੋਲ ਹੀ ਨਹੀਂ ਪਾਤੇ। ਇਸ ਲੀਏ ਸਤਯ ਕਹਾ ਹੈ-

*'ਤਾਤ ਸਵਰਗ ਅਪਵਰਗ ਸੁਖ ਧਰੋ ਤੁਲਾ ਏਕ ਅੰਗੁ॥'*

ਸੰਸਾਰ ਭਰ ਕੇ ਸਭ ਸੁਖੋਂ ਕੋ ਏਕ ਤਰਫ ਤਰਾਜੂ ਮੇਂ ਤੋਲ ਦੀਜੀਏ ਔਰ ਸਤਸੰਗ ਕੋ ਦੂਸਰੀ ਤਰਫ; ਸਤਸੰਗ ਭਾਰੀ ਨਿਕਲੇਗਾ, ਔਰ ਸਭ ਸੁੱਖ ਬੇਕਾਰ ਨਿਕਲੇਂਗੇ। ਹਮੇਸ਼ਾ ਸੰਤੋਂ ਕੇ ਸਤਸੰਗ ਮੇਂ, ਸੰਗ ਮੇਂ ਰਹਿਨੇ ਸੇ ਮਨੁੱਸ਼ਯ ਕੇ ਬਿਕਾਰ ਧੁਲ ਜਾਤੇ ਹੈਂ। ਆਪ ਨੇ ਸੁਨਾ ਹੋਗਾ - ਬਾਲਮੀਕ ਕਿਤਨਾ ਮਹਾਨ ਡਾਕੂ ਥਾ? ਸੰਸਾਰ ਕੇ ਮਸ਼ਹੂਰ ਡਾਕੂਓਂ ਮੇਂ ਥਾ - ਬਾਲਮੀਕ, ਲੇਕਿਨ ਮਹਾਨ ਸੰਤ ਬਨ ਗਿਆ। ਐਸੇ ਹੀ soul on the way to domestication, ਉਸ ਕਾ ਪਰਿਵਰਤਨ ਹੋ ਗਿਆ; ਮਹਾਨ ਡਾਕੂ ਆਦਮੀ ਥਾ, ਮਹਾਨ ਬਦਮਾਸ਼ ਆਦਮੀ ਥਾ। ਇਸੀ ਸੰਸਾਰ ਮੇਂ, ਇਸੀ ਜਨਮ ਮੇਂ ਸੰਪੂਰਨ ਜੀਵਨ ਬਦਲ ਜਾਤਾ ਹੈ, ਅਗਰ ਆਦਮੀ ਸਤਸੰਗ ਮੇਂ ਰਹੇ ਤੋ। ਤੋ ਦੋ ਚੀਜ਼ੋਂ ਕਾ ਸਾਰ ਹਮ ਨੇ ਪਾਇਆ - ਸਤਸੰਗ ਮੇਂ ਰਹੇ ਔਰ ਜਪ ਕਰਤਾ ਰਹੇ। ਜੋ ਸਾਧਕ ਲੋਗ ਜਪ ਕੋ ਗਹਿਰਾਈ ਮੇਂ ਲੇ ਜਾਨਾ ਚਾਹਤੇ ਹੈਂ, ਮੈਂ ਉਨ ਸੇ ਯਹੀ ਕਹੂੰਗਾ ਕਿ ਏਕ ਸਮਯ ਨਿਰਧਾਰਨ ਕਰ ਲੇਂ ਜਿਸ ਸਮਯ ਕੁਛ ਭੀ ਹੋ, ਕੈਸਾ ਭੀ ਹੋ; ਵੋ ਸਮਯ ਕਿਸੀ ਦੂਸਰੇ ਕਾਮ ਕੋ ਨਾ ਦੇਂ, ਕੇਵਲ ਧਿਆਨ ਔਰ ਜਪ ਕੇ ਲੀਏ ਕਰੇਂ - ਪਹਿਲੀ ਚੀਜ਼। ਦੂਸਰੀ ਚੀਜ਼ - ਏਕ ਆਸਨ ਐਸਾ ਸਾਧਨਾ ਮੇਂ ਲਾਏਂ ਕਿ ਉਸ ਕੋ ਬਾਰ-ਬਾਰ ਪਰਿਵਰਤਨ ਨਾ ਕਰੇਂ, ਜਬ ਆਪ ਧਿਆਨ ਕਰੇਂ। ਐਸੇ ਹੀ ਜੀਵਨ ਕੇ ਲੀਏ ਕੁਛ ਬਾਹਰੀਯ ਜੀਵਨ ਮੇਂ ਸਤਸੰਗ, ਔਰ ਅੰਤਰਿਕ ਜੀਵਨ ਮੇਂ ਨਾਮ ਜਪ ਕਾ ਅਭਿਆਸ ਬਨਾਏ ਰਖਨੇ ਸੇ ਕੁਛ ਅਵਸ਼ਕਤਾ ਹੀ ਨਹੀਂ ਹੈ, ਔਰ ਦੂਸਰੀ ਚੀਜ਼ ਕੀ ਕਿਆ ਅਵਸ਼ਕਤਾ ਹੈ? ਮੇਰੇ ਕਹਿਨੇ ਕਾ ਤਾਤਪਰੀਯ ਜਿਹ ਹੈ ਕਿ ਆਪ ਲੋਗੋਂ ਕੇ ਊਪਰ ਗੁਰੂ ਕੀ ਮਹਾਨ ਕਿਰਪਾ ਹੈ ਕਿ ਆਪ ਸਿੱਖ ਧਰਮ ਕਾ ਅਨੁਸ਼ਰਨ ਕਰਤੇ ਹੈਂ, ਸਿਖ ਪਰਿਵਾਰ ਮੇਂ ਪੈਦਾ ਹੂਏ ਹੈਂ, ਸਿਖ ਧਰਮ ਕੋ ਮਾਨਤੇ ਹੈਂ; ਸਿੱਖ ਧਰਮ ਕੇ ਅਨੁਸਾਰ ਚਲਨਾ, ਯੇ ਅਬ ਆਪ ਕਾ ਕਰਤਵਯ ਹੈ। ਅਬ ਭਗਵਾਨ ਚਾਹੇਗਾ ਔਰ ਆਪ ਲੋਗ ਆਸ਼ੀਰਵਾਦ ਦੋਗੇ, ਅਗਲੇ ਵਰਸ਼ ਇਸੀ ਅਸਥਾਨ ਪਰ ਸੰਪੂਰਨ ਗੁਰੂ ਗ੍ਰੰਥ ਸਾਹਿਬ ਅੰਗਰੇਜ਼ੀ ਕਬਿੱਤ ਮੇਂ ਆਪ ਕੇ ਸਾਮਨੇ ਰੱਖੂੰਗਾ।

ਸੰਤ ਜੀ ਕਾ ਔਰ ਵਿਸ਼ੇਸ਼ ਕਰ ਅਪਨੀ ਮਾਂ ਕਾ (ਮਾਤਾ ਜੀ ਕਾ) ਜੋ ਹਰ ਦੋ ਮਿੰਨਟ ਮੇਂ ਮੁਝੇ ਖਿਲਾਤੀ ਹੈਂ; ਮੈਨੇ ਕਹਾ, ਮਾਂ ਮੇਰੇ ਪੇਟ ਮੇਂ ਕੋਈ ਜਗਹ ਨਹੀਂ ਹੈ; ਬੋਲੇ, ਥੋੜਾ ਸਾ ਔਰ ਖਾ ਲੋ; ਕਿਨ ਸ਼ਬਦੋਂ ਸੇ - ਕਿਉਂਕਿ ਮੈਨੇ ਤੋ ਅਪਨੀ ਮਾਂ ਦੇਖੀ ਹੀ ਨਹੀਂ, ਬਚਪਨ ਮੇਂ ਹੀ ਮੈਂ ਤੋ (orphan) ਯਤੀਮ ਹੋ ਗਿਆ ਥਾ; ਵੋ ਜੋ ਪਿਆਰ ਮੁਝੇ ਦੇਤੀ ਹੈਂ, ਉਸ ਪਿਆਰ ਕਾ ਭੀ ਮੁਝੇ ਕਹੀਂ ਔਰ ਜਗਹ ਅਨੁਭਵ ਨਹੀਂ ਹੂਆ। ਆਪ ਮਹਾਨ ਭਾਗੀ ਹੋ - ਕਿਤਨੇ ਸਰਲ, ਸ਼ੁਧ ਚਿੱਤ, ਸਤਿਤਾ ਸੇ ਜੀਵਨ ਬਤੀਤ ਕਰਨੇ ਵਾਲੇ ਸੰਤ ਔਰ ਇਤਨੀ ਅੱਛੀ ਮਾਤਾ ਮਿਲ ਗਈ; ਔਰ ਕਿਆ ਚਾਹੀਏ? ਅਬ ਇਤਨਾ ਕਹਿ ਕਰ ਮੈਂ ਸੰਤ ਜੀ ਸੇ ਅਨੁਰੋਧ ਕਰੂੰਗਾ ਕਿ ਵੋ ਭੀ ਅਪਨੇ ਬਚਨੋਂ ਸੇ ਸਭ ਕੋ ਪਵਿੱਤਰ ਕਰੇਂ। ਆਪ ਸਭ ਕੇ ਅੰਦਰਨਹਿਤ ਪ੍ਰਮਾਤਮਾ ਕੋ ਪ੍ਰਣਾਮ ਕਰਤਾ ਹੂੰ।


## ਪਾਠਕਾਂ ਅਤੇ ਲੇਖਕਾਂ ਲਈ ਬੇਨਤੀ

- ਜੀਵਨ ਸੇਧ, ਮਾਨਸਿਕ ਸ਼ਾਂਤੀ, ਅਤੇ ਰੂਹਾਨੀ ਤਰੱਕੀ ਦੀ ਪ੍ਰਾਪਤੀ ਵਾਸਤੇ ਇਸ ਮੈਗਜ਼ੀਨ ਦਾ ਹਰ ਘਰ ਵਿਚ ਹੋਣਾ ਜ਼ਰੂਰੀ ਹੈ।
- ਮੈਗਜ਼ੀਨ ਦੀ ਪੱਕੀ ਮੈਂਬਰਸ਼ਿਪ ਵਾਸਤੇ ਮਾਇਆ ਭੇਜ ਕੇ ਰਸੀਦ ਜ਼ਰੂਰ ਪ੍ਰਾਪਤ ਕਰੋ।
- ਇਸ ਮੈਗਜ਼ੀਨ ਵਿਚ ਦੁਰਲੱਭ ਬਚਨ ਹੋਣ ਕਰਕੇ ਵਧੀਆ ਕਾਗਜ਼ ਵਰਤਿਆ ਗਿਆ ਹੈ ਤਾਂ ਕਿ ਲੰਬੇ ਸਮੇਂ ਤਕ ਰਿਕਾਰਡ ਵਿਚ ਰੱਖਿਆ ਜਾ ਸਕੇ। ਸੁਲਝੇ ਹੋਏ ਵਿਚਾਰਾਂ ਵਾਲੇ ਲੇਖਕਾਂ ਤੋਂ ਲੇਖ ਲਿਖਵਾਏ ਜਾਂਦੇ ਹਨ। ਇਸ ਵਾਸਤੇ ਕਾਗਜ਼ ਦੇ ਅਤਿ ਮਹਿੰਗੇ ਭਾਅ ਅਤੇ ਕੇਵਲ ਪ੍ਰਚਾਰ ਦੇ ਆਸ਼ੇ ਨੂੰ ਮੁੱਖ ਰੱਖਦਿਆਂ NO PROFIT - NO LOSS ਦੇ ਆਧਾਰ ਤੇ ਹੀ ਇਸ ਦੀ ਕੀਮਤ ਰੱਖੀ ਗਈ ਹੈ।
- ਪਾਠਕਾਂ ਵਲੋਂ ਗੁਰਮਤਿ ਸਬੰਧੀ ਪੁਛੇ ਗਏ ਸਵਾਲਾਂ ਦਾ ਉਤਰ ਅਸੀਂ ਆਪਣੇ 'ਸਵਾਲ-ਜਵਾਬ' ਦੇ ਪੰਨਿਆਂ ਤੇ ਗੁਰਮਤਿ ਦੇ ਆਧਾਰ ਤੇ ਦੇਣ ਦੀ ਕੋਸ਼ਿਸ਼ ਕਰਾਂਗੇ।
- ਗੁਰਮਤਿ ਸਬੰਧੀ ਵਿਸ਼ਿਆਂ ਤੇ ਭੇਜੇ ਗਏ ਲੇਖਾਂ ਦਾ ਸਾਡੇ ਵਲੋਂ ਸਵਾਗਤ ਕੀਤਾ ਜਾਵੇਗਾ। ਕੇਵਲ ਐਡੀਟੋਰੀਅਲ ਬੋਰਡ ਵਲੋਂ ਪ੍ਰਵਾਨਤ ਲੇਖਾਂ ਨੂੰ ਸਮੇਂ-ਸਮੇਂ ਸਿਰ ਪ੍ਰਕਾਸ਼ਤ ਕੀਤਾ ਜਾਵੇਗਾ।

# ਅਨੁਭਵੀ ਬਚਨ - ਮਹਾਂਪੁਰਸ਼ਾਂ ਦੇ

**ਇਹ ਧਰਮ ਗ੍ਰੰਥ ਜੋ ਹੱਥ ਲਿਖਤ ਰੂਪ ਵਿਚ ਹੈ, ਇਸ ਉਪਰ ਸੰਮਤ 1927 ਲਿਖਿਆ ਹੋਇਆ ਹੈ। ਇਸ ਵਿਚ ਮਹਾਂਪੁਰਸ਼ਾਂ ਦੇ ਅਨੁਭਵੀ ਬਚਨ ਅੰਕਿਤ ਹਨ ਜਿਨ੍ਹਾਂ ਦੇ ਬਾਰੇ ਪਾਠਕਾਂ ਨੂੰ ਕੁਝ ਅੰਸ਼ ਮੌਲਿਕ ਰੂਪ ਵਿਚ ਹੀ ਦੇ ਰਹੇ ਹਾਂ।**

## "ਅਪਣੀ ਪਛਾਣ"

**ਅਥ ਕੀ ਮਯਾ ਸਹਾਦਤ ਕੀ ਭਾਖਾ ਲਿਖੰਤ॥**
**ਅਥ ਧਯਾਵ ਆਪਣੀ ਪਿਛਾਣਿ ਕਾ॥**

ਉਸਤਤਿ ਅਰੁ ਸੁਕ੍ਰ ਜੋ ਹੈ ਮਹਾਰਾਜ ਕਾ॥ ਅਰੁ ਜੋ ਅੰਬਰ ਕੇ ਤਾਰੇ ਅਰੁ ਮੇਘ ਕੀ ਬੂੰਦਾ ਅਰੁ ਪਤ੍ਰ ਬਨਾਸਪਤੀ ਕੇ॥ ਅਰੁ ਰੇਤ ਕੇ ਕੀਣਕੇ ਅਰੁ ਅਕਾਸ ਕੇ ਅਣਹੂ ਤੇ ਭੀ ਅਧਕ ਹੈ॥ ਅਰੁ ਬਹੁੜਿ ਵਹੁ ਮਹਾਰਾਜ ਕੈਸਾ ਹੈ ਜੋ ਸਦਾ ਅਦੋਤਿ ਹੈ॥ ਉਸ ਕਾ ਈਸਰ ਜੁ ਅਰ ਉਸ ਕੀ ਬਡਾਈ ਅਰੁ ਬੇਪ੍ਰਵਾਹੀ ਭੀ ਅਪਾਰ ਹੈ ਅਰੁ ਉਸ ਕੀ ਪੂਰਨਤਾ ਅਰੁ ਸੰਮ੍ਰਥਤਾ ਕੂੰ ਕੋਈ ਜੀਵ ਪਛਾਣਿ ਨਹੀ ਸਕਤਾ॥ ਬਹੁੜ ਉਸ ਕੇ ਸੰਪੂਰਣ ਪਛਾਣਨੇ ਕੇ ਮਾਰਗ ਕੂੰ ਕੋਈ ਨਹੀ ਪਾਇ ਸਕਤਾ॥ ਅਰੁ ਉਸ ਮਹਾਰਾਜ ਕੀ ਸਿਸਟ ਵਿਖੈ ਕਿਸੀ ਅਵਰ ਜੀਵ ਕੀ ਸੰਮ੍ਰਥਤਾ ਅਰੁ ਬਲ ਨਹੀ ਚਲਤਾ॥ ਤਾਂ ਤੇ ਜੋ ਮਹਾਪੁਰਖ ਉਤਮ ਸਚਿਯਾਰ ਹੈਂ॥ ਸੋ ਉਨ ਕੀ ਅਵਸਥਾ ਕਾ ਅੰਤ ਭੀ ਇਹੀ ਹੈ ਜੋ ਵਹੁ ਭੀ ਉਸ ਕੇ ਸੰਪੂਰਨ ਪਛਾਨਣੇ ਵਿਖੇ ਅਪਣੀ ਅਸੰਮ੍ਰਥਤਾ ਵਰਨਨ ਕਰਤੇ ਹੈਂ॥ ਬਹੁੜਿ ਦੇਵਤੇ ਅਰੁ ਬਡੇ ਈਸਰ ਭੀ ਮਹਾਰਾਜਿ ਕੀ ਉਸਤੁਤਿ ਅਰੁ ਬਡਾਈ ਵਿਖੇ ਅਪਣੀ ਲਘਤਾ ਮਾਨਤੇ ਹੈਂ॥ ਅਰੁ ਮਹਾ ਬੁਧਿਵਾਨਹੁ ਕੀ ਬੁਧਿ ਭੀ ਉਸ ਕੇ ਆਦਿ ਪ੍ਰਕਾਸ ਅਰੁ ਸੰਮ੍ਰਥਤਾ ਵਿਖੇ ਬਿਸਮਾਦਤਾ ਕੋ ਪ੍ਰਾਪਤ ਹੋਤੀ ਹੈ॥ ਬਹੁੜਿ ਜਗਯਾਸੀ ਅਰੁ ਪ੍ਰੀਤਵਾਨ ਭੀ ਉਸ ਕੇ ਦਰਬਾਰ ਕੀ ਨਿਕਟਤਾ ਕੀ ਢੂਢਿ ਵਿਖੇ ਬਿਸਮੈ ਹੋਇ ਰਹੇ ਹੈਂ॥ ਅਰੁ ਉਸ ਕੇ ਸਰੂਪ ਕਾ ਪਾਵਣਾ ਸੰਕਲਪ ਵਿਖੇ ਪਰਾਪਤਿ ਨਹੀ ਹੋਤਾ॥ ਬਹੁੜਿ ਉਸ ਕਾ ਸਮਝਣਾ ਅਰੁ ਅਸਥੂਲ ਦਿਰਸਟਾਂਤ ਤੇ ਬਿਲਖਣ ਹੈ॥ ਇਸੀ ਕਾਰਣ ਤੇ ਬੁਧਿ ਰੂਪੀ ਨੇਤ੍ਰਹੁ ਕੀ ਦ੍ਰਿਸਟਿ ਉਸ ਕੇ ਸਰੂਪ ਦੇਖਣੇ ਬਿਖੇ ਮੰਦ ਹੈਵ ਜਾਤੀ ਹੈ॥ ਤਾਂ ਤੇ ਸਰਬ ਬੁਧਹੁ ਕਾ ਫਲ ਇਹੀ ਹੈ ਜੋ ਉਸ ਕੀ ਅਸਚਰਜ ਕਾਰੀਗਰੀ ਕੂੰ ਦੇਖ ਕਰਿ ਮਹਾਰਾਜਿ ਕੂੰ ਪਛਾਣੈ॥ ਅਰ ਕਿਸੀ ਮਾਨੁਖ ਕਾ ਐਸਾ ਅਧਿਕਾਰ ਨਹੀ ਜੋ ਉਸ ਕੇ ਸਰੂਪ ਕੀ ਬਡਾਈ ਕਾ ਬਿਚਾਰ ਕਰੈ॥ ਜੋ ਬਹੁ ਕੈਸਾ ਹੈ ਅਰੁ ਕਯਾ ਹੈ ਇਹ ਭੀ ਕਿਸੀ ਕੂੰ ਪ੍ਰਵਾਨ ਨਹੀ॥ ਜੋ ਏਕ ਖਿਣ ਮਾਤ੍ਰ ਭੀ ਉਸ ਕੀ ਅਸਚਰਜ ਕਾਰੀਗਰੀ ਤੇ ਅਚੇਤ ਨ ਹੋਵੈ॥ ਅਰੁ ਯੌ ਨ ਜਾਣੈਂ ਜੋ ਇਸ ਕਾਰੀਗਰੀ ਕਾ ਕਰਤਾ ਅਰ ਆਸਰਾ ਕੋਊ ਨਹੀਂ॥ ਤਾਂ ਤੇ ਚਾਹੀਏ ਜੋ ਕਾਰੀਗਰੀ ਕੂੰ ਦੇਖ ਕਰਿ ਇਸ ਪ੍ਰਕਾਰ ਜਾਣੈਂ॥

ਜੋ ਇਹ ਸਰਬ ਜਗਤ ਭੀ ਉਸ ਮਹਾਰਾਜ ਕੇ ਈਸਰ ਕਾ ਪ੍ਰਿਤਿਬਿੰਬ ਹੈ॥ ਅਰ ਉਸ ਹੀ ਕੇ ਤੇਜ ਕਾ ਪ੍ਰਕਾਸ ਹੈ॥ ਬਹੁੜ ਸਰਬ ਅਸਚਰਜੁ ਕੀ ਜੋ ਰਚਨਾ ਹੈ ਸੋ ਉਸ ਹੀ ਕਾ ਅਨਭਵ ਹੈ। ਅਰੁ ਸਭ ਕਛੁ ਉਸ ਕੇ ਸਰੂਪ ਕਾ ਅਭਯਾਸ ਹੈ॥ ਤਾ ਤੇ ਸਰਬ ਪਦਾਰਥ ਉਸ ਹੀ ਤੇ ਉਤਪਤ ਹੂਏ ਹੈ॥ ਅਰੁ ਉਸ ਹੀ ਬਿਖੇ ਇਸਥਿਤ ਹੈਂ॥ ਤਾਤਪ੍ਰਜੁ ਇਹ ਜੋ ਸਭ ਕਛੁ ਉਹੀ ਹੈ॥ ਕਾਹੇ ਤੇ ਜੋ ਕੋਈ ਪਦਾਰਥ ਭਗਵੰਤ ਕੀ ਸਕਤ ਬਿਨਾ ਆਪ ਕਰਿ ਇਸਥਤਿ ਨਹੀ॥ ਤਾ ਤੇ ਸਭ ਕਿਸੀ ਕਾ ਆਸਰਾ ਉਹੀ ਹੈ॥ ਬਹੁੜ ਉਸ ਕੇ ਪ੍ਰੀਤਮ ਜੋ ਸੰਤ ਜਨ ਹੈਂ॥ ਸੋ ਵਹੁ ਭੀ ਜਗਯਾਸੀਯਾ ਕੂੰ ਸੁਭ ਮਾਰਗ ਦਿਖਾਵਣੇਹਾਰੇ ਹੈਂ॥ ਅਰੁ ਭਗਵੰਤ ਕੇ ਗੁਹਜ ਭੇਦਹੁ ਕੂੰ ਲਖਾਵਣੇਹਾਰੇ ਹੈਂ ਅਰੁ ਪ੍ਰਮ ਦਯਾਲ ਰੂਪ ਹੈਂ॥ ਤਾਂ ਤੇ ਉਨ ਕੂੰ ਭੀ ਮੇਰੀ ਨਮਸਕਾਰ ਹੈ।

ਅਬ ਇਸ ਤੇ ਆਗੈ ਐਸੇ ਜਾਣਿ ਜੋ ਇਸ ਮਾਨਖ ਕੂੰ ਭਗਵੰਤ ਨੇ ਬੇਅਰਥ ਖੇਲਣੇਂ ਅਰੁ ਹਸਣੇਂ ਨਿਮਤ ਉਤਪਤ ਨਹੀ ਕੀਯਾ॥ ਤਾਂ ਕੇ ਇਸ ਮਾਨਖ ਕਾ ਪਦ ਭੀ ਮਹਾ ਉਤਮ ਹੈ॥ ਅਰੁ ਭੈ ਭੀ ਅਧਿਕ ਹੈ ਇਸ ਕੂੰ ਅਰੁ ਜਦਪ ਇਹ ਜੀਵ ਅਨਾਦਿ ਨਹੀ॥ ਅਰੁਥ ਇਹ ਜੋ ਉਤਪਤਿ ਕੀਯਾ ਹੂਵਾ ਹੈ॥ ਪ੍ਰ ਤੌ ਭੀ ਅਬਨਾਸੀ ਰੂਪ ਹੈ॥ ਅਰੁ ਜਦਪ ਇਸ ਜੀਵ ਕਾ ਸਰੀਰ ਅਸਥੂਲ ਤਤਹੁ ਕਰਿ ਰਚਯਾ ਹੂਵਾ ਹੈ॥ ਪਰ ਇਸ ਕਾ ਰਿਦਾ ਜੋ ਚੇਤਨ ਰੂਪ ਹੈ ਜੋ ਮਹਾ ਉਤਮ ਅਰੁ ਅਮਰ ਹੈ॥ ਬਹੁੜਿ ਜਦਪ ਇਸ ਜੀਵ ਕਾ ਸੁਭਾਵ ਆਦਿ ਉਤਪਤਿ ਬਿਖੇ ਪਸੂਵਹੁ ਅਰੁ ਸਿੰਘਹੁ ਅਰੁ ਭੂਤਹੁ ਕੇ ਸੁਭਾਵ ਸਾਥ ਮਿਲਯਾ ਹੂਵਾ ਹੈ॥ ਪਰ ਜਬ ਇਸ ਕੂੰ ਜਤਨ ਕੀ ਕੁਠਾਲੀ ਬਿਖੇ ਡਾਲਿਏ॥ ਤਬ ਨੀਚ ਸੁਭਾਵਹੁ ਕੀ ਮੈਲ ਤੇ ਸੁਧ ਸਰੂਪ ਹੁਵੈ ਜਾਤਾ ਹੈ॥ ਅਰੁ ਭਗਵੰਤ ਕੇ ਦਰਸਨ ਅਰੁ ਦਰਬਾਰ ਕਾ ਅਧਕਾਰੀ ਹੋਤਾ ਹੈ॥ ਤਾਂ ਤੇ ਪ੍ਰਸਿਧ ਹੂਵਾ ਜੋ ਅਧੋਗਤ ਮਹਾ ਰਸਾਤਲ ਹੈ॥ ਅਰੁ ਉਰਧਗਤਿ ਜੋ ਦੇਵਤੇ ਹੈ ਸੋ ਇਹ ਸਭ ਹੀ ਇਸ ਮਾਨਖ ਕੀ ਗਤਿ ਹੈਂ॥ ਸੋ ਅਧੋਗਤਿ ਬਿਖੇ ਜਾਵਣਾ ਇਹ ਹੈ॥ ਜੋ ਪਸੂਵਹੁ ਅਰੁ ਸਿੰਘਹੁ ਕੇ ਸੁਭਾਵ ਬਿਖੇ ਗਿਰਨਾ॥ ਅਰੁਥ ਇਹ ਜੋ ਭੋਗਹੁ ਅਰੁ ਕ੍ਰੋਧ ਕੇ ਬਸੀਕਾਰ ਹੋਵਣਾ॥ ਬਹੁੜ ਉਰਧਗਤਿ ਜਾਵਣਾ ਇਹ ਹੈ॥ ਜੋ ਦੇਵਤਯੋਂ ਕੇ ਸੁਭਾਵ ਬਿਖੇ ਇਸਥਤਿ ਹੋਵਣਾ॥ ਅਰੁ ਭੋਗਹੁ ਅਰੁ ਕ੍ਰੋਧ ਕੋਂ ਬਸੀਕਾਰ ਕਰਿ ਕੈ ਆਪਣੇ ਅਧੀਨ ਰਾਖਿਣਾ॥ ਸੋ ਜਬ ਇਨ ਕੂੰ ਆਪਣੈ ਬਸ ਕਰਤਾ ਹੈ। ਤਬ ਭਗਵੰਤ ਕੀ ਭਗਤਿ ਕਾ ਅਧਕਾਰੀ ਹੋਤਾ ਹੈ॥ ਸੋ ਦੇਵਤਯੋਂਹੁ ਕਾ ਸੁਭਾਵ ਇਹੀ ਹੈ॥ ਅਰੁ ਮਾਨਖ ਕੀ ਉਤਮ ਅਬਸਥਾ ਭੀ ਇਹੀ ਹੈ॥ ਅਰੁ ਜਬ ਇਸ ਮਾਨਖ ਕੂੰ ਭਗਵੰਤ ਕੇ ਦ੍ਰਸਨ ਕਾ ਅਨੰਦ ਪ੍ਰਾਪਤ ਹੋਤਾ ਹੈ॥ ਤਬ ਏਕ ਖਿਣ ਭੀ ਉਸ ਕੇ ਸਰੂਪ ਤੇ ਇਤਰ ਨਹੀ ਠਹਰ ਸਕਤਾ ਅਰੁ ਉਸੀ ਦ੍ਰਸਨ ਕਾ ਅਨੰਦੁ ਉਸ ਕੂੰ ਸੁਰਗ ਰੂਪ ਭਾਸਤਾ ਹੈ॥ ਅਰੁ ਇਹ ਅਸਥੂਲ ਸੁਰਗ ਜੋ ਅਹਾਰਹੁ ਅਰੁ ਕਾਮਾਦਿਕ ਭੋਗਹੁ ਕਾ ਇਸਥਾਂਨ ਹੈ॥ ਸੋ ਤਿਸ ਕੂੰ ਤੁਛ ਰੂਪ ਜਾਨਤਾ ਹੈ॥ ਪ੍ਰ ਇਹ ਜੋ ਮਾਨਖ ਰੂਪੀ ਰਤਨ ਹੈ॥ ਸੋ ਆਦਿ ਉਤਪਤ ਬਿਖੇ ਨੀਚ ਅਰੁ ਮਲੀਨ ਹੋਤਾ ਹੈ॥ ਤਾਂ ਤੇ ਪੁਰਖਾਰਥ ਅਰੁ ਸਾਧਨਾ ਬਿਨਾ ਕਿਸੀ ਪ੍ਰਕਾਰ ਪੂਰਣਪਦ ਕੂੰ ਨਹੀ ਪਹੁਚਤਾ॥ ਜੈਸੇ ਤਾਂਬੇ ਅਰੁ ਅਬਰ

ਧਾਤ ਕੂੰ ਪਾਰਸ ਬਿਨਾ ਸੁਵਰਨ ਕਰਨਾ ਕਠਨ ਹੋਤਾ ਹੈ॥ ਅਰੁ ਇਸ ਬਿਦਯਾ ਕੂੰ ਭੀ ਸਭ ਕੋਈ ਨਹੀ ਪਛਾਣ ਸਕਤਾ॥ ਤੈਸੇ ਹੀ ਮਾਨਖ ਰੂਪੀ ਜੋ ਧਾਤ ਹੈ ਸੋ ਤਿਸ ਕੂੰ ਪਸਵਹੁ ਕੇ ਸੁਭਾਵ ਰੂਪੀ ਮੈਲ ਤੇ ਸੁਧ ਕਰਣਾ॥ ਅਰੁ ਪੂਰਣ ਭਾਗਹੁ ਬਿਖੇ ਪ੍ਰਾਪਤ ਹੋਵਣਾ॥ ਸੋ ਇਹ ਭੀ ਬਿਦਯਾ ਮਹਾ ਗੁਹਜ ਹੈ॥ ਅਰੁ ਕੋਈ ਨਹੀ ਜਾਨਿ ਸਕਤਾ॥

ਤਾਂ ਤੇ ਇਹੁ ਜੋ ਗ੍ਰਿੰਥੁ ਹੈ ਸੋ ਮਾਨਹੁ ਭਾਗਹੁ ਕਾ ਪਾਰਸੁ ਹੈ ਅਰੁ ਇਸ ਬਿਖੇ ਜੋ ਬਚਨ ਸੁੰਦਰ ਹੈ॥ ਸੋ ਪਾਰਸੁ ਰੂਪ ਹੈਂ॥ ਤਾਂ ਤੇ ਇਸ ਗ੍ਰਿੰਥੁ ਕਾ ਨਾਮ ਪਾਰਸ ਭਾਗ ਰਾਖਾ ਹੈ॥ ਕਾਹੇ ਤੇ ਜੋ ਪਾਰਸੁ ਉਤਮਤਾਈ ਕਾ ਨਾਮ ਹੈ॥ ਪ੍ਰ ਵਹੁ ਪਾਰਸੁ ਤਾਂਬੇ ਕੂੰ ਸੁਬਰਨ ਕਰਤਾ ਹੈ॥ ਸੋ ਅਸਥੂਲ ਅਰੁ ਨੀਚ ਹੈ॥ ਇਸ ਕਰ ਕੈ ਜੋ ਤਾਂਬੇ ਅਰੁ ਸੋਬਰਨ ਬਿਖੇ ਰੰਗ ਹੀ ਕਾ ਭੇਦ ਹੈ॥ ਅਰੁ ਉਸ ਸੋਬ੍ਰਨ ਕ੍ਰਕੈ ਮਾਯਾ ਹੀ ਕੇ ਭੋਗ ਪ੍ਰਾਪਤ ਹੋਤੇ ਹੈਂ॥ ਸੋ ਮਾਯਾ ਆਪ ਹੀ ਨਾਸਬੰਤ ਹੈ॥ ਤਾਂ ਤੇ ਮਾਯਾ ਕੇ ਭੋਗ ਭੀ ਅਲਪ ਕਾਲ ਬਿਖੇ ਪ੍ਰਣਾਮੀ ਹੁਵੈ ਜਾਤੇ ਹੈ॥ ਬਹੁੜਿ ਇਹ ਜੋ ਨ੍ਵਿਰਤ ਬਚਨ ਰੂਪੀ ਪਾਰਸੁ ਹੈ ਸੋ ਮਹਾ ਬਸੇਖ ਤੇ ਵਿਸੇਖ ਹੈ॥ ਕਾਹੇ ਤੇ ਜੋ ਇਨਹੁ ਬਚਨਹੁ ਕਰਿ ਕੈ ਮਹਾ ਰਸਾਤਲ ਤੇ ਉਰਧਗਤਿ ਕੂੰ ਪ੍ਰਾਪਤ ਹੋਤਾ ਹੈ॥ ਸੋ ਇਸ ਅਧੋਗਤਿ ਅਰ ਉਰਧਗਤਿ ਬਿਖੇ ਬਡਾ ਭੇਦੁ ਹੈ॥ ਅਰ ਜਬ ਇਹ ਮਾਨੁਖ ਨ੍ਰਿਮਲ ਸੁਭਾਵ ਰੂਪੀ ਉਰਧਗਤਿ ਕੂੰ ਪਹੁਚਤਾ ਹੈ ਤਬ ਅਬਨਾਸੀ ਭਾਗਹੁ ਕੂੰ ਪਾਵਤਾ ਹੈ॥ ਸੋ ਬਹੁ ਕੈਸਾ ਸੁਖ ਹੈ ਜੋ ਉਸ ਕਾ ਕਾਲੁ ਅਰੁ ਅੰਤ ਨਹੀਂ। ਬਹੁੜ ਦੁਖ ਰੂਪੀ ਮੈਲ ਭੀ ਉਸ ਪ੍ਰਮ ਸੁਖ ਬਿਖੇ ਕਦਾਂਚਿਤ ਸਪਰਸ ਨਹੀ ਕਰਤੀ॥ ਤਾਂ ਤੇ ਇਸ ਗ੍ਰਿੰਥ ਕਾ ਨਾਮ ਪਾਰਸ ਭਾਗ ਕਹਾ ਹੈ॥

ਸੋ ਇਹ ਪਾਰਸ ਕੀ ਸੋਭਾ ਭੀ ਦ੍ਰਿਸਟਾਂਤ ਮਾਤ੍ਰ ਹੀ ਕਹਾ ਹੈ॥ ਤਾਂ ਤੇ ਜਾਨ ਤੂੰ ਜੋ ਪ੍ਰਿਥਮੇ ਪਾਰਸ ਕੀ ਪ੍ਰਾਪਤ ਹੋਵੈ॥ ਸੋ ਇਹੁ ਅਸਥੂਲ ਪਾਰਸੁ ਭੀ ਸਰਬ ਠੌੜ ਅਰੁ ਸਭ ਕਿਸੀ ਕੇ ਗ੍ਰਿਹ ਨਹੀ ਪਾਯਾ ਜਾਤਾ॥ ਸੋ ਕਿਸੀ ਸਿਧ ਅਥਵਾ ਕਿਸੀ ਮਹਾਰਾਜੇ ਕੇ ਭੰਡਾਰ ਬਿਖੇ ਹੋਤਾ ਹੈ॥ **ਤੈਸੇ ਹੀ ਵਹੁ ਸੂਛਮ ਪਾਰਸ ਭੀ ਭਗਵੰਤ ਹੀ ਕੇ ਭੰਡਾਰ ਬਿਖੈ ਹੈ॥ ਸੋ ਭਗਵੰਤ ਕਾ ਭੰਡਾਰ ਸੰਤ ਜਨਹੁ ਕਾ ਰਿਦਾ ਹੈ॥** ਤਾਂ ਤੇ ਜੋ ਕੋਈ ਪੁਰਖ ਇਸ ਪਾਰਸ ਕੂੰ ਸੰਤਹੁ ਕੇ ਰਿਦੇ ਬਿਨਾ ਔਰ ਠੌਰੜ ਬਿਖੇ ਢੂਢਤਾ ਹੈ॥ ਸੋ ਬਿਅਰਥ ਹੀ ਭਟਕਤਾ ਫਿਰਤਾ ਹੈ॥ ਅਰੁ ਉਸ ਕੂੰ ਪ੍ਰਾਪਤ ਕਛੁ ਨਹੀ ਹੋਤਾ॥ ਇਸੀ ਕਾਰਨ ਤੇ ਵਹੁ ਪੁਰਖ ਅੰਤ ਕਾਲ ਨ੍ਰਿਧਨਤਾਈ ਕੌ ਪ੍ਰਾਪਤ ਹੋਤਾ ਹੈ॥ ਅਰੁ ਝੂਠੇ ਮਦ ਕ੍ਰਕੈ ਆਗੈ ਅਭਮਾਨੀ ਹੂਵਾ ਥਾ॥ ਸੋ ਪੀਛੈ ਨ੍ਰਿਲਜਤਾ ਕੌ ਪ੍ਰਾਪਤ ਹੋਤਾ ਹੈ॥ **ਤਾਂ ਤੇ ਭਗਵੰਤ ਨੇ ਅਪਣੀ ਦਯਾ ਕ੍ਰ ਕੈ ਇਹੁ ਭੀ ਬਡਾ ਉਪਕਾਰ ਕੀਆ ਹੈ ਜੋ ਸੰਤ ਜਨਹੁ ਕੌ ਇਸ ਜਗਤ ਬਿਖੇ ਕਲਯਾਣ ਕੇ ਨਿਮਤ ਭੇਜਯਾ ਹੈ॥** ਜੋ ਬਹੁ ਸੰਤ ਜਨ ਬਚਨਹੁ ਰੂਪੀ ਪਾਰਸ ਕੌ ਪ੍ਰਸਿਧ ਕਰਹਿ॥ ਅਰ ਜੀਵਹੁ ਕੌ ਉਪਦੇਸ ਕਰਹਿ॥ ਜੋ ਇਸ ਰਿਦੇ ਰੂਪੀ ਪਾਰਸ ਕੌ ਸਾਧਨਾ ਰੂਪੀ ਕੁਠਾਲੀ ਬਿਖੇ ਕਯੋਂਕਰ ਰਾਖੀਏ ਅਰੁ ਮਲੀਨ ਸੁਭਾਵਹੁ ਕਯੋਂ ਕ੍ਰ ਦੂਰ ਕਰਿਏ॥ ਅਰੁ ਉਤਮ ਸੁਭਾਵਹੁ ਕੌ ਕਿਸ ਪ੍ਰਕਾਰ ਪ੍ਰਾਪਤ ਹੋਈਏ॥ ਤਬ ਸੰਤ ਜਨਹੁ ਕੇ ਉਪਦੇਸ ਕਰ ਕੈ ਇਹ ਮਾਨਖ ਨੀਚ ਸੁਭਾਵਹੁ ਤੇ ਮੁਕਤ ਹੋਤੇ ਹੈਂ॥ ਅਰੁ ਨ੍ਰਿਮਲ ਸੁਭਾਵ ਕੂੰ ਪਾਵਤੇ ਹੈ॥

ਸੋ ਇਨ ਬਚਨਹੁ ਰੂਪੀ ਪਾਰਸੁ ਕਾ ਤਾਤਪ੍ਰਜੁ ਇਹੁ ਹੈ ਜੋ ਪ੍ਰਿਥਮੇ ਮਾਯਾ ਕੇ ਪਦਾਰਥਹੁ ਤੇ ਬ੍ਰਿਕਤ ਚਿਤ ਹੋਵੈ ਅਰੁ ਭਗਵੰਤ ਕੀ ਸਰਨ ਆਵੈ॥ ਜੈਸੇ ਅਬਿਯਾਇ ਭੀ ਕਹਾ ਹੈਂ॥ ਸੋ ਸ੍ਰਬ ਪਦਾਰਥਹੁ ਕੂ ਤਯਾਗ ਕਰ ਆਪ ਕੂੰ ਭਗਵੰਤ ਕੀ ਸਰਨ ਬਿਖੇ ਲਯਾਵਹੁ ਜੋ ਸ੍ਰਬ ਬਿਦਯਾ ਕਾ ਤਾਤਪ੍ਰਜੁ ਇਹੀ ਹੈ॥ ਅਰੁ ਜਦਪ ਇਸ ਕਾ ਬਖਯਾਨ ਭੀ ਬਹੁ ਬਿਸਤਾਰ ਕਰਿ ਸਮਝਯਾ ਜਾਤਾ ਹੈ॥ ਪ੍ਰ ਤੌ ਭੀ ਇਸ ਕਾ ਪਛਾਂਨਣਾ ਚਹੁ ਪ੍ਰਕਾਰ ਕਰਿ ਹੋਤਾ ਹੈ॥ **ਸੋ ਪ੍ਰਥਮੇ ਇਹੁ ਹੈ ਜੋ ਆਪਣੇ ਆਪ ਕੂੰ ਪਛਾਣੈ॥ ਬਹੁੜਿ ਭਗਵੰਤ ਕੂੰ ਪਛਾਣੈ॥ ਅਰੁ ਤੀਸਰਾ ਪ੍ਰਕਾਰ ਇਹੁ ਹੈ ਜੋ ਮਾਯਾ ਕੂ ਪਛਾਣੈਂ॥ ਅਰੁ ਬਹੁੜ ਪ੍ਰਲੋਕ ਕੂੰ ਪਛਾਣੈ॥**

**ਅਥ ਪਹਲਾ ਧਯਾਉ ਆਪਣੇ ਪਛਾਨਣੇ ਕਾ॥**

ਤਾਂ ਤੇ ਐਸੇ ਜਾਨਿ ਤੂ ਜੋ ਆਪਣੇ ਕੂੰ ਪਛਾਨਣਾ ਹੀ ਭਗਵੰਤ ਕੇ ਪਛਾਨਣੇ ਕੀ ਕੁੰਜੀ ਹੈ॥ ਸੋ ਇਸਿ ਪ੍ਰ ਅਬਿਯਾਇ ਭੀ ਕਹਾ ਹੈ **ਜੋ ਜਿਸ ਨੇ ਆਪਣੇ ਮਨ ਕੂੰ ਪਛਾਣਯਾ ਹੈ ਸੋ ਤਿਸ ਨੇ ਨ੍ਰਿਸੰਦੇਹ ਅਪਣੇ ਸਾਹਿਬ ਕੂੰ ਪਛਾਣਿਯਾ ਆਹੈ॥** ਬਹੁੜ ਸਾਂਈ ਭੀ ਕਹਾ ਹੈਂ ਜੋ ਮੈ ਨੇ ਅਪਣੇ ਲਛਣ ਜੀਵਹੁ ਮੈ ਪ੍ਰਗਟ ਕੀਏ ਹੈਂ॥ ਇਸ ਕਰ ਕੈ ਜੋ ਆਪ ਕੂੰ ਪਛਾਨਿ ਕਰਿ ਮੁਝ ਕੂੰ ਭੀ ਪਛਾਣੈਂ॥ ਤਾਂ ਤੇ ਹੇ ਭਾਈ ਤੇਰੇ ਸਮਾਨ ਤੁਝ ਕੂੰ ਅਬ੍ਰ ਪਦਾਰਥ ਕੋਈ ਨਿਕਟ ਨਹੀਂ॥ ਸੋ ਪ੍ਰਥਮੇ ਜਹ ਤੂ ਆਪ ਕੂੰ ਭੀ ਨ ਪਛਾਨਹੀ ਤਬ ਅਬਰ ਕਿਸੀ ਕੂੰ ਕਿਉਂਕਰ ਪਛਾਣਹਗਾ॥ ਅਰੁ ਜਬ ਤੂੰ ਇਸ ਪ੍ਰਕਾਰ ਕਹੈ ਜੋ ਮੈਂ ਤੌ ਆਪ ਕੂੰ ਪਛਾਣਤਾ ਹੂੰ॥ ਸੋ ਤੇਰਾ ਇਹ ਕਹਣਾ ਝੂਠ ਹੈ॥ ਕਾਹੇ ਤੇ ਜੋ ਜੈਸੇ ਤੂ ਆਪ ਕੂੰ ਪਛਾਣਤਾ ਹੈ ਸੋ ਐਸਾ ਪਛਾਨਣਾ ਭਗਵੰਤ ਕੇ ਪਛਾਂਨਣੇ ਕੀ ਕੁੰਜੀ ਨਹੀ॥ ਇਸ ਕਰਿ ਕੈ ਜੋ ਜਿਸ ਪ੍ਰਕਾਰ ਆਪ ਕੂੰ ਸਰੀਰ ਅਰੁ ਸ੍ਰਿ ਹਾਥ ਪਾਵ ਅਰੁ ਤੁਚਾ ਮਾਸ ਅਸਥੂਲ ਜੋ ਤੂੰ ਪਛਾਣਤਾ ਹੈ ਅਥਵਾ ਅਪਣੇ ਅੰਤਰਿ ਬਿਖੇ ਜਬ ਤੂੰ ਭੂਖਾ ਹੋਤਾ ਹੈ ਤਬ ਅਹਾਰ ਕੂੰ ਚਾਹਤਾ ਹੈਂ॥ ਅਰੁ ਜਬ ਕ੍ਰੋਧਵਾਨ ਹੋਤਾ ਹੈ ਤਬ ਲਰਾਈ ਕਰਤਾ ਹੈ ਅਰੁ ਜਬ ਕਾਮਾਦਿਕ ਭੋਗ ਕੂੰ ਚਾਹਤਾ ਹੈਂ। ਤਬ ਉਸ ਹੀ ਸੰਕਲਪ ਬਿਖੇ ਲੀਨ ਹੋ ਜਾਤਾ ਹੈਂ॥ ਸੋ ਇਸ ਪ੍ਰਕਾਰ ਕੇ ਪਛਾਂਨਣੇ ਸ੍ਰਬ ਪਸੁ ਭੀ ਤੇਰੇ ਸਮਾਨ ਹੈਂ॥ ਤਾਂ ਤੇ ਤੁਝ ਕੂੰ ਇਸ ਪ੍ਰਕਾਰ ਜਥਾਰਥ ਰੂਪ ਕਾ ਪਛਾਨਣਾ ਚਹੀਤਾ ਹੈ।

ਸੋ ਮੈ ਬਸਤੁ ਕਯਾ ਹੌ ਅਰੁ ਕਹਾ ਤੇ ਆਯਾ ਹੌ ਬਹੁੜਿ ਕਿਸ ਅਸਥਾਨ ਬਿਖੇ ਜਾਉਗਾਂ ਅਰ ਇਸ ਸੰਸਾਰ ਬਿਖੇ ਕਿਸ ਕਾਰਜ ਕੇ ਨਿਮਤ ਆਯਾ ਹੂੰ ਅਰੁ ਕਿਸ ਕਾਰਜ ਕੇ ਨਿਮਤ ਭਗਵੰਤ ਨੇ ਮੁਝ ਕੂੰ ਉਤਪਤ ਕੀਯਾ ਹੈ ਅਰੁ ਮੇਰੀ ਭਲਾਈ ਕਯਾ ਹੈ ਅਰੁ ਕਿਸ ਬਿਖੈ ਹੈ॥ ਅਰੁ ਭਾਗਹੀਣਤਾ ਕਯਾ ਹੈ॥ ਬਹੁੜ ਤੇਰੇ ਬਿਖੇ ਜੋ ਪਸੁਅਹੁ ਅਰੁ ਦੇਵਤਿਹੁ ਕੇ ਸੁਭਾਵ ਏਕਠੇ ਉਤਪਤ ਕੀਏ ਹੈ। ਸੋ ਇਨਹੁ ਬਿਖੇ ਤੇਰਾ ਪ੍ਰਬਲ ਸੁਭਾਵ ਕੌਨ ਹੈ॥ ਬਹੁੜਿ ਇਸ ਪ੍ਰਕਾਰ ਭੀ ਪਛਾਣਹਿ ਜੋ ਤੇਰਾ ਆਪਣਾ ਸੁਭਾਵ ਕਯਾ ਹੈ ਅਰੁ ਪ੍ਰ ਸੁਭਾਵ ਕੌਨ ਹੈ॥ ਸੋ ਇਹ ਜਬ ਤੈਨੇ ਭਲੀ ਪ੍ਰਕਾਰ ਪਛਾਣਆ ਤਬ ਆਗੈ ਅਪਣੀ ਭਲਾਈ ਕੀ ਸਰਧਾ ਭੀ ਕਰ ਸਕਹਗਾ।

ਕਾਹੇ ਤੇ ਜੋ ਸਭ ਕਿਸੀ ਕੀ ਭਲਾਈ ਅਰੁ ਪੂਰਨਤਾਈ ਅਰੁ ਅਹਾਰ ਭਿੰਨ ਭਿੰਨ ਹੈ॥ **ਜੈਸੇ ਪਸੁਹੁ ਕੀ ਭਲਾਈ ਅਰੁ**

ਪੂਰਨਤਾਈ ਸੋਵਨੇ ਅਰੁ ਖਾਵਨੇ ਅਰੁ ਜੁਧ ਕਰਨੇ ਤੇ ਇਤ੍ ਕਛੂ ਨਹੀ॥ ਤਾਂ ਤੇ ਜਬ ਤੂ ਆਪ ਕੂੰ ਪਸੂ ਜਾਨਤਾ ਹੈ ਤਬ ਦਿਨਰਾਤ੍ ਬਿਖੇ ਇਹੀ ਪੁਰਖਾਰਥੁ ਕਰ ਜੋ ਪੇਟ ਅਰੁ ਇੰਦ੍ਰੀਆਂ ਕੀ ਪਾਲਨਾ ਹੋਵੈ॥ ਬਹੁੜਿ ਸਿੰਘ ਕੀ ਪੂਰਨਤਾਈ ਇਹ ਹੈ ਜੋ ਫਾੜਨਾ ਅਰੁ ਕ੍ਰੋਧਵਾਨ ਹੋਵਣਾ॥ ਅਰੁ ਭੂਤ ਪ੍ਰੇਤ੍ਹੁ ਕਾ ਜੋ ਸੁਭਾਵ ਹੈ ਸੋ ਲਛ ਅਰੁ ਪ੍ਰਪੰਚ ਹੈਂ॥ ਸੋ ਜਬ ਤੂ ਸਿੰਘ ਅਥਵਾ ਭੂਤ ਹੈਂ ਤਬ ਇਸ ਹੀ ਸੁਭਾਵ ਬਿਖੇ ਇਸਥਤ ਹੋਹੁ ਤਬ ਆਪਨੀ ਪੂਰਨਤਾਈ ਕੂੰ ਪ੍ਰਾਪਤ ਹੋਵਹੁ॥ ਅਰੁ ਦੇਵਤਹੁ ਕੀ ਪੂਰਨਤਾਈ ਅਰੁ ਭਲਾਈ ਅਰੁ ਅਹਾਰ ਭਗਵੰਤ ਕਾ ਦਰਸਨ ਹੈ॥ ਭੋਗ ਬਾਸਨਾ ਅਰੁ ਕ੍ਰੋਧ ਜੋ ਪਸੂਹੁ ਅਰੁ ਸਿੰਘਹੁ ਕਾ ਸੁਭਾਵ ਹੈ॥ ਸੋ ਤਿਨ ਕੂੰ ਸੁਪ੍ਰਸ ਨਹੀ ਕਰਤਾ॥

ਸੋ ਆਦਿ ਉਤਪਤ ਬਿਖੇ ਜਬ ਤੇਰਾ ਦਿਬ ਸੁਭਾਵ ਹੈ ਤਬ ਇਹੀ ਪੁਰਖਾਰਥ ਕਰਿ ਜੋ ਭਗਵੰਤ ਕੇ ਦਰਬਾਰ ਕੂ ਪਛਾਣੇ॥ ਬਹੁੜਿ ਭੋਗ ਬਾਸਨਾ ਅਰੁ ਕ੍ਰੋਧ ਕੀ ਪ੍ਰਬਲਤਾ ਤੇ ਆਪ ਕੂੰ ਮੁਕਤ ਕਰਹਿ ਅਰ ਇਸ ਭੇਦ ਕੂੰ ਭੀ ਸਮਝਹਿ ਜੋ ਤੇਰੇ ਬਿਖੇ ਭਗਵੰਤ ਨੇ ਪਸੂਹੁ ਅਰੁ ਸਿੰਘ ਕੇ ਸੁਭਾਵ ਕਿਸ ਨਿਮਤ ਉਤਪਤ ਕੀਏ ਹੈਂ। ਤਬ ਤੂੰ ਉਨ ਕੇ ਸੁਭਾਵਹੁ ਕੂੰ ਅੰਗੀਕਾਰ ਕਰਹਿ ਅਰੁ ਜਿਸ ਮਾਰਗ ਬਿਖੇ ਤੈ ਨੇ ਜਾਨਾ ਹੈਂ ਸੋ ਤਿਸ ਮਾਰਗ ਬਿਖੇ ਉਨਹੁ ਸੁਭਾਵਹੁ ਕੂੰ ਅਪਨੇ ਅਧੀਨ ਲੈ ਜਾਵਹਿ ਅਰੁ ਤੂ ਇਨ ਕੇ ਅਧੀਨ ਨ ਹੋਵਹਿ॥ ਇਸੀ ਕਾਰਨ ਤੇ ਤੁਝ ਕੂੰ ਚਾਹੀਤਾ ਹੈ ਜੋ ਏਕ ਸੁਭਾਵ ਕੂੰ ਘੋੜਾ ਕਰਹਿ ਅਰੁ ਦੂਸਰੇ ਸੁਭਾਵ ਕੂੰ ਸਸਤ੍ ਕਰਹਿ ਅਰੁ ਜਗਤ ਬਿਖੇ ਜੋ ਕਛੂ ਕਾਲ ਤੇਰਾ ਜੀਵਣਾ ਹੈ ਸੋ ਇਸ ਆਰਬਲਾ ਬਿਖੇ ਆਪਨਾ ਕਾਰਜ ਕ੍ਰਹਿ॥ ਤਬ ਉਸ ਘੋੜੇ ਅਰੁ ਸਸਤ੍ ਕਰ ਕੈ ਅਪਣੀ ਭਲਾਈ ਕੂੰ ਸਿਕਾਰ ਕਰਹਿ॥ ਅਰੁ ਜਬ ਬਹੁ ਭਲਾਈ ਤੁਝ ਕੂੰ ਪ੍ਰਾਪਤ ਹੋਈ ਅਰੁ ਉਨਹੁ ਸੁਭਾਵਹੁ ਕੂੰ ਤੈਸੇ ਬਸੀਕਾਰ ਕੀਆ ਪਰ ਜਬ ਭਗਵੰਤ ਕੇ ਪਛਾਨਨੇ ਕੀ ਓਰ ਤੇਰਾ ਮੁਖ ਹੂਵਾ ਤਬ ਤੂੰ ਮੁਕਤ ਹੋਵਹਗਾ॥

ਸੋ ਭਗਵੰਤ ਕਾ ਪਛਾਨਨਾ ਕੈਸਾ ਹੈ ਜੋ ਸੰਤ ਜਨਹੁ ਕੇ ਇਸਥਿਤ ਹੋਣੇ ਕਾ ਇਸਥਾਂਨ ਹੈ ਅਰੁ ਸੁਖ ਸਰੂਪ ਹੈ॥ ਜੈਸੇ ਇਤ੍ ਜੀਵ ਸੁਬਰਗ ਕੂੰ ਸੁਖ ਰੂਪ ਜਾਨਤੇ ਹੈਂ ਤੈਸੇ ਸੰਤ ਜਨਹੁ ਕੂੰ ਸੁਖ ਮਹਾਰਾਜ ਕੀ ਸਰਨਿ ਬਿਖੇ ਹੋਤਾ ਹੈ॥ ਸੋ ਇਸ ਪ੍ਰਕਾਰ ਤੈਨੇ ਸਮਝਯਾ ਤਬ ਕਛੂ ਕੁ ਅਪਣੇ ਆਪ ਕਾ ਪਛਾਨਣਾ ਹੋਵੈਗਾ ਅਰੁ ਜੋ ਕੋਈ ਇਸ ਭੇਦ ਕੂੰ ਨਹੀ ਪਛਾਨਤਾ ਤਬ ਉਸ ਕੂੰ ਧਰਮ ਮਾਰਗ ਬਿਖੇ ਚਲਨਾ ਕਠਨ ਹੋਤਾ ਹੈ ਅਰੁ ਆਤਮ ਧਰਮ ਬਿਖੇ ਉਸ ਕੂੰ ਆਵਣਾ ਹੋਤਾ ਹੈ॥੧॥

**ਅਥ ਦੂਸਰੇ ਸਰਗ ਬਿਖੇ ਚੈਤੰਨ ਰੂਪ ਕਾ ਪਛਾਨਣਾ ਬ੍ਰਨਨ ਹੋਵੈਗਾ॥**

ਬਹੁੜਿ ਜਬ ਤੂ ਆਪ ਕੂੰ ਪਛਾਨਿਆ ਚਾਹਤਾ ਹੈਂ ਤਬ ਇਸ ਪ੍ਰਕਾਰ ਨਿਸਚੈ ਜਾਣ ਜੋ ਤੁਝ ਕੂੰ ਦੁਹੁ ਪਦਾਰਥਹੁ ਕਰ ਉਤਪਤ ਕੀਯਾ ਹੈ॥ ਸੋ ਏਕ ਸਰੀਰ ਹੈ ਜੋ ਅਸਥੂਲ ਨੇਤ੍ਰਹੁ ਕਰ ਦੇਖਯਾ ਜਾਤਾ ਹੈ॥ ਅਰੁ ਦੂਸਰਾ ਚੈਤੰਨ ਹੈ ਸੋ ਸੂਖਮ ਰੂਪ ਹੈ ਅਰ ਉਸ ਕੂੰ ਜੀਵ ਕਰਤੇ ਹੈਂ। ਅਰੁ ਮਨ ਕਹਤੇ ਹੈਂ ਅਰੁ ਚਿਤ ਭੀ ਉਸੀ ਕਾ ਨਾਮ ਹੈ॥ ਸੋ ਤਿਸ ਕੂੰ ਬੁਧ ਰੂਪੀ ਨੇਤ੍ਰਹੁ ਕਰ ਦੇਖ ਸਕੀਤਾ ਹੈ॥ ਸੋ ਅਸਥੂਲ ਨੇਤ੍ਰਹੁ ਕੀ ਦ੍ਰਿਸਟ ਤੇ ਪਰੇ ਹੈ॥ ਤਾਂਤੇ ਤੇਰਾ ਜੋ ਨਿਜ ਸਰੂਪ ਹੈ ਸੋ ਬਹੀ ਚੈਤੰਨ ਤਤ ਹੈ ਅਰੁ ਜੇਤੇ ਗੁਨ ਹੈਂ ਸੋ ਚੈਤੰਨਤਾ ਕੇ ਅਧੀਨ ਹੈਂ ਅਰ ਉਸੀ ਕੇ ਟਹਲੂਏ ਹੈਂ ਅਥਵਾ ਸੈਨਾ ਕੀ ਨਯਾਈ ਹੈਂ॥ ਅਰੁ ਮੈ ਨੇ ਉਸੀ ਚੈਤੰਨ ਕਾ ਨਾਮ ਰਿਦਾ ਰਾਖਯਾ ਹੈ॥ ਸੋ ਇਹ ਬਾਰਤਾ ਨਿਰਸੰਦੇਹ ਹੈ। ਜੇ ਆਤਮਾ ਅਰੁ ਮਨ ਅਰੁ ਰਿਦਾ ਉਸੀ ਚੈਤੰਨ ਕਾ ਨਾਮ ਹੈ ਤਾਂ ਤੇ ਜੋ ਰਿਦੇ ਕਾ ਬਰਨਨ ਕਰਤਾ ਹੂੰ॥

ਸੋ ਮੇਰਾ ਪ੍ਰੋਜਨ ਸਰੀਰੁ ਕੇ ਰਿਦੇ ਅਸਥਾਨੁ ਕਾ ਨਹੀ। ਕਾਹੇ ਤੇ ਜੋ ਇਸਥੂਲ ਰਿਦੇ ਅਸਥਾਨ ਕਾ ਸਰੂਪ ਮਾਸ ਅਰੁ ਤੁਚਾ ਕਰ ਰਚਯਾ ਹੂਵਾ ਹੈ ਅਰੁ ਪੰਚ ਭੂਤਹੁ ਕਾ ਬਿਕਾਰ ਹੈ ਤਾਂ ਤੇ ਜੜ ਰੂਪ ਹੈ॥ ਅਰੁ ਮਾਨਖ ਕਾ ਚੈਤੰਨ ਰੂਪ ਰਿਦਾ ਹੈ ਸੋ ਅਸਥੂਲ ਦ੍ਰਿਸਟ ਤੇ ਬਿਲਖਣ ਹੈ ਅਰੁ ਇਸ ਸਰੀਰ ਬਿਖੇ ਪ੍ਰਦੇਸੀ ਕੀ ਨਯਾਈ ਕਾਰਜ ਕੇ ਨਿਮਤ ਆਯਾ ਹੈ॥ ਬਹੁੜਿ ਇਸ ਜੋ ਅਸਥੂਲ ਰਿਦੇ ਕਾ ਅਸਥਾਂਨ ਹੈ ਸੋ ਜੀਵ ਕਾ ਘੋੜਾ ਅਥਵਾ ਸਸਤ੍ ਹੈ ਅਰੁ ਸਰਬ ਇੰਦ੍ਰੀਆਂ ਭੀ ਜੀਵ ਕੀ ਸੈਨਾ ਹੈ ਅਰੁ ਸਰੀਰ ਕਾ ਰਾਜਾ ਜੀਵ ਹੈ॥ ਤਾਂ ਤੇ ਭਗਵੰਤ ਕਾ ਪਛਾਨਣਾ ਅਰੁ ਉਸ ਕੇ ਸਰੂਪ ਕਾ ਦੇਖਣਾ ਭੀ ਜੀਵ ਕਾ ਅਧਿਕਾਰ ਹੈ॥ ਇਸੀ ਕਾਰਨ ਤੇ ਡੰਡ ਅਰੁ ਉਪਦੇਸ ਅਰ ਪੁੰਨ ਪਾਪ ਕਾ ਅਧਿਕਾਰੀ ਵਹੀ ਜੀਵ ਹੈ॥ ਤਾਂ ਤੇ ਭਾਗਵਾਨ ਅਰੁ ਭਾਗਹੀਨ ਉਸੀ ਜੀਵ ਕੂੰ ਕਹੀਤਾ ਹੈ ਅਰੁ ਸਰਬ ਕਾਲ ਬਿਖੇ ਸਰੀਰ ਉਸੀ ਕੇ ਅਧੀਨ ਹੈ॥

ਇਸੀ ਕਾਰਨ ਤੇ ਉਸ ਚੈਤੰਨ ਕੇ ਸਰੂਪ ਕਾ ਪਛਾਨਣਾ ਅਰੁ ਉਸ ਕੇ ਸੁਭਾਵਹੁ ਕਾ ਸਮਝਣਾ ਭਗਵੰਤ ਕੇ ਪਛਾਨਣੇ ਕੀ ਕੁੰਜੀ ਹੈ॥ ਤਾਂ ਤੇ ਤੂੰ ਇਸ ਪੁਰਖਾਰਥ ਕਰਿ ਚੇਤਨ ਰੂਪ ਕਾ ਪਛਾਨਹਿ। ਕਾਹੇ ਤੇ ਜੋ ਇਹ ਚੈਤੰਨ ਰੂਪੀ ਰਤਨ ਦੁਰਲੰਭ ਹੈ ਅਰੁ ਦੇਵਤਿਹੁ ਕੀ ਨਯਾਈ ਨਿਰਮਲ ਸਰੂਪ ਇਹੀ ਹੈ ਅਰ ਇਸ ਰਤਨ ਕੀ ਖਾਨ ਪਾਰਬ੍ਰਿਹਮ ਹੈ॥ ਇਸ ਕਰ ਕੈ ਜੋ ਇਹ ਜੀਵ ਉਸ ਹੀ ਓਰ ਤੇ ਆਯਾ ਹੈ ਬਹੁਰਿ ਉਸ ਹੀ ਓਰ ਜਾਵੇਗਾ ਅਰੁ ਇਸ ਸੰਸਾਰੁ ਬਿਖੇ ਪ੍ਰਦੇਸੀ ਹੈ ਸੋ ਅਪਣੇ ਕਾਰਜ ਕੇ ਨਿਮਤ ਇਹਾ ਆਯਾ ਹੈਂ। ਤਾਂ ਤੇ ਤੁਝ ਕੂੰ ਬਹੁ ਕਾਰਜ ਭੀ ਅਬ ਸਮੇਵ ਪਛਾਣਿਆ ਚਾਹੀਤਾ ਹੈ ਪ੍ ਭਗਵੰਤ ਕੀ ਦਯਾ ਕਰ ਜਾਣਿਆ ਜਾਤਾ ਹੈ॥ ੨॥

**ਅਥ ਤੀਸਰੇ ਸਰਗ ਬਿਖੇ ਆਤਮਾ ਸਤਾ ਅਭਯਾਸ ਬ੍ਰਨਨ ਹੋਵੈਗਾ॥**

ਤਾਂ ਤੇ ਜਾਣ ਤੂੰ ਜੋ ਜਬ ਲਗ ਚੈਤੰਨ ਰੂਪ ਕੂੰ ਨ ਪਛਾਣਿਏ ਤਬ ਲਗ ਰਿਦੇ ਕੇ ਜਥਾਰਥ ਰੂਪ ਕੂੰ ਪਛਾਣ ਨਹੀ ਸਕਤਾ॥ ਸੋ ਇਸੀ ਕਾਰਨ ਤੇ ਭਗਵੰਤ ਕਾ ਪਛਾਨਣਾਂ ਭੀ ਨਹੀ ਹੋਇ ਸਕਤਾ ਅਰੁ ਉਤਮ ਭਾਗਹੁ ਕੂੰ ਭੀ ਨਹੀ ਪਾਵਤਾ॥ ਪਰ ਜਬ ਏਕ ਭਾਵ ਕਰ ਦੇਖੀਏ ਤੋ ਚੈਤੰਨ ਰੂਪ ਅਤਿ ਪ੍ਰਗਟ ਹੈ। ਕਾਹੇ ਤੇ ਚੈਤੰਨ ਰੂਪ ਕਾ ਹੋਵਣਾ ਸਰੀਰ ਕੈ ਆਸਰੇ ਨਹੀਂ॥ ਜੈਸੇ ਮ੍ਰਿਤਕ ਕਾ ਸਰੀਰ ਇੰਦ੍ਰੀਆਂ ਪ੍ਰਗਟ ਹੋਤੀਆਂ ਹੈਂ ਪ੍ ਚੈਤੰਨ ਸਤਾ ਬਿਨਾ ਉਸ ਕੂੰ ਮ੍ਰਿਤਕ ਕਹੀਤਾ ਹੈ॥ ਬਹੁੜਿ ਯੌ ਭੀ ਹੈ ਜੋ ਜਬ ਕੋਊ ਪੁਰਖੁ ਨੇਤ੍ ਆਦਿਕ ਇੰਦੀਆਂ ਕੌ ਰੋਕੈ ਅਰੁ ਚੈਤੰਨਤਾ ਕੈ ਅਭਯਾਸ ਬਿਖੇ ਸਰਬ ਸਰੀਰੁ ਸ੍ਰਬ ਅਸਥੂਲ ਜਗਤ ਕੂੰ ਬਿਸਮਰਣ ਕਰੈ ਤਬ ਨ੍ਰਿਸੰਦੇਹ ਅਪਣੇ ਆਪ ਕੂੰ ਪਛਾਣ ਲੇਵੈ ਅਰੁ ਜਥਾਰਥ ਰੂਪ ਆਤਮਾ ਕੂੰ ਜਾਣੈਂ॥ ਬਹੁੜਿ ਜਬ ਉਸੀ ਬਿਖੇ ਅਧਿਕ ਅਭਯਾਸ ਅਰੁ ਬਿਚਾਰ ਕਰੈ ਤਬ ਸੁਗਮ ਹੀ ਪ੍ਰਲੋਕ ਭੀ ਦੇਖ ਲੇਵੈ॥ ਅਰੁ ਇਸ ਬਾਰਤਾ ਕੂੰ ਭੀ ਪ੍ਰਤਖ ਜਾਣੈਂ ਜੋ ਜਬ ਇਸ ਮਾਨੁਖ ਕਾ ਸਰੀਰ ਛੂਟਤਾ ਹੈ ਤਬ ਚੈਤੰਨ ਰੂਪ ਜੀਵ ਕਾ ਨਾਸ ਨਹੀ ਹੋਤਾ ਅਰੁ ਅਪਣੇ ਆਪ ਬਿਖੇ ਇਸਥਤਿ ਰਹਤਾ ਹੈ॥ ੩॥

**ਅਥ ਚੌਥੇ ਸਰਗ ਬਿਖੇ ਸਾਧਨਾ ਕਾਲ ਕਾ**

ਅਧਕਾਰ ਬ੍ਰਨਨ ਹੋਵੈਗਾ॥

ਬਹੁੜਿ ਇਸ ਜੀਵ ਕਾ ਜੋ ਸੁਧ ਸਰੂਪ ਹੈ ਅਰੁ ਜੋ ਇਸ ਕਾ ਪ੍ਰਮ ਸੁਭਾਵ ਹੈ। ਸੋ ਤਿਸ ਕਾ ਖੇਲਣਾ ਧਰਮ ਸਾਸਤ੍ਰ ਬਿਖੇ ਪ੍ਰਵਾਨ ਨਹੀਂ ਕਹਾ॥ ਇਸੀ ਪ੍ਰ ਏਕ ਬਾਰਤਾ ਹੈ॥

ਜੋ ਲੋਕਹੁ ਨੇ ਅਬਿਯਾਸਯੋਂ ਆਇ ਕਰਿ ਪੂਛਯਾ ਜੋ ਜੀਵ ਕਾ ਸਰੂਪ ਕਯਾ ਹੈ॥ ਤਬ ਅਬਯਾਸਯੋਂ ਭੀ ਜੀਵ ਕਾ ਪਰਮ ਸਰੂਪ ਬ੍ਰਨਨ ਨਹੀ ਕੀਯਾ ਅਰੁ ਭਗਵੰਤ ਕੀ ਆਗਯਾ ਪਾਇ ਕਰਿ ਇਤਨਾ ਹੀ ਉਤਰ ਦੀਯਾ ਜੋ ਇਹੁ ਮਹਾਰਾਜ ਕੀ ਸਤਾ ਮਾਤ੍ਰ ਹੈ॥ ਸੋ ਇਸ ਤੇ ਅਧਕ ਬਖਯਾਣ ਕਰਣਾ ਪ੍ਰਵਾਨੁ ਨ ਦੇਖਯਾ॥ ਤਾਂ ਤੇ ਇਤਨਾ ਹੀ ਉਤ੍ਰ ਦੀਯਾ ਜੋ ਇਹ ਸਰਬ ਸਿਸਟ ਦੋ ਪ੍ਰਕਾਰ ਕੀ ਰਚਨਾ ਹੈ - ਸੋ ਇਕ ਸਿਸਟ ਅਸਥੂਲ ਹੈ ਅਰੁ ਦੂਸਰੀ ਸਤਾ ਰੂਪ ਸੂਖਮ ਹੈ॥ ਸੋ ਜਿਸ ਪਦਾਰਥ ਕੀ ਮ੍ਰਿਜਾਦਾ ਅਰੁ ਆਕਾਰ ਅਰੁ ਬਧਣਾ ਘਟਣਾ ਹੋਵੈ ਤਬ ਉਸ ਕੂੰ ਅਸਥੂਲ ਕਹੀਤਾ ਹੈ॥ ਅਰੁ ਚੈਤੰਨ ਸਤਾ ਜੋ ਸੂਖਮ ਸਰੂਪ ਹੈ ਸੋ ਤਿਸ ਕੀ ਮ੍ਰਿਜਾਦਾ ਅਰੁ ਅਕਾਰੁ ਕਛੁ ਨਹੀ ਅਰੁ ਅਖੰਡ ਹੈ। ਕਾਹੇ ਤੇ ਜੋ ਜਬ ਇਸ ਮਾਨੁਖ ਕਾ ਰਿਦਾ ਖੰਡ ਰੂਪ ਹੋਤਾ ਹੈ ਤਬ ਇਸ ਕੇ ਸਰੀਰ ਬਿਖੇ ਏਕ ਓਰ ਮੂਰਖਤਾ ਹੋਤੀ ਹੈ ਅਰੁ ਏਕ ਓਰ ਬਿਦਯਾ ਹੋਤੀ ਹੈ॥ ਸੋ ਚੈਤੰਨ ਸਰੂਪ ਬਿਖੇ ਇਸ ਪ੍ਰਕਾਰ ਬਿਦਯਾ ਅਰ ਮੂਰਖਤਾ ਨਹੀ॥ ਤਾਂ ਤੇ ਇਸ ਕੂੰ ਅਖੰਡ ਕਹੀਤਾ ਹੈ ਅਰੁ ਮ੍ਰਿਜਾਦਾ ਤੇ ਰਹਤ ਹੈ॥ ਪਰੁ ਇਸ ਕਾ ਨਾਮ ਜੀਵ ਇਸ ਨਿਮਤ ਕਹਾ ਹੈ ਜੋ ਯਾਹੁ ਭਗਵੰਤ ਕਾ ਉਤਪਤ ਕੀਯਾ ਹੂਵਾ ਹੈ॥ ਇਸੀ ਕਰਕੈ ਜੀਵ ਕੂੰ ਸੂਖਮ ਸਿਸਟ ਕਹੀਤਾ ਹੈ ਪਰੁ ਤੋ ਭੀ ਇਸ ਕਾ ਸਰੂਪ ਅਸਥੂਲ ਨਹੀ॥ ਤਾਂ ਤੇ ਸੂਛਮ ਹੈ ਬਹੁੜਿ ਜਿਨ ਪੁਰਖਹੁ ਨੇ ਇਸ ਪ੍ਰਕਾਰ ਨਿਸਚਾ ਕੀਯਾ ਹੈ ਜੋ ਇਹੁ ਜੀਵ ਅਨਾਦਿ ਹੈ ਸੋ ਬਹੁ ਭੀ ਭੂਲੇ ਹੈਂ॥ ਅਰੁ ਜਿਨਹੁ ਨੇ ਇਸ ਜੀਵ ਕੂੰ ਪ੍ਰਿਤਿਬਿੰਬ ਜਾਣਿਆ ਹੈ ਸੋ ਬਹੁ ਭੀ ਭੂਲੇ ਹੈਂ ਕਾਹੇ ਤੇ ਜੋ ਬਿੰਬ ਆਪ ਕਰ ਬਸਤੁ ਕੁਛ ਨਹੀ ਅਰੁ ਜੋ ਅਨਾਦਿ ਹੈ ਸੋ ਉਤਪਤ ਕੀਆ ਨਹੀ ਹੋਤਾ॥ ਅਰੁ ਯਹੁ ਜੋ ਜੀਵ ਹੈ ਸੋ ਉਤਪਤ ਕੀਆ ਹੂਵਾ ਹੈ ਅਰੁ ਸਰੀਰ ਕਾ ਆਸਰਾ ਹੈ॥ ਤਾਂ ਤੇ ਇਸ ਕੋ ਪ੍ਰਤਿਬੰਬ ਭੀ ਪਰਵਾਨੁ ਨਹੀਂ। ਅਰੁ ਜਿਨਹੁ ਨੇ ਇਸ ਸਰੀਰੁ ਕੂੰ ਆਤਮ ਪ੍ਰਮਾਣ ਕੀਆ ਹੈ ਸੋ ਬਹੁ ਭੀ ਭੂਲੇ ਹੈਂ॥ ਕਾਹੇ ਤੇ ਜੋ ਯਹੁ ਸਰੀਰ ਖੰਡ ਖੰਡ ਹੋ ਜਾਤਾ ਹੈ ਅਰੁ ਆਤਮਾ ਅਖੰਡ ਹੈ ਅਰੁ ਗਯਾਨ ਸਰੂਪ ਹੈ॥ ਸੋ ਯਹੁ ਸਰੀਰ ਭੀ ਨਹੀਂ ਅਰੁ ਪ੍ਰਿਤਬਿੰਬ ਭੀ ਨਹੀਂ॥ ਅਰਥ ਯਹੁ ਜੋ ਵਸਤੁ ਰੂਪ ਅਰੁ ਚੈਤੰਨ ਹੈ ਅਰੁ ਦੇਵਤਯੋਂ ਕੀ ਨਯਾਈ ਪ੍ਰਕਾਸਵਾਨ ਹੈ॥ ਪਰ ਇਸ ਜੀਵ ਕਾ ਜੋ ਕਾਰਣ ਸਰੂਪ ਹੈ ਸੋ ਤਿਸ ਕਾ ਪਛਾਨਣਾਂ ਦੁਲਭ ਹੈ ਅਰੁ ਵਚਨ ਬਿਖੇ ਪ੍ਰਸਿਧ ਕਹਯਾ ਭੀ ਨਹੀ ਜਾਤਾ ਅਰ ਸਾਧਨਾ ਕਾਲ ਬਿਖੇ ਜਗਯਾਸੀ ਕੂੰ ਇਸ ਨਿਰਨੇ ਕੀ ਅਪੇਛਾ ਭੀ ਨਹੀ ਹੋਤੀ। ਕਾਹੇ ਤੇ ਜੋ ਧਰਮ ਕੇ ਮਾਰਗ ਵਿਖੇ ਜਗਯਾਸੀ ਕੂੰ ਜਤਨੁ ਅਰੁ ਉਦਮ ਚਾਹੀਤਾ ਹੈ॥ ਬਹੁੜਿ ਜਬ ਬਿਧ ਸੰਜੁਗਤਿ ਪੁਰਖਾਰਥ ਦ੍ਰਿਢ ਹੋਤਾ ਹੈ ਤਬ ਜਗਯਾਸੀ ਕੂੰ ਆਪ ਕਰ ਹੀ ਸਰੂਪ ਕਾ ਗਯਾਨੁ ਭਾਸ ਆਵਤਾ ਹੈ ਅਰੁ ਉਸ ਕੂੰ ਕਿਸੀ ਤੇ ਕਛ ਸੁਨਣੇ ਕੀ ਅਪੇਛਾ ਨਹੀ ਰਹਤੀ। ਕਾਹੇ ਤੇ ਜੋ ਆਤਮ ਸਰੂਪ ਕਾ ਗਯਾਨ ਅਪਣੇ ਪੁਰਖਾਰਥ ਅਰੁ ਭਗਵੰਤ ਕੀ ਦਯਾ ਕਰਿ ਪ੍ਰਾਪਤ ਹੋਤਾ ਹੈ॥ ਇਸ ਪਰ ਸਾਂਈ ਭੀ ਕਹਾ ਹੈ॥

ਤਬ ਮੈ ਉਨ ਕੂੰ ਆਪਣੇ ਸਰੂਪ ਕਾ ਗਯਾਨ ਲਖਯਾਵਤਾ ਹੂੰ॥ ਅਰੁ ਜਿਸੁ ਪੁਰਖ ਨੇ ਜਤਨ ਅਰੁ ਪੁਰਖਾਰਥ ਭਲੀ ਪ੍ਰਕਾਰ ਨ ਕੀਯਾ ਹੋਵੈ ਤਬ ਉਸ ਕੂੰ ਆਤਮ ਸਰੂਪ ਕੀ ਬਾਰਤਾ ਪ੍ਰਸਿਧ ਕਹਣੀ ਜੋਗ ਨਹੀ ਅਰੁ ਜਬ ਉਸ ਕੂੰ ਕਹੀਏ ਤਬ ਦ੍ਰਿੜ ਭੀ ਨਹੀ ਹੋਤੀ॥ ਤਾਂ ਤੇ ਜਤਨ ਤੇ ਆਗੈ ਹੀ ਜੀਵ ਕੀ ਸੈਨਾ ਕੂ ਪਛਾਣਿਆ ਚਾਹੀਤਾ ਹੈ। ਕਾਹੇ ਤੇ ਜੋ ਜਬ ਲਗ ਸੁਭ ਅਰੁ ਅਸੁਭ ਸੈਨਾ ਕੂੰ ਨ ਪਛਾਣਿਏ ਤਬ ਲਗ ਅਸੁਭ ਸੈਨਾਂ ਸਯੋਂ ਬਿਰੁਧ ਭੀ ਨਹੀ ਕਰ ਸਕਤਾ॥ 4॥

---

### (ਪੰਨਾ 13 ਦੀ ਬਾਕੀ)

ਦੇਸ਼ਾਂ ਦੇ ਪ੍ਰੇਮੀਆਂ ਵੱਲੋਂ ਆਉਣ ਵਾਲੇ ਪੱਤਰਾਂ ਤੇ ਟੈਲੀਫੋਨਾਂ ਤੋਂ ਗਾਹੇ ਬਗਾਹੇ ਸੂਚਨਾ ਮਿਲਦੀ ਰਹਿੰਦੀ ਹੈ ਕਿ ਇਨ੍ਹਾਂ ਵਿਚ ਗੁਰੂ ਨਾਨਕ ਨਾਮ ਲੇਵਾ ਪ੍ਰੇਮੀਆਂ ਲਈ ਆਤਮ ਮਾਰਗ ਲਈ ਸਹੀ ਸੇਧ ਮਿਲ ਰਹੀ ਹੈ ਅਤੇ ਹਜ਼ਾਰਾਂ ਨੂੰ ਇਹਨਾਂ ਵੀ. ਡੀ. ਓ. ਕੈਸਟਾਂ ਨੂੰ ਵੇਖ ਕੇ ਨਵਾਂ ਜੀਵਨ ਤੇ ਗੁਰਮਤਿ ਅਨੁਸਾਰ ਜੀਵਨ ਜੀਉਣ ਦੀ ਨਵੀਂ ਜੀਵਨ ਜਾਂਚ ਪ੍ਰਾਪਤ ਹੋਈ ਹੈ ਅਤੇ ਸਹੀ ਅਰਥਾਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਕਾਸ਼ ਮਿਲਿਆ ਹੈ। ਇਸ ਪ੍ਰਚਾਰ ਸਾਧਨ ਨੂੰ ਅਪਨਾਉਣ ਨਾਲ ਬਾਹਰਲੇ ਦੇਸ਼ਾਂ ਵਿਚ, ਕੰਮ ਧੰਦਾ ਕਰਦੇ ਹੋਏ ਮਸਰੂਫ ਜਗਿਆਸੂ ਵੀ ਗੁਰੂ ਨਾਨਕ ਸਾਹਿਬ ਦੀ ਬਾਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਰਹਿੰਦੇ ਹਨ। ਵਿਹਲਾ ਸਮਾਂ ਅਜਾਈਂ ਗੁਆਉਣ ਅਤੇ ਗੰਦੀਆਂ ਫਿਲਮਾਂ ਵੇਖਣ ਦੀ ਥਾਂ, ਗੁਰਮਤਿ ਤੇ ਰੂਹਾਨੀ ਫਿਲਮਾਂ ਵੇਖ ਕੇ ਉਨ੍ਹਾਂ ਦਾ ਚਿਤ ਗੁਰੂ ਚਰਨਾਂ ਨਾਲ ਜੁੜਿਆ ਰਹਿੰਦਾ ਹੈ।

ਆਪ ਜੀ ਵੱਲੋਂ ਪੰਜਾਬ ਦੇ ਸਾਰਿਆਂ ਜ਼ਿਲਿਆਂ ਵਿਚ ਵੀ. ਡੀ. ਓ. ਫਿਲਮਾਂ ਰਾਹੀਂ ਗੁਰਮਤਿ ਦਾ ਪ੍ਰਚਾਰ ਕਰਨ ਦਾ ਪ੍ਰੋਗਰਾਮ ਯੋਜਨਾਬੱਧ ਤਰੀਕੇ ਨਾਲ ਬਣਾਇਆ ਗਿਆ ਹੈ ਜੋ ਕਿ 1994 ਦੀ ਵਿਸਾਖੀ ਦੇ ਸ਼ੁਭ ਅਵਸਰ ਤੇ ਸ਼ੁਰੂ ਹੋ ਚੁਕਿਆ ਹੈ। ਇਸ ਦੀ ਪੂਰਤੀ ਲਈ ਪਹਿਲਾਂ ਰੋਪੜ ਦਾ ਜ਼ਿਲਾ ਚੁਣਿਆ ਗਿਆ ਹੈ। 20 ਟੈਲੀਵੀਜ਼ਨ ਸੈਟਾਂ ਤੇ ਵੀ.ਸੀ.ਆਰ ਰਾਹੀਂ ਨਕਸ਼ੇ ਅਨੁਸਾਰ ਇਕ ਪਾਸੇ ਤੋਂ ਸ਼ੁਰੂ ਕੀਤਾ ਜਾ ਚੁਕਿਆ ਹੈ। ਪਿੰਡਾਂ ਦੇ ਲੋਕਾਂ ਤੇ ਆਮ ਜਨਤਾ ਨੇ ਇਸ ਪ੍ਰੋਗਰਾਮ ਨੂੰ ਇਸ ਪੱਖੋਂ ਸਲਾਹਿਆ ਹੈ ਕਿ ਉਨ੍ਹਾਂ ਨੂੰ ਆਪ ਜੀ ਦੀ ਸਿੱਧੀ ਸਾਦੀ ਬੋਲੀ ਰਾਹੀਂ ਗੁਰਮਤਿ ਦੇ ਡੂੰਘੇ ਸਿਧਾਂਤ ਵੀ ਬੜੀ ਆਸਾਨੀ ਨਾਲ ਸਮਝ ਵਿਚ ਆ ਜਾਂਦੇ ਹਨ।

ਅੰਤ ਵਿਚ ਆਪ ਜੀ ਲਈ ਇਹੋ ਹੀ ਕਹਿਣਾ ਬਣਦਾ ਹੈ ਕਿ ਗੁਰਬਾਣੀ ਅਨੁਸਾਰ 'ਬ੍ਰਹਮਗਿਆਨੀ ਪਰਉਪਕਾਰ ਉਮਾਹਾ॥' ਆਪ ਜੀ ਆਪਣੀ ਆਯੂ ਦੇ 77ਵੇਂ ਸਾਲ ਵਿਚ ਹੁੰਦਿਆਂ ਹੋਇਆਂ ਵੀ ਮਾਨਵਤਾ ਦੇ ਭਲੇ ਅਤੇ ਕਲਿਆਣ ਹਿੱਤ ਹਮੇਸ਼ਾ ਹੀ ਤੱਤਪਰ ਰਹਿੰਦੇ ਹਨ ਅਤੇ ਸਦਾ ਹੀ ਇਹ ਲੋਚਾ ਮਨ ਵਿਚ ਰਖਦੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਕਲਜੁਗ ਦੇ ਭਿਆਨਕ ਸਮੇਂ ਅੰਦਰ ਗੁੱਝੀ ਅਗਨੀ ਦੇ ਵਿਚ ਜਲ-ਬਲ ਰਹੇ ਸੰਸਾਰ ਨੂੰ ਇਸ ਮਨੁੱਖਾ ਜਨਮ ਦੀ ਵਿਸ਼ੇਸ਼ਤਾ ਦੀ ਸੋਝੀ ਦੇ ਕੇ ਮਹਾਰਾਜ ਜੀ ਦੇ ਇਸ ਬਚਨ - ***'ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥ ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥'*** ਅਨੁਸਾਰ ਹਉਮੈ ਦੇ ਭਿਆਨਕ ਰੋਗ ਵਿਚ ਗ੍ਰਸੇ ਹੋਏ ਅਤੇ ਅਰਬਾਂ ਖਰਬਾਂ ਸਾਲਾਂ ਤੋਂ ਜਨਮ ਮਰਨ ਦੇ ਚੱਕਰਾਂ ਵਿਚ ਘੁੰਮਦੇ ਹੋਏ ਜੀਵਾਂ ਨੂੰ ਪਰਮ ਸੁੱਖ ਦੀ ਪ੍ਰਾਪਤੀ ਦੇ ਰਾਹ ਦੇ ਪਾਂਧੀ ਬਣਾਇਆ ਜਾ ਸਕੇ ਅਤੇ ਇਸ ਰਾਹ ਤੇ ਚਲ ਕੇ ਇਹ ਜੀਵ, ਜਿਸ ਪਰਮ ਸ਼ਾਂਤੀ ਦੇ ਸੋਮੇ ਨਾਲੋਂ ਕਦੇ ਵਿਛੜਿਆ ਸੀ, ਮੁੜ ਉਸ ਵਿਚ ਲੀਨਤਾ ਹਾਸਲ ਕਰ ਸਕੇ, ਜਿਥੋਂ ਫਿਰ ਕਦੇ ਇਸ ਦਾ ਵਿਛੋੜਾ ਨ ਹੋਵੇ।

# ਗੁਰ ਸੰਗਤਿ ਕੀਨੀ ਖਾਲਸਾ

ਪ੍ਰੋਫੈਸਰ ਜੋਗਿੰਦਰ ਸਿੰਘ

ਭਾਈ ਗੁਰਦਾਸ ਜੀ 'ਗੁਰੂ ਗੋਬਿੰਦ ਸਿੰਘ ਜੀ' ਦੀ ਉਪਮਾ ਵਿਚ ਵਾਰ "ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦" ਵਿਚ ਜਦੋਂ ਖਾਲਸੇ ਦੀ ਮਹਿਮਾ, ਖ਼ਾਲਸੇ ਦੇ ਤੇਜ਼-ਬਲ ਤੇ ਖਾਲਸੇ ਦੇ ਗੌਰਵ ਬਾਰੇ ਆਪਣੇ ਵਿਚਾਰ-ਅਨੁਭਵ ਪ੍ਰਗਟਾਂਦੇ ਹਨ, ਤਾਂ ਉਹ ਇਹ ਵੀ ਤੱਥ ਮੂਰਤੀਮਾਨ ਕਰ ਜਾਂਦੇ ਹਨ, ਕਿ ਦਸਮ ਪਾਤਿਸ਼ਾਹ ਨੇ ਜਿਸ ਨੂੰ 'ਖਾਲਸਾ' ਆਖਿਆ ਹੈ, ਉਹ 'ਸੰਗਤ' ਦਾ ਹੀ ਵਟਿਆ ਤੇ ਵਿਗਸਿਆ ਹੋਇਆ ਰੂਪ ਹੈ। ਸੰਗਤ ਤੇ ਖਾਲਸਾ ਦੀ ਮੂਲ ਤੇ ਅਧਿਆਤਮਿਕ ਵਿਸ਼ਵਾਸ਼ ਪ੍ਰੰਪਰਾ ਭਾਵੇਂ ਇਕੋ ਹੈ, ਪਰ ਸਰੂਪ ਤੇ ਆਦਰਸ਼ ਵਿਚ ਸਪਸ਼ਟ ਅੰਤਰ ਹੈ। ਸੰਗਤ ਤੋਂ ਖਾਲਸੇ ਦੇ ਸਰੂਪ ਵਿਚ ਕਕਾਰਾਂ ਕਾਰਨ ਜੋ ਭਿੰਨਤਾ ਤੇ ਵਿਲੱਖਣਤਾ ਹੈ, ਅਸਲ ਵਿਚ ਇਹੀ ਵਿਲੱਖਣਤਾ ਖਾਲਸੇ ਨੂੰ 'ਨਿਆਰਾ' ਸਿੱਧ ਕਰਦੀ ਹੈ। ਨਿਆਰਾ ਸਰੂਪ ਗ੍ਰਹਿਣ ਕਰਕੇ ਵੀ ਜੇ 'ਖਾਲਸਾ' ਨਾਨਕ ਨਾਮ ਦੀ ਪ੍ਰਾਪਤੀ, ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦੇ ਵਰਦਾਨ ਵਾਸਤੇ ਸੰਗਤ ਵਿਚ ਜੁੜਦਾ ਹੈ, ਤਾਂ ਸਪਸ਼ਟ ਹੈ ਕਿ 'ਖਾਲਸਾ' ਬਣਨ ਵਾਸਤੇ ਜਾਂ ਖਾਲਸਈ ਤੇਜ਼ ਵਿਚ ਜੀਊਣ ਲਈ 'ਖਾਲਸਾ' ਆਪਣਾ ਵਾਸ 'ਸੰਗਤ' ਵਿਚ ਰੱਖੇ।

'ਸੰਗਤ' ਦਾ ਜੋ ਸੰਕਲਪ ਗੁਰਬਾਣੀ ਵਿਚੋਂ ਰੂਪਮਾਨ ਹੋਇਆ ਹੈ, ਉਸ ਦਾ ਪ੍ਰਥਮ ਸਰੂਪ ਇਹੀ ਹੈ, ਕਿ 'ਸੰਗਤ' ਹਮੇਸ਼ਾ ਉਹੀ ਹੋ ਸਕਦੀ ਹੈ, ਜਿਸ ਦਾ ਵਿਸ਼ਵਾਸ਼, ਵਿਚਾਰ-ਅਨੁਭਵ ਤੇ ਆਦਰਸ਼ 'ਪ੍ਰਭੂ' ਦੁਆਲੇ ਕੇਂਦਰਿਤ ਹੈ। ਜੋ ਸੰਗਤ ਦੀ ਸੁਰਤਿ, ਸੋਚਣੀ, ਆਚਾਰ ਤੇ ਆਦਰਸ਼ 'ਪ੍ਰਭੂ-ਕੀਮਤਾਂ' ਨੂੰ ਉਭਾਰਨ ਵਾਲਾ ਨਹੀਂ, ਨਿਸਚੇ ਹੀ ਉਹ 'ਸੰਗਤ' ਨਹੀਂ, ਐਵੇਂ ਸੰਸਾਰੀ ਮਨੁੱਖਾਂ ਦਾ ਇਕੱਠ ਹੈ। ਸੰਗਤ-ਸਿਰਜਨਾ ਲਈ ਹਉਮੈਂ, ਭਰਮ-ਭਉ ਤੇ ਦਵੈਤ-ਦੁਬਿਧਾ ਤੋਂ ਮੁਕਤ ਹੋ ਕੇ, ਸਮਾਜਕ ਸੱਤਾ ਉਤੇ ਬਰਾਬਰ ਬੈਠਣਾ ਪੈਂਦਾ ਹੈ। ਬਰਾਬਰਤਾ ਜਾਂ ਸਮਾਨਤਾ ਦੇ ਭਾਵ-ਜਗਤ ਵਿਚ ਕੁਲ-ਕ੍ਰਿਤ ਅਮੀਰ-ਗਰੀਬ, ਜਾਤਿ-ਪਾਤਿ ਤੇ ਉਚੇ-ਨੀਵੇਂ ਦਾ ਕੋਈ ਵੀ ਵਿਤਕਰਾ ਸਵੀਕਾਰ ਨਹੀਂ ਕੀਤਾ ਜਾਂਦਾ। ਸ਼ਾਇਦ ਇਹੀ ਕਾਰਨ ਹੈ ਕਿ ਗੁਰਸਿਖਾਂ ਦੀਆਂ ਸੰਗਤਾਂ ਵਿਚ ਵਿਤਕਰੇ ਦੇ ਕਿਸੇ ਵੀ ਅੰਸ਼ ਨੂੰ ਕਦੀ ਵੀ ਮਾਨਤਾ ਪ੍ਰਾਪਤ ਨਹੀਂ ਹੋਈ। ਸੰਗਤ-ਸਿਰਜਨਾਂ ਦੀ ਮੂਲ ਬਿਰਤੀ 'ਧਰਮ' ਵਾਲੀ ਹੈ। ਦੋ ਜਾਂ ਦੋ ਤੋਂ ਵੱਧ ਧਰਮੀ ਸਿੱਖ ਜਿਥੇ ਵੀ ਜੁੜ ਬੈਠਨ, ਉਹ ਇਕ ਤਰ੍ਹਾਂ ਦੀ ਸੰਗਤ-ਸਿਰਜਨਾ ਕਰ ਰਹੇ ਹਨ। ਜਦੋਂ ਗੁਰੂਬਾਣੀ ਵਿਚ ਸਾਧ ਸੰਗਤ, ਸੁਸੰਗਤਿ ਤੇ ਸਾਧ-ਸੰਗ ਦੇ ਸ਼ਬਦ ਵਰਤੇ ਜਾਂਦੇ ਹਨ, ਤਾਂ 'ਸਾਧ' ਤੇ 'ਸਤਿ' ਪੱਦ ਧਰਮ ਤੇ ਧਰਮੀ ਦੇ ਪ੍ਰਤੀਕ ਹਨ। ਜਦੋਂ ਗੁਰੂ ਰਾਮਦਾਸ ਜੀ 'ਸੰਗਤਿ' ਵਿਚ ਜੁੜ ਬੈਠਣ ਦਾ ਫਲ ਦਰਸਾਂਦ ਹਨ-

*ਜਨਮ ਜਨਮ ਕੀ ਹਉਮੈ ਮਲੁ ਲਾਗੀ*
*ਮਿਲਿ ਸੰਗਤਿ ਮਲੁ ਲਹਿ ਜਾਵੈਗੋ।।* *ਪੰਨਾ - 1309*

ਤਾਂ ਸਪਸ਼ਟ ਹੈ ਕਿ ਸੰਗਤ ਵਿਚ ਧਰਮ-ਸਮਰੱਥਾ ਹੈ। ਜਿਥੇ ਧਰਮ-ਸਮਰੱਥਾ ਹੈ, ਉਥੇ ਹਉਮੈਂ ਦੀ ਮਲੁ ਦਾ ਕੋਈ ਮਹੱਤਵ ਨਹੀਂ। ਧਰਮ ਤੇ ਹਉਮੈਂ ਦਾ ਤਾਂ ਕਦੀ ਜੋੜ ਹੋਇਆ ਹੀ ਨਹੀਂ। ਧਰਮ ਵਿਚ ਪ੍ਰਥਮਤਾ ਹਮੇਸ਼ਾ 'ਨਾਮ' ਦੀ ਰਹੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਸੰਗਤਿ ਦਾ ਸੰਕਲਪ ਨਿਸ਼ਚਿਤ ਕੀਤਾ, ਤਾਂ ਉਹਨਾਂ ਨੇ ਪੂਰੀ ਤਰ੍ਹਾਂ ਸਪਸ਼ਟ ਕਰ ਦਿਤਾ ਕਿ ਸੰਗਤਿ ਉਹੀ ਹੈ, ਜਿਥੇ 'ਪ੍ਰਭੂ' ਨਾਮ ਦੀ ਮਹਿਮਾ ਦਾ ਵਖਾਣ ਜਾਂ ਗਾਇਨ ਕੀਤਾ ਜਾਂਦਾ ਹੈ -

*ਸਤਸੰਗਤਿ ਕੈਸੀ ਜਾਣੀਐ।।*
*ਜਿਥੈ ਏਕੋ ਨਾਮੁ ਵਖਾਣੀਐ।।* *ਪੰਨਾ - 72*

ਨਾਮ ਤੇ ਧਰਮ ਦੇ ਆਚਾਰ ਵਿਚ ਕੋਈ ਭਿੰਨ-ਭੇਦ ਨਹੀਂ। 'ਨਾਮ' ਧਰਮ-ਸਮਰੱਥਾ ਨੂੰ ਉਜਾਗਰ ਕਰਦਾ ਹੈ ਤੇ 'ਧਰਮ-ਸਮਰੱਥਾ' ਸੰਗਤਿ ਨੂੰ ਚੜ੍ਹਦੀ ਕਲਾ ਪ੍ਰਦਾਨ ਕਰਦੀ ਹੈ। 'ਪ੍ਰਭੂ' ਨੂੰ ਇਸ਼ਟ-ਆਸਰਾ ਜਾਂ ਕੇਂਦਰ ਬਿੰਦੂ ਮੰਨ ਕੇ ਕੀਤੀ ਅਧਿਆਤਮਕ ਸਾਧਨਾ ਦਾ ਵੱਡਾ ਆਦਰਸ਼ ਸੰਗਤ-ਸਿਰਜਨਾ ਦਾ ਹੀ ਹੈ ਕਿਉਂਕਿ ਵਿਅਕਤੀਗਤ ਤੇ ਸਮਾਜਕ ਜਲਨ ਬੁਝਾਣ ਵਿਚ ਜੋ ਯੋਗਦਾਨ ਸਤਿਸੰਗਤ ਜਾਂ ਸਾਧ-ਸੰਗਤ ਪਾ ਸਕਦੀ ਹੈ, ਅਜਿਹਾ ਯੋਗਦਾਨ ਕੋਈ ਹੋਰ ਸੰਘ ਨਹੀਂ ਪਾ ਸਕਦਾ। ਗੁਰੂ ਅਰਜਨ ਪਾਤਸ਼ਾਹ 'ਸੰਗਤਿ' ਦਾ ਮਹੱਤਵ ਇਸੇ ਭਾਵ ਤੋਂ ਹੀ ਪ੍ਰਗਟਾਂਦੇ ਹਨ -

*ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ*
*ਸਾਧ ਸੰਗਿ ਮੇਰੀ ਜਲਨਿ ਬੁਝਾਈ।।* *ਪੰਨਾ - 204*

ਅਰਥਾਤ ਧਰਮੀਆਂ ਦੀ ਸੰਗਤ 'ਵਿਸੁ' ਭਰੇ ਸੰਸਾਰ ਦੀ ਜਲਨਿ ਜਾਂ ਅਗਨਿ ਬੁਝਾਣ ਵਿਚ ਸਭ ਤੋਂ ਵਧ ਸਹਾਇਕ ਹੁੰਦੀ ਹੈ।

'ਧਰਮ' ਦਾ ਆਚਾਰ ਤੇ ਸਰੂਪ, ਨਿਰੰਤਰ 239 ਸਾਲ ਗੁਰੂ ਜੋਤਿ ਨੇ ਜੋ ਪ੍ਰਗਟਾਇਆ ਅਤੇ ਪ੍ਰਵਾਨ ਕੀਤਾ ਹੈ, ਉਹ ਸ਼ੁੱਧ ਰੂਪ ਵਿਚ ਅਧਿਆਤਮਿਕ ਹੈ ਤੇ ਉਸਦਾ ਉਜਿਆਰਾ ਪੱਖ ਨਿਰੋਲ ਗਿਆਨਮਈ ਹੈ। ਧਰਮ-ਜਗਤ ਵਿਚ ਨਿਰਾਰਥਿਕ ਕ੍ਰਿਆਚਾਰ, ਸੰਪਰਦਾਇਕ ਭਾਵਨਾ, ਪ੍ਰਚੱਲਤ ਰਸਮਾਂ, ਰੀਤਾਂ ਤੇ ਕਰਮ ਕਾਂਡਾਂ ਨੂੰ ਤਾਂ ਗੁਰੂ ਸਾਹਿਬ ਨੇ ਧਰਮ ਜਾਂ ਧਰਮ ਦੇ ਅੰਗ ਸਵੀਕਾਰ ਕੀਤਾ ਹੀ ਨਹੀਂ। ਧਰਮ ਦਾ ਸਬੰਧ ਗੁਰੂ ਸਾਹਿਬਾਂ ਨੇ ਸਿੱਧਾ ਆਤਮ-ਬੋਧ ਜਾਂ ਆਤਮ-ਜਾਗ੍ਰਿਤੀ ਨਾਲ ਜੋੜਿਆ ਹੈ। ਗੁਰੂ ਬਾਣੀ ਤੇ ਗੁਰੂ ਧਰਮ ਦਾ ਵੱਡਾ ਮੰਤਵ ਵੀ ਸਿਖ ਦੇ ਅਨੁਭਵ, ਬੁਧਿ ਤੇ ਕਰਮ ਨੂੰ ਬਿਬੇਕਸ਼ੀਲ ਜਾਂ ਅਧਿਆਤਮਿਕ ਗਿਆਨ ਵਾਲਾ ਸਿਰਜਨਾ ਹੀ ਹੈ। ਅਧਿਆਤਮਿਕ ਗਿਆਨ ਨਾਲ ਭਿੱਜੀ ਤੇ ਸ਼ਿੰਗਾਰੀ ਸਿੱਖ-ਆਤਮਾ ਸਦਾ ਸਹਿਜ ਵਿਚ ਵਿਚਰਦੀ ਹੈ। ਸਹਿਜ ਮੰਡਲ ਵਿਚ ਮੋਹ ਤੇ ਸਹਸਾ ਬਿਲਕੁਲ ਨਹੀਂ ਹੁੰਦਾ, ਕੇਵਲ ਅਨੰਦ ਤੇ ਅੰਮ੍ਰਿਤ ਦੀ ਪ੍ਰਧਾਨਤਾ ਦਾ ਹੀ ਪਸਾਰ ਹੁੰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਧਰਮੀਆਂ ਦੀ ਸੰਗਤ ਵਿਚ ਜਿਹੜਾ ਵੀ ਜੁੜ ਬੈਠਦਾ ਹੈ, ਉਹ ਅਨੰਦਪੁਰ ਦਾ ਵਾਸੀ ਬਣ ਜਾਂਦਾ ਹੈ ਤੇ ਅੰਮ੍ਰਿਤ ਨਾਲ ਆਪਣਾ ਮਨ ਤੇ ਤਨ, ਮਤਿ ਤੇ ਬੁਧਿ, ਕਰਮ ਤੇ ਅਮਲ ਅਕਾਲ ਰੂਪ ਵਰਗਾ ਸਿਰਜ ਲੈਂਦਾ ਹੈ। ਅਕਾਲ ਰੂਪ ਹੋਣ ਦਾ ਭਾਵ-ਆਦਰਸ਼ ਹੈ ਕਿ 'ਸਿੱਖ' ਸਮੇਂ ਦੀਆਂ

ਬਦਲਦੀਆਂ ਕੀਮਤਾਂ ਤੋਂ ਮੁਕਤ ਹੋਵੇ ਤੇ ਆਪਣੇ ਆਦਰਸ਼ ਦੀ ਪ੍ਰਾਪਤੀ ਵਾਸਤੇ ਭੈ ਤੇ ਪ੍ਰਾਧੀਨਤਾ ਤੋਂ ਬਿਲਕੁਲ ਆਜ਼ਾਦ ਹੋਵੇ। 'ਖਾਲਸੇ' ਨੂੰ ਕਾਲ ਦੀ ਹਰ ਕੀਮਤ ਤੋਂ ਮੁਕਤਿ ਰਖ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਨਿਰੋਲ ਤੇ ਸ਼ੁਧ ਰੂਪ ਵਿਚ ਆਪਣੇ ਵਰਗਾ ਸਾਜਿਆ ਹੈ। ਖਾਲਸਾ ਸਾਜਿਆ ਗਿਆ ਹੈ, ਥਾਪਿਆ ਨਹੀਂ ਗਿਆ। ਜਿਵੇਂ 'ਪ੍ਰਭੂ' ਦਾ ਕੋਈ ਸਥਾਪਿਤ ਰੂਪ ਨਹੀਂ, ਇਸੇ ਤਰ੍ਹਾਂ ਖਾਲਸਾ ਵੀ ਸਮੇਂ-ਸਥਾਨ ਦੀ ਸੀਮਾ ਵਿਚ ਸਥਾਪਿਤ ਨਹੀਂ। ਜਿਥੇ ਜਿਥੇ ਵੀ ਖਾਲਸਾ ਹੈ, ਉਹ ਆਪਣੇ ਆਪ ਨੂੰ ਪ੍ਰਭੂ ਦੀ ਹੀ ਮੌਜ ਤੇ ਫੌਜ ਮੰਨਦਾ ਹੈ। ਪ੍ਰਭੂ ਫੌਜ ਦਾ ਅਧਿਆਤਮਿਕ ਰੂਪ 'ਸੰਗਤਿ' ਹੈ।

ਸੰਗਤ ਤੇ ਖਾਲਸਾ ਵਿਚ ਭਾਵੇਂ ਅਧਿਆਤਮਿਕ ਪੱਖੋਂ ਕੋਈ ਅੰਤਰ ਨਹੀਂ, ਪਰ ਸੰਗਤਿ ਆਪਣੇ ਆਪ ਕਿਸੇ ਤਰ੍ਹਾਂ ਵੀ ਖਾਲਸਾ ਨਹੀਂ, ਜਦੋਂ ਭਾਈ ਗੁਰਦਾਸ ਜੀ ਆਖਦੇ ਹਨ ਕਿ 'ਸੰਗਤ ਕੀਨੀ ਖਾਲਸਾ' ਤਾਂ ਇਸ ਦਾ ਭਾਵ ਇਹ ਨਹੀਂ ਕਿ ਗੁਰੂ ਸਾਹਿਬ ਨੇ 'ਸੰਗਤਿ' ਨੂੰ ਹੀ 'ਖਾਲਸਾ' ਆਖਿਆ ਹੈ। ਇਸ ਤੁੱਕ ਦਾ ਅਸਲ ਭਾਵ ਇਹ ਹੈ ਕਿ 'ਸੰਗਤਿ' ਦੀ ਅਧਿਆਤਮਿਕ ਪ੍ਰੰਪਰਾ ਨੂੰ ਸਥਿਰ ਰੱਖਦਿਆਂ, ਦਸਮ ਪਾਤਿਸ਼ਾਹ ਨੇ 'ਅੰਮ੍ਰਿਤ' ਪ੍ਰਦਾਨ ਕਰਕੇ ਜਿਥੇ ਸੰਗਤਿ ਨੂੰ ਇਕ ਨਿਆਰੇ, ਬਲਵਾਨ ਤੇ ਖਾਲਸਈ ਸਰੂਪ ਵਿਚ ਮੂਰਤੀਮਾਨ ਕੀਤਾ ਹੈ, ਉਥੇ ਖਾਲਸੇ ਦੇ ਸਮਾਜਕ ਤੇ ਰਾਜਸੀ ਆਦਰਸ਼ਾਂ ਨੂੰ ਮਿਥ ਕੇ ਦਸਮ ਪਾਤਸ਼ਾਹ ਨੇ ਇਹ ਵੀ ਸਪਸ਼ਟ ਕਰ ਦਿਤਾ ਹੈ ਕਿ 'ਖਾਲਸਾ' ਮੂਲ ਰੂਪ ਵਿਚ 'ਸੰਗਤਿ' ਦਾ ਹੀ ਵਟਿਆ ਰੂਪ ਹੈ, ਪਰ ਖਾਲਸਾ ਆਪਣੇ ਸਰੂਪ ਤੇ ਆਦਰਸ਼ਾਂ ਨਾਲ ਬਿਲਕੁਲ ਮੌਲਿਕ, ਸੁਤੰਤਰ ਤੇ ਮਨੁੱਖ ਦੇ ਧਾਰਮਿਕ, ਸਮਾਜਕ ਤੇ ਰਾਜਸੀ ਹਿਤਾਂ ਤੇ ਅਧਿਕਾਰਾਂ ਦੀ ਰਾਖੀ ਲਈ ਜੂਝ ਮਰਨ ਦੀ ਬਿਰਤੀ ਵੀ ਅਪਨਾਂਦਾ ਹੈ। ਸਰਦਾਰ ਕਪੂਰ ਸਿੰਘ ਜੀ ਨੇ ਆਪਣੇ ਇਕ ਲੇਖ 'ਗੁਰੂ ਗੋਬਿੰਦ ਸਿੰਘ' ਵਿਚ ਸੰਗਤ ਤੇ ਖਾਲਸੇ ਦੇ ਸਬੰਧਾਂ ਨੂੰ ਬੜੀ ਖੂਬਸੂਰਤੀ ਨਾਲ ਨਿਖੇੜਦਿਆਂ ਲਿਖਿਆ ਹੈ - 'ਆਮ ਵਿਸ਼ਵਾਸ਼ ਹੈ ਕਿ ਸਿੱਖ ਸੰਗਤਿ ਨੂੰ ਨਵਾਂ ਰੂਪ ਦੇ ਕੇ ਸੰਗਤਿ-ਸਥਾਨੀ 'ਖਾਲਸਾ' ਬਣਾਇਆ। 'ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।' ਪਰ 'ਖਾਲਸਾ' ਅਤੇ 'ਸਿਖ ਸੰਗਤਾਂ' ਇਕੋ ਅਰਥਾਂ ਵਾਲੇ ਦੋ ਸ਼ਬਦ ਨਹੀਂ। ਸੰਗਤਿ ਤਾਂ ਸਿੱਖਾਂ ਦੀ ਹੈ, ਉਨ੍ਹਾਂ ਧਰਮ-ਅਭਿਲਾਖੀਆਂ ਦਾ ਸਮਾਜ ਜੋ ਗੁਰੂ ਦੇ ਉਪਦੇਸ਼ਾਂ ਨੂੰ ਕਬੂਲਦੇ ਅਤੇ ਅਪਨਾਉਂਦੇ ਹਨ, ਤੇ ਇਉਂ ਉਨ੍ਹਾਂ ਦਾ ਰਿਸ਼ਤਾ ਗੁਰੂ ਨਾਲ ਸ਼ਰਧਾ ਤੇ ਨਿਸਚੇ ਦਾ ਹੈ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿਨਾਮੁ ਧਿਆਵੈ॥* ਪੰਨਾ - 305
*ਮਨ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥* ਪੰਨਾ - 286

ਪਰ 'ਖਾਲਸਾ ਦੀ ਪਦਵੀ' 'ਸਿਖ ਦੀ ਪਦਵੀ' ਨਾਲੋਂ ਭਿੰਨ ਤੇ ਉਚਤਰ ਹੈ।

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*
*ਹੌਂ ਖ਼ਾਲਸੇ ਕੋ ਖ਼ਾਲਸਾ ਮੇਰੋ। ਓਤ ਪੋਤਿ ਸਾਗਰ ਬੂੰਦੇਰੋ।*
*ਸਰਬ ਲੋਹ ਗ੍ਰੰਥ*

'ਸਿੱਖ' ਧਰਮ-ਪੰਥ ਦਾ ਪਾਂਧੀ ਹੈ ਅਤੇ ਖਾਲਸਾ ਉਸ ਸਮਾਜਕ ਅਤੇ ਰਾਜਸੀ ਪ੍ਰਬੰਧ ਸ਼ਾਸਨ ਦਾ ਸ੍ਰਿਸ਼ਟਾ, ਨਿਰਮਾਤਾ, ਸਥਾਪਿਤ ਕਰਨ ਵਾਲਾ ਅਤੇ ਉਸ ਪ੍ਰਬੰਧ-ਸ਼ਾਸਨ ਦੀ ਰੱਖਿਆ ਕਰਨ ਵਾਲਾ ਹੈ, ਜਿਸ ਸਮਾਜੀ ਅਤੇ ਰਾਜਸੀ ਨਿਜ਼ਾਮ ਵਿਚ ਸ਼ੁੱਧ ਅਤੇ ਸਨਾਤਨ ਧਰਮ ਜੀਵਿਆ ਤੇ ਪ੍ਰਚਾਰਿਆ ਜਾ ਸਕਦਾ ਹੈ।

ਨਿਸਚੇ ਹੀ 'ਖਾਲਸਾ' ਸੰਗਤਿ ਦਾ ਵਟਿਆ ਤੇ ਵਿਗਸਿਆ ਹੋਇਆ ਰੂਪ ਜ਼ਰੂਰ ਹੈ, ਪਰ 'ਸੰਗਤਿ' ਕਿਸੇ ਵੀ ਸਥਿਤੀ ਵਿਚ 'ਖਾਲਸਾ' ਨਹੀਂ ਅਖਵਾ ਸਕਦੀ।

## ਖ਼ਾਲਸਾ

ਖ਼ਾਲਸਾ ਮੇਰੋ ਰੂਪ ਹੈ ਖ਼ਾਸ, ਖ਼ਾਲਸੇ ਮਹਿ ਹੌਂ ਕਰੌਂ ਨਿਵਾਸ।
ਖ਼ਾਲਸਾ ਮੇਰੋ ਮੁਖ ਹੈ ਅੰਗਾ, ਖ਼ਾਲਸੇ ਕੇ ਹੌਂ ਸਦ ਸਦ ਸੰਗਾ।
ਖ਼ਾਲਸਾ ਮੇਰੋ ਇਸ਼ਟ ਸੁਹਿਰਦ, ਖ਼ਾਲਸਾ ਮੇਰੋ ਕਹੀਅਤ ਬਿਰਦ।
ਖ਼ਾਲਸਾ ਮੇਰੋ ਪਛ ਅਰ ਪਾਦ, ਖ਼ਾਲਸਾ ਮੇਰੋ ਸੁਖ ਅਹਿਲਾਦ।
ਖ਼ਾਲਸਾ ਮੇਰੋ ਮਿਤਰ ਸਖਾਈ, ਖ਼ਾਲਸਾ ਮਾਤ ਪਿਤਾ ਸੁਖਦਾਈ।
ਖ਼ਾਲਸਾ ਮੇਰੀ ਸੋਭਾ ਸੀਲਾ, ਖ਼ਾਲਸਾ ਬੰਧ, ਸਖਾ ਸਦ ਡੀਲਾ।
ਖ਼ਾਲਸਾ ਮੇਰੀ ਜਾਤ ਅਰ ਪਤ, ਖ਼ਾਲਸਾ ਸੋ ਮਾ ਕੋ ਉਤਪਤ।
ਖ਼ਾਲਸਾ ਮੇਰੋ ਭਵਨ ਭੰਡਾਰਾ, ਖ਼ਾਲਸੇ ਕਰ ਮੇਰੋ ਸਤਿਕਾਰਾ।
ਖ਼ਾਲਸਾ ਮੇਰੋ ਸ੍ਵਜਨ ਪ੍ਰਵਾਰਾ, ਖ਼ਾਲਸਾ ਮੇਰੋ ਕਰਤ ਉਧਾਰਾ।
ਖ਼ਾਲਸਾ ਮੇਰੋ ਪਿੰਡ ਪਰਾਨ, ਖ਼ਾਲਸਾ ਮੇਰੀ ਜਾਨ ਕੀ ਜਾਨ।
ਮਾਨ ਮਹਤ ਮੇਰੀ ਖ਼ਾਲਸਾ ਸਹੀ, ਖ਼ਾਲਸਾ ਮੇਰੋ ਸ੍ਵਾਰਥ ਸਹੀ।
ਖ਼ਾਲਸਾ ਮੇਰੋ ਧਰਮ ਅਰ ਕਰਮ, ਖ਼ਾਲਸਾ ਮੇਰੋ ਭੇਦ ਨਿਜ ਮਰਮ।
ਖ਼ਾਲਸਾ ਮੇਰੋ ਸਤਿਗੁਰ ਪੂਰਾ, ਖ਼ਾਲਸਾ ਮੇਰੋ ਸੱਜਨ ਸੂਰਾ।
ਖ਼ਾਲਸਾ ਮੇਰੋ ਬੁਧ ਅਰ ਗਿਆਨ, ਖ਼ਾਲਸੇ ਕਾ ਹੌਂ ਧਰੋ ਧਿਆਨ।
ਉਪਮਾ ਖ਼ਾਲਸੇ ਜਾਤ ਨ ਕਹੀ, ਜਿਹਵਾ ਏਕ ਪਾਰ ਨਹਿ ਲਹੀ।
ਸੇਸ ਰਸਨ ਸਾਰਦ ਸੀ ਬੁੱਧ, ਤਦਪ ਨ ਉਪਮਾ ਬਰਨਤ ਸੁਧ।
ਯਾ ਮੈਂ ਰੰਚ ਨ ਮਿਥਿਆ ਭਾਖੀ, ਪਾਰਬ੍ਰਹਮ ਗੁਰੂ ਨਾਨਕ ਸਾਖੀ।
ਰੋਮ ਰੋਮ ਜੇ ਰਸਨਾ ਪਾਊਂ, ਤਦਪ ਖ਼ਾਲਸਾ ਜਸ ਤਹਿ ਗਾਊਂ।
ਹੌਂ ਖ਼ਾਲਸੇ ਕੋ ਖ਼ਾਲਸਾ ਮੇਰੋ, ਓਤ ਪੋਤਿ ਸਾਗਰ ਬੂੰਦੇਰੋ।

(ਸਰਬ ਲੋਹ ਗ੍ਰੰਥ ਵਿਚੋਂ)

# "ਭਈ ਪਰਾਪਤਿ ਮਾਨੁਖ ਦੇਹੁਰੀਆ"

ਸੰਤ ਵਰਿਆਮ ਸਿੰਘ ਜੀ

ਸ਼ਾਨ..........................................................

*ਸਤਿਨਾਮੁ ਸ੍ਰੀ ਵਾਹਿਗੁਰੂ -*

*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*

*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਪੰਨਾ - 289*

*ਧਾਰਨਾ - ਫਿਰਦੇ ਫਿਰਦੇ ਨੂੰ, ਬਹੁਤੇ ਜੁਗ ਹੋ ਗਏ,*
*ਲੇਖੇ ਵਿਚ ਲਾ ਲੈ ਮਾਲਕਾ - 2, 2.*
*ਮੇਰੇ ਪਿਆਰੇ, ਲੇਖੇ ਵਿਚ ਲਾ ਲੈ ਮਾਲਕਾ, - 2, 2.*
*ਫਿਰਦੇ ਫਿਰਦੇ ਨੂੰ ਬਹੁਤੇ ਜੁਗ ਹੋ ਗਏ,................-2*

*ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥*

*ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥*

*ਮਿਲੁ ਜਗਦੀਸ ਮਿਲਨ ਕੀ ਬਰੀਆ॥*

*ਚਿਰੰਕਾਲ ਇਹ ਦੇਹ ਸੰਜਰੀਆ॥ ਰਹਾਉ॥*

*ਕਈ ਜਨਮ ਸੈਲ ਗਿਰਿ ਕਰਿਆ॥*

*ਕਈ ਜਨਮ ਗਰਭ ਹਿਰਿ ਖਰਿਆ॥*

*ਕਈ ਜਨਮ ਸਾਖ ਕਰਿ ਉਪਾਇਆ॥*

*ਲਖ ਚਉਰਾਸੀਹ ਜੋਨਿ ਭ੍ਰਮਾਇਆ॥ ਪੰਨਾ - 176*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*

*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥ ਪੰਨਾ - 156*

ਸਾਧਸੰਗਤ ਜੀ - ਗਜ ਕੇ ਬੋਲਣਾ - 'ਸਤਿਨਾਮੁ ਸ੍ਰੀ ਵਾਹਿਗੁਰੂ' ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਚਿਤ ਬਿਰਤੀਆਂ ਨੂੰ ਇਕਾਗਰ ਕਰੋ; ਜੋ ਥੋੜਾ ਜਿਹਾ ਸਮਾਂ ਆਪਾਂ ਨੂੰ ਮਿਲਿਐ - ਸਤਿਸੰਗ ਕਰਨ ਦਾ, ਪੂਰਾ-ਪੂਰਾ ਧਿਆਨ ਦੇ ਕੇ ਜੇ ਅਸੀਂ ਸਰਵਣ ਕਰਾਂਗੇ ਤੇ ਵਿਚਾਰ ਕਰਾਂਗੇ; ਸਮਾਂ ਲੇਖੇ ਵਿਚ ਲਗ ਜਾਏਗਾ ਤੇ ਸਾਨੂੰ ਰਸਤਾ ਲੱਭ ਜਾਏਗਾ। ਆਦਮੀ ਨੂੰ ਧਰਮ ਦੇ ਮਾਮਲੇ ਦੇ ਵਿਚ ਪਤਾ ਨਹੀਂ ਲਗਦਾ; ਸਾਰੀ ਜ਼ਿੰਦਗੀ ਬਾਣੀ ਪੜ੍ਹਦੈ, ਸਾਰੀ ਜ਼ਿੰਦਗੀ ਭਜਨ ਕਰਦੈ, ਸਾਰੀ ਜ਼ਿੰਦਗੀ ਸੇਵਾ ਕਰਦੈ, ਸਾਰੀ ਜ਼ਿੰਦਗੀ ਲੋਕਾਂ ਨੂੰ ਉਪਦੇਸ਼ ਦਿੰਦੈ, ਲੇਕਿਨ ਆਪ ਸੁੱਕੇ ਦਾ ਸੁੱਕਾ ਰਹਿ ਜਾਂਦੈ। ਐਸਾ ਹੀ ਹੈ ਹਿਸਾਬ ਕਿਤਾਬ, ਕਿਉਂਕਿ ਜਦ ਤਕ ਕਿਸੇ ਸਮਰੱਥ ਮਹਾਂਪੁਰਸ਼ ਦੀ ਮੇਹਰ ਨਾ ਹੋਵੇ, ਓਨੀ ਦੇਰ ਤਕ ਅੰਦਰਲੇ ਕਪਾਟ ਨਹੀਂ ਖੁਲ੍ਹਿਆ ਕਰਦੇ। ਜਦ ਤਾਂਈ ਕਪਾਟ, ਦਰਵਾਜ਼ਾ ਈ ਨੀਂ ਖੁਲ੍ਹਦਾ ਤਾਂ ਅੰਦਰ ਦਾਖਲ ਕਿਵੇਂ ਹੋਏਗਾ? ਪਤਾ ਨੀਂ ਲੱਗਿਆ ਕਰਦਾ।

ਇਸ ਕਰਕੇ, ਸਮਾਂ ਜਿਹੜੈ ਸਾਡਾ; ਭਰਮ ਰਹਿੰਦੈ ਸਾਨੂੰ ਕਿ ਲੇਖੇ ਵਿਚ ਲਗ ਰਿਹੈ? ਦੂਸਰੇ ਨਾਲੋਂ ਬਹੁਤ ਚੰਗਾ ਹੈ, ਪਰ ਜੇ ਸਮੇਂ ਦਾ ਪੂਰਾ ਪੂਰਾ ਲਾਭ ਲੈਣੈ; ਜ਼ਿੰਦਗੀ 'ਚ ਬੜੇ ਆਡੰਬਰ ਆਉਂਦੇ ਨੇ, ਬਹੁਤ ਬੜੀਆਂ ਬੜੀਆਂ ਅਸੀਂ ਗੱਲਾਂ ਕਰਦੇ ਆਂ, ਬਹੁਤ ਵੱਡੇ ਵੱਡੇ ਇਕੱਠ ਹੁੰਦੇ ਨੇ - ਦੀਵਾਨਾਂ 'ਚ; ਕਰਨ ਵਾਲੇ ਨੂੰ ਵੀ ਖੁਸ਼ੀ ਹੁੰਦੀ ਐ, ਜਾਣ ਵਾਲਿਆਂ ਨੂੰ ਵੀ ਖੁਸ਼ੀ ਹੁੰਦੀ ਐ, ਮਹਿਮਾ ਹੁੰਦੀ ਹੈ, ਪਰ ਰੂਹਾਨੀ ਨੁਕਤੇ ਤੋਂ ਦੇਖੀਏ ਤਾਂ ਇਹਦਾ ਬਹੁਤਾ ਮੁੱਲ ਨਹੀਂ ਹੋਇਆ ਕਰਦਾ। ਬੰਦੇ 'ਚ basic (ਮੁਢਲੀ) ਤਬਦੀਲੀ ਨਹੀਂ ਆਉਂਦੀ; ਓਥੇ ਦਾ ਓਥੇ ਹੀ ਰਹਿੰਦੈ, ਥਕੇਵਾਂ ਪੱਲੇ ਪੈਂਦੈ। ਥੋੜੀ ਜਿਹੀ ਪ੍ਰਸੰਸਾ ਹੋ ਜਾਂਦੀ ਐ, ਪ੍ਰਸੰਸਾ ਦੇ ਨਾਲ ਆਪ ਨੂੰ ਖੁਸ਼ੀ ਮਿਲਦੀ ਐ। ਹਮੇਸ਼ਾ ਓਸ ਪ੍ਰਸੰਸਾ ਤੋਂ ਆਦਮੀ ਨੂੰ ਖੁਸ਼ੀ ਹੁੰਦੀ ਐ, ਜਿਹੜੀ ਗੱਲ ਉਹਦੇ ਵਿਚ ਹੋਵੇ ਨਾ, ਪਰ ਲੋਕ ਕਹਿਣ ਤੇਰੇ ਵਿਚ ਹੈ। ਬੜਾ ਖੁਸ਼ ਹੋਏਗਾ। ਇਹੀ ਚੀਜ਼ ਗਲਤ ਲੈ ਜਾਂਦੀ ਐ- ਆਦਮੀ ਨੂੰ।

ਜੁਗ ਐਸਾ ਹੈ, ਏਸ ਜੁਗ ਦੇ ਅੰਦਰ ਸਾਰੀਆਂ ਕੀਮਤਾਂ ਬਦਲ ਚੁਕੀਆਂ ਨੇ। ਬਹੁਤੀਆਂ ਭੀੜਾਂ ਹੋਣ, ਬਹੁਤਾ ਜ਼ਿਆਦੇ ਇਕੱਠ ਹੋਵੇ, ਹਰੇਕ ਦੀ ਜ਼ਬਾਨ ਤੇ ਗੱਲ ਚਲਦੀ ਹੋਵੇ ਤੇ ਧੰਨ-ਧੰਨ ਕਹਿੰਦੇ ਹੋਣ, ਪਰ ਜਦੋਂ ਅਸੀਂ ਦੀਰਘ ਦ੍ਰਿਸ਼ਟੀ ਦੇ ਨਾਲ ਦੇਖਦੇ ਹਾਂ ਤਾਂ ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਐਵੇਂ ਨਾ ਕਿਤੇ ਭੁੱਲ ਜਾਇਓ। ਇਹ ਤਾਂ ਤੁਸੀਂ ਥੋੜੀ ਜਿਹੀ ਮਹਿਮਾ ਨੂੰ ਕਹਿੰਦੇ ਓਂ, ਜੇ ਐਨੀ ਵੀ ਪ੍ਰਸੰਸਾ ਹੋ ਜਾਵੇ -

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥*

*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਪੰਨਾ - 2*

ਸਾਰੇ ਸੰਸਾਰ ਦੇ ਅੰਦਰ ਕੀਰਤੀ ਹੁੰਦੀ ਹੋਵੇ ਕਿ ਇਹਦੇ ਵਰਗਾ ਨੀ ਕੋਈ ਹੈ, ਬਹੁਤ ਬੜਾ ਕੰਮ ਕਰਿਐ, ਥਾਂ ਥਾਂ ਇਹਦੀ ਪ੍ਰਸੰਸਾ ਅਖਬਾਰਾਂ ਵਿਚ ਹੋ ਰਹੀ ਹੈ, ਟੈਲੀਵੀਜ਼ਨਾਂ ਵਿਚ ਹੋ ਰਹੀ ਹੈ, ਲੋਕਾਂ 'ਚ ਹੋ ਰਹੀ ਹੈ; ਮਹਾਰਾਜ ਕਹਿੰਦੇ, ਜੇ ਪ੍ਰਵਾਨ ਨਾ ਹੋਇਆ- ਦਰਗਾਹ 'ਚ, ਤਾਂ ਪਤੈ ਕੀ ਬਣਦੈ?

*ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਪੰਨਾ - 2*

ਰੂਹਾਨੀ ਤੋਲ ਹੋਰ ਐ, ਰੂਹਾਨੀ ਵੱਟੇ ਹੋਰ ਨੇ ਜਿਹਦੇ ਨਾਲ ਬੰਦੇ ਨੇ ਦਰਗਾਹ ਦੇ ਵਿਚ ਪੱਤਿ ਪਾਉਣੀ ਐ। ਉਹ ਹੋਰ ਚੀਜ਼ਾਂ ਨੇ, ਸੰਸਾਰ ਦਾ ਰੌਲਾ ਰੱਪਾ ਹੋਰ ਚੀਜ਼ ਐ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਬੜੀ ਮੁਸ਼ਕਲ ਦੇ ਨਾਲ ਸਾਨੂੰ ਮਾਨਸ ਦੇਹ ਪ੍ਰਾਪਤ ਹੋਈ ਐ। ਐਵੇਂ ਨਾ ਗਵਾ ਬੈਠਿਓ ਕਿਤੇ - ਝੂਠੀਆਂ ਗੱਲਾਂ 'ਚ ਪੈ ਕੇ।

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਮਿਤੀ 7.11.1993 ਨੂੰ ਮੋਹਾਲੀ ਵਿਖੇ ਦਿਤਾ ਗਿਆ ਕੀਰਤਨ ਵਿਖਿਆਨ। (ਫਿਲਮ ਨੰ: 361)**

ਕਬੀਰ ਸਾਹਿਬ ਦੀ ਮਹਿਮਾ ਬਹੁਤ ਵਧ ਗਈ। ਹਰ ਥਾਂ ਤੇ ਕਬੀਰ ਕਬੀਰ ਹੋਣ ਲਗ ਗਿਆ। ਕਬੀਰ ਸਾਹਿਬ ਨੂੰ ਗੱਲ ਚੰਗੀ ਨ ਜਚੀ ਇਹ। ਕਹਿਣ ਲੱਗੇ, ਜਿਹੜਾ ਵੀ ਐ, ਨਾਉਂ ਲਈ ਜਾਂਦੈ; ਦਰਅਸਲ ਹਕੀਕਤ ਨੂੰ ਕੋਈ ਫੜ ਨਹੀਂ ਰਿਹਾ, ਅਸਲੀਅਤ ਨੂੰ ਕੋਈ ਪਹੁੰਚ ਨਹੀਂ ਰਿਹਾ; ਐਵੇਂ ਈ ਕਬੀਰ ਕਬੀਰ ਹੋਈ ਜਾਂਦੈ। ਉਸ ਵੇਲੇ ਆਪ ਨੇ ਇਕ ਐਸਾ ਕੌਤਕ ਰਚਿਆ ਕਿ ਇਕ ਬੀਬੀ ਨਾਲ ਲੈ ਲਈ। ਆਪਣੇ ਹੱਥ ਵਿਚ ਇਕ ਬੋਤਲ ਲੈ ਲਈ ਜਿਸ ਤੋਂ ਇਹ ਪਤਾ ਲੱਗੇ ਕਿ ਇਹ ਸ਼ਰਾਬ ਦੀ ਬੋਤਲ ਐ। ਸਾਫਾ ਟੇਢਾ ਕਰ ਕੇ ਬੰਨ੍ਹ ਲਿਆ - ਲੜ ਛੱਡ ਕੇ; ਬਾਂਹ 'ਚ ਬਾਂਹ ਪਾ ਕੇ ਬਜ਼ਾਰ 'ਚ ਤੁਰੇ ਜਾਂਦੇ ਨੇ। ਰੌਲਾ ਪੈ ਗਿਆ ਸਾਰੇ, ਦੇਖੋ! ਕਬੀਰ ਭਗਤ ਜਾਂਦੈ, ਨਾਲ ਲਈ ਜਾਂਦੈ - ਵੇਸਵਾ ਨੂੰ ਤੇ ਨਾਲ ਸ਼ਰਾਬ ਦੀ ਬੋਤਲ ਹੱਥ ਵਿਚ ਐ ਤੇ ਫੇਰ ਡਰਦਾ ਨੀਂ ਹੈ; ਸ਼ਰਾਬੀ ਹੋਇਆ ਹੋਇਐ। ਜਿਥੇ ਜੀਅ ਕਰਦੈ, ਖੜ੍ਹ ਕੇ ਪੀਣ ਲੱਗ ਜਾਂਦੈ। ਕਾਂਸ਼ੀ ਦਾ ਜੋ ਨਰੇਸ਼ ਸੀ, ਉਹ ਇਹਨਾਂ ਦਾ ਬੜਾ ਸੇਵਕ ਸੀ, ਉਸ ਤਕ ਵੀ ਗੱਲ ਪਹੁੰਚੀ। ਕਹਿਣ ਲੱਗਿਆ, ਹੋ ਨਹੀਂ ਸਕਦਾ ਕਿ ਕਬੀਰ ਐਸੀ ਬਾਤ ਕਰ ਲਵੇ; ਮੇਰੇ ਗੁਰੂ ਨੇ, ਮੇਰੇ ਗੁਰਦੇਵ ਨੇ। ਲੇਕਿਨ ਥੋੜੀ ਦੇਰ ਤੇ ਬਾਦ ਕੀ ਦੇਖਦੈ? ਬੜੀ ਭੀੜ ਤੁਰੀ ਆ ਰਹੀ ਐ, ਰੌਲਾ ਪੈ ਰਿਹੈ, ਕਬੀਰ ਸਾਹਿਬ ਅੱਗੇ-ਅੱਗੇ ਆ ਰਹੇ ਨੇ, ਰਾਜੇ ਨੇ ਵੀ ਦੇਖ ਲਿਆ ਕਿ ਆ ਰਹੇ ਨੇ; ਅੰਦਰ ਦਾਖਲ ਹੋ ਗਏ ਤਾਂ ਉਸ ਵੇਲੇ ਸਤਿਕਾਰ ਵਾਸਤੇ ਖੜ੍ਹਾ ਨਾ ਹੋਇਆ; ਮਨ 'ਚ ਗਿਲਾਨੀ ਆ ਗਈ ਕਿ ਐਡਾ ਮਹਾਂਪੁਰਸ਼ ਹੋ ਕੇ ਇਹ ਕੀ ਕੰਮ ਕਰਦੈ? ਤੇ ਜਦ ਉਸਨੇ ਪੁੱਛਿਆ; ਓਦਾਂ ਨਹੀਂ ਕਿਹਾ ਕਿ ਗੁਰਦੇਵ ਤੁਸੀਂ ਇਹ ਕੀ ਕਰਦੇ ਓ, ਤੁਹਾਡਾ ਕੌਤਕ ਸਾਨੂੰ ਸਮਝ 'ਚ ਨਹੀਂ ਆ ਰਿਹਾ, ਸਾਡਾ ਮਨ ਡੋਲ ਰਿਹੈ, ਕ੍ਰਿਪਾ ਕਰੋ, ਸਾਨੂੰ ਡੋਲਣ ਤੇ ਬਚਾ ਲਓ। ਨਹੀਂ, ਓਸ ਵੇਲੇ ਬੋਲਿਆ, ਕਹਿੰਦਾ, ਕਬੀਰ ਜੁਲਾਹੇ ਦਾ ਜੁਲਾਹਾ ਹੀ ਰਿਹਾ ਤੂੰ; ਮੈਂ ਬੜੀ ਤੇਰੀ respect (ਸਤਿਕਾਰ) ਕਰਦਾ ਸੀ -

*ਮੈ ਜਾਨਿਆ ਵਡਹੰਸੁ ਹੈ ਤਾ ਮੈ ਕੀਆ ਸੰਗੁ॥*
*ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ॥ ਪੰਨਾ - 585*

ਜੇ ਮੈਨੂੰ ਪਤਾ ਹੁੰਦਾ ਤੂੰ ਐਨੀ ਛੇਤੀਂ ਗਿਰ ਜਾਏਂਗਾ, ਤਾਂ ਮੈਂ ਗੁਰੂ ਵਾਲੀ ਸ਼ਰਧਾ ਤੇਰੇ ਤੇ ਨਾ ਰੱਖਦਾ। ਕਬੀਰ ਸਾਹਿਬ ਨੇ ਬੋਤਲ ਡੋਲ੍ਹ ਦਿਤੀ - ਕਾਰਪੇਟ ਦੇ ਉਤੇ, ਬਦਬੂ ਫੈਲੀ ਉਥੇ; ਉਸ ਵੇਲੇ ਹੋਰ ਨਰਾਜ਼ ਹੋ ਗਿਆ, ਕਹਿਣ ਲੱਗੇ, "ਇਹ ਤੂੰ ਕੀ ਕਰਦੈਂ?" ਕਹਿੰਦੇ, "ਰਾਜਨ ਕਰਨਾ ਕੀ ਐ, ਸਭ ਤੋਂ ਜਿਹੜਾ ਵੱਡਾ ਮੰਦਰ ਐ, ਉਹਨੂੰ ਅੱਗ ਲੱਗੀ ਹੋਈ ਸੀ; ਬੁਝਾ ਕੇ ਹਟਿਆਂ।" ਏਨੇ ਨੂੰ ਰਾਣੀ ਬਾਹਰ ਆ ਗਈ। ਰਾਣੀ ਨੇ ਰਾਜੇ ਨੂੰ ਰੋਕਿਆ ਕਿ ਤੁਸੀਂ ਇਹ ਕੀ ਗੱਲਾਂ ਕਰਨ ਲੱਗ ਗਏ। ਮਹਾਂਪੁਰਸ਼ਾਂ ਦੀ ਕਿਰਿਆ ਨੂੰ ਕੌਣ ਸਮਝ ਸਕਦੈ? ਨਾ ਪ੍ਰਮੇਸ਼ਰ ਦੀ, ਨਾ ਸਮਰੱਥ ਪੁਰਸ਼ਾਂ ਦੀ ਕਿਰਿਆ ਨੂੰ ਕੋਈ ਸਮਝਦੈ; ਕੀ ਪਤਾ, ਕੀ ਐ ਮਤਲਬ ਏਹਦਾ? ਤੇ ਤੁਸੀਂ ਗੁਰੂ ਦੇ ਉਤੇ ਸ਼ੰਕਾ ਕਰ ਦਿਤੀ। ਤੁਹਾਡਾ ਤਾਂ ਤਪ ਸਾਰਾ ਨਸ਼ਟ ਹੋ ਗਿਆ।' ਛੇ ਕਲਾ ਵੈਰਾਗ ਦੀਆਂ ਨਸ਼ਟ ਹੋ ਜਾਂਦੀਐਂ, ਜੇ ਤੱਤ ਬੇਤੇ ਮਹਾਂਪੁਰਖ ਦੇ ਖਿਲਾਫ ਤਰਕ ਆ ਜਾਵੇ। ਓਸ ਵੇਲੇ ਰਾਜੇ ਨੂੰ ਕਹਿਣ ਲੱਗੀ, ਤੁਸੀਂ ਘੋੜ ਸਵਾਰ ਭੇਜ ਕੇ ਖਬਰ ਮੰਗਾਓ। ਓਸੇ ਵੇਲੇ, ਵੱਡਾ ਮੰਦਰ ਜਿਹੜਾ ਵਿਸ਼ਵਨਾਥ ਹੁੰਦਾ ਸੀ, ਓਥੇ ਭੇਜਿਆ। ਪੁੱਛਿਆ ਉਸਨੂੰ, ਕਹਿੰਦੇ, ਜੀ ਅਚਾਨਕ ਅੱਗ ਲਗ ਗਈ ਸੀ ਤੇ ਲੱਗਦਾ ਇਹ ਸੀ ਕਿ ਅਜ ਬਚਾਓ ਕੋਈ ਨਹੀਂ ਹੋਣਾ, ਪਰ ਇਹ ਵੀ ਪਤਾ ਨਹੀਂ ਕਿ ਕੀ ਹੋਇਆ; ਐਡੀ ਭੜਕਦੀ ਅੱਗ ਅਚਾਨਕ ਬੁਝ ਗਈ। ਉਹਤੇ ਬਾਅਦ ਅਸੀਂ ਕੀ ਦੇਖਦੇ ਆਂ ਕਿ ਅੱਗ ਲਗਣ ਦਾ ਕੋਈ ਨਿਸ਼ਾਨ ਵੀ ਬਾਕੀ ਨਹੀਂ ਸੀ; ਨਾ ਕੁਛ ਧੁਆਂਖਿਆ, ਜਿਹੜੇ ਚੌਖਟੇ ਜਲਦੇ ਨਜ਼ਰ ਆ ਰਹੇ ਸੀ, ਉਹਨਾਂ ਦੇ ਨਾ paint (ਰੰਗ) ਖਰਾਬ ਹੋਏ। ਕੋਈ ਐਸਾ ਕੌਤਕ ਲੱਗਿਆ ਜਿਹਦੀ ਸਮਝ ਸਾਨੂੰ ਨਹੀਂ ਪੈਂਦੀ।

ਸੋ ਜਸ ਜ਼ਿਆਦੇ ਹੋ ਗਿਆ। ਲਾਹ ਦਿਤੇ ਕੱਚੇ ਸਾਰੇ, ਕਿਉਂਕਿ ਤੱਤ ਬੇਤੇ ਮਹਾਂਪੁਰਸ਼ਾਂ ਕੋਲ ਕੋਈ ਜਗਿਆਸੂ ਆਉਣ, ਉਹ ਤਾਂ ਲਾਭ ਉਠਾ ਸਕਦੇ ਨੇ; ਜਦ ਬਹੁਤੀਆਂ ਭੀੜਾਂ ਬਣ ਜਾਣ, ਫੇਰ ਗਲਤ ਹੋ ਜਾਇਆ ਕਰਦੈ। ਭੀੜਾਂ ਦੇ ਨਾਲ ਕਿਸੇ ਮਹਾਂਪੁਰਸ਼ ਦਾ ਅੰਦਾਜ਼ਾ ਨਹੀਂ ਲਾਇਆ ਜਾਂਦਾ। ਅੰਦਾਜ਼ਾ ਏਸ ਗੱਲ ਤੇ ਹੁੰਦੈ ਕਿ ਕਿੰਨਿਆਂ ਦੇ ਜੀਵਨ ਬਦਲੇ ਨੇ, ਕਿੰਨਿਆਂ ਨੂੰ ਰਾਹ ਲੱਭਿਐ, ਕਿੰਨਿਆਂ ਦਾ ਰਸਕ ਜੀਵਨ ਬਣਿਐ, ਖੁਸ਼ਕੀ ਤੋਂ ਨਿਕਲੇ ਨੇ, ਕਿੰਨਿਆਂ ਦੇ ਨੇਤਰ ਖੁਲ੍ਹੇ ਨੇ। ਉਹ ਚਾਹੇ ਕਿਹੋ ਜਿਹੀ ਵੀ ਹਾਲਤ 'ਚ ਹੋਵੇ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ॥*
*ਪੰਨਾ - 707*

ਐਸੀ ਅਵਸਥਾ 'ਚ unknown (ਅਗਿਆਤ) ਥਾਂ ਤੇ ਰਹਿੰਦਾ ਹੋਇਆ, ਜਿਹਨੂੰ ਕੋਈ ਵੀ ਨਹੀਂ ਜਾਣਦਾ, ਜਿਸ ਪ੍ਰਥਾਏ ਭਾਈ ਹੇਮੇ ਤੇ, ਗੁਰੂ ਪੰਜਵੇਂ ਪਾਤਸ਼ਾਹ ਨੇ ਸ਼ਬਦ ਉਚਾਰਨ ਕੀਤੇ। ਉਹਨੂੰ ਕੋਈ ਪਿੰਡ ਵਿਚ ਪਾਣੀ ਵੀ ਨਹੀਂ ਸੀ ਮੰਗਿਆ ਹੋਇਆ ਦਿੰਦਾ, ਕੋਈ ਉਹਦੇ ਨਾਲ ਬਚਨ ਨਹੀਂ ਸੀ ਕਰਦਾ, ਕੋਈ ਉਹਦੇ ਕੋਲ ਦੀ ਲੰਘਦਾ ਉਹਨੂੰ ਬੁਲਾਇਆ ਨਹੀਂ ਸੀ ਕਰਦਾ। ਬਾਹਰ ਰਹਿੰਦਾ ਸੀ - ਆਪਣੇ ਖੇਤ ਵਿਚ ਕਿਉਂਕਿ ਇਹ ਇਕੱਲਾ ਹੀ ਗੁਰਸਿੱਖ ਸੀ; ਬਾਕੀ ਪਿੰਡ ਸਾਰਾ ਆਲਾ-ਦੁਆਲਾ ਚੁਗਿਰਦੇ ਦੇ ਪਿੰਡ ਸੁਲਤਾਨੀਆਂ ਦੇ ਸੀ। ਇਸ ਕਰਕੇ ਉਨ੍ਹਾਂ ਨੇ ਇਨ੍ਹਾਂ ਦਾ ਆਦਰ ਨਾ ਕੋਈ ਕਰਿਆ ਪਰ ਮਹਾਰਾਜ ਨੇ ਜਦ ਅੰਦਰਲੀ ਅਵਸਥਾ ਭਾਈ ਹੇਮੇ ਦੀ ਦੇਖੀ ਤਾਂ ਕਹਿਣ ਲੱਗੇ, ਪਿਆਰਿਓ! ਭੁਲੇਖਾ ਨਾ ਖਾਓ, ਇਹ ਤਾਂ ਬਹਿਸ਼ਤਾਂ ਦਾ ਬਾਦਸ਼ਾਹ ਹੈ; ਜੋ ਮੁੱਖ 'ਚੋਂ ਨਿਕਲ ਜਾਏ, ਉਹ ਮੰਨ ਲਈ ਜਾਣੀ ਐਂ ਇਹਦੀ ਗੱਲ। ਕੇਵਲ ਸੰਸਾਰ ਦਾ ਬਾਦਸ਼ਾਹ ਨੀਂ ਹੈ, ਇਹ ਬਹਿਸ਼ਤਾਂ ਦਾ ਬਾਦਸ਼ਾਹ ਐ, ਦੇਵਤਿਆਂ ਦਾ ਵੀ ਬਾਦਸ਼ਾਹ ਐ; ਇਹਦੀ ਤਾਂ ਦਰਗਾਹ ਵਿਚ ਸੁਣੀ ਜਾਂਦੀ ਐ, ਮੰਨੀ ਜਾਂਦੀ ਐ -

*ਰਾਜਾ ਸਗਲੀ ਸ੍ਰਿਸਟਿ ਕਾ ਹਰਿਨਾਮਿ ਮਨੁ ਭਿੰਨਾ॥ ਪੰਨਾ - 707*

ਇਹ ਜਿਥੇ ਚਰਨ ਧਰ ਦੇਵੇ, ਉਹ ਧੂੜ ਐਨੀ ਪਵਿਤਰ ਹੋ ਜਾਂਦੀ ਐ ਕਿ ਉਸ ਧੂੜ ਦੇ ਨਾਲ ਇਹ ਮਨ ਬਦਲ ਜਾਂਦੈ -

*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥ ਪੰਨਾ - 707*

ਕਿਉਂਕਿ ਇਹਦੇ ਉਤੇ ਵਾਹਿਗੁਰੂ ਦੀ ਖੁਸ਼ੀ ਐ। ਸੋ ਇਸ ਤਰ੍ਹਾਂ ਜੀਵਨ ਦੇ ਅੰਦਰ ਚਹਿਲਾਂ-ਪਹਿਲਾਂ, ਰੌਣਕਾਂ, ਵਡਿਆਈਆਂ, ਮਹਾਰਾਜ ਕਹਿੰਦੇ, ਕਿਸੇ ਕੰਮ ਨਹੀਂ, ਜਿੰਨਾਂ ਚਿਰ ਤੁਸੀਂ ਅੰਦਰਲੀ ਗੱਲ ਨਹੀਂ ਸਮਝਦੇ। ਜੇ ਅੰਦਰੋਂ ਕੁਝ ਸਮਝ 'ਚ ਨਹੀਂ ਪਿਆ, ਕੁਛ ਵੀ ਨਹੀਂ ਸਮਝਿਆ। ਕਿੰਨੀਆਂ ਈ ਕਿਤਾਬਾਂ ਪੜ੍ਹ ਲਈਆਂ,

ਕਿੰਨੀਆਂ ਈ ਲਿਖ ਲਈਆਂ; ਨਾ ਲਿਖਣ ਵਾਲਿਆਂ ਨੂੰ ਕੁਛ ਪਤਾ ਲਗਦੈ, ਨਾ ਪੜ੍ਹਨ ਵਾਲਿਆਂ ਨੂੰ ਪਤਾ ਲਗਦੈ। ਇਹ ਗੱਲ ਸਮਝ 'ਚ ਆਉਣੀ ਔਖੀ ਐ, ਕਿਉਂਕਿ ਇਕ ਬੰਦਾ ਕਹਿੰਦਾ ਕਿ ਮੈਂ ਪੀ.ਐਚ.ਡੀ ਹਾਂ, ਮੈਂ research (ਖੋਜ) ਕਰੀ ਐ, ਗੁਰੂ ਗ੍ਰੰਥ ਸਾਹਿਬ ਦਾ ਮੈਂ thesis ਲਿਖਿਐ। ਅੱਜ ਕਲ ਜੋ ਪੁਸਤਕਾਂ ਲਿਖਣੀਐਂ, ਉਹ ਹਰ ਬੰਦਾ ਜਿਹਨੂੰ ਇਕ ਵਾਰ ਸਮਝਾ ਦਿਤਾ ਜਾਵੇ ਕਿ ਆਹ ਢੰਗ ਐ, ਐਂ ਲਿਖੀ ਜਾ; ਓਹੀ ਵੱਡਾ ਹੋ ਜਾਏਗਾ। ਐਨਾ material available ਹੈ ਅੱਜਕਲ, ਹਰ ਚੀਜ਼ ਮਿਲਦੀ ਐ। ਲਾਈਨਾਂ ਛਾਂਟ-ਛਾਂਟ ਲਿਖੀ ਜਾਣੀਆਂ ਨੇ; ਉਹਦੀ ਕਿਰਤ ਨੀਂ ਐ। ਉਹ ਤਾਂ ਕਿਰਤ ਕੀਤੀ ਹੋਈ ਨੂੰ ਆਪਣੀ ਬਣਾ ਕੇ ਪੇਸ਼ ਕਰ ਰਿਹੈ, ਉਹਦੀ ਵਾਹ-ਵਾਹ ਕਰ ਰਿਹੈ। ਬਣਾਈ ਕਿਸੇ ਨੇ ਐ, ਕਹੀ ਕਿਸੇ ਨੇ ਐ ਤੇ ਉਹਨੇ ਉਸਨੂੰ ਆਪਣੀ ਬਣਾ ਕੇ ਪ੍ਰਸੰਸਾ ਲੈ ਲਈ। ਸੋ ਇਹ ਪ੍ਰਸੰਸਾ ਵਗੈਰਾ ਕੁਝ ਕਰਦੀਆਂ ਨਹੀਂ, ਸਾਨੂੰ ਛੁਡਾਉਂਦੀਆਂ ਨਹੀਂ।

ਸੋ ਅਸੀਂ ਬੇਨਤੀ ਕੀਤੀ ਐ, ਸੱਚੇ ਪਾਤਸ਼ਾਹ! ਬੇਅੰਤ ਜੁਗ ਬੀਤ ਗਏ, ਬੀਤਦੇ ਚਲੇ ਜਾ ਰਹੇ ਨੇ ਤੇ ਹੁਣ ਕ੍ਰਿਪਾ ਕਰ ਤੂੰ ਸਾਡੇ ਤੇ, ਸਾਡਾ ਜੀਵਨ ਲੇਖੇ 'ਚ ਲਗ ਜਾਵੇ। ਧਿਆਨ ਦੇ ਕੇ ਦੇਖੋ ਕਿ ਦੁਨੀਆਂ ਕੀ ਹੈ? ਜਿਹਦੇ ਵਿਚ ਅਸੀਂ ਵਿਚਰ ਰਹੇ ਹਾਂ, ਇਹ ਹੈ ਕੀ? ਜਦੋਂ ਕੋਈ ਚੀਜ਼ ਨਹੀਂ ਸੀ ਏਸ ਸੰਸਾਰ ਦੇ ਅੰਦਰ, ਉਸ ਵੇਲੇ ਕੇਵਲ ਪ੍ਰਮੇਸ਼ਰ ਸੀਗਾ, ਜਿਹਨੂੰ ਨਿਰਗੁਣ ਬ੍ਰਹਮ ਕਹਿੰਦੇ ਸੀ, ਜਿਹਦਾ ਨਾ ਕੋਈ ਰੂਪ ਸੀ, ਨਾ ਕੋਈ ਰੇਖ; ਕੁਝ ਵੀ ਨਹੀਂ ਸੀਗਾ, ਨਾ ਕੋਈ ਉਹਨੂੰ ਜਾਣਦਾ ਸੀ। ਆਪਣੇ ਆਪ ਨੂੰ ਆਪੇ ਹੀ ਜਾਣਦਾ ਸੀ ਕਿਉਂਕਿ ਦੂਜੀ ਚੀਜ਼ ਹੈ ਨਹੀਂ ਸੀ।

ਜੋ ਗੁਰੂ ਨਾਨਕ ਪਾਤਸ਼ਾਹ ਦਾ ਸਿਧਾਂਤ ਐ, ਇਹਦੇ ਵਿਚ ਫਰਕ ਐ ਥੋੜਾ ਜਿਹਾ। ਪੁਸਤਕਾਂ ਤਾਂ ਅਸੀਂ ਪੜ੍ਹ ਲੈਨੇ ਆਂ, ਲੇਕਿਨ ਸਿਧਾਂਤ ਤੋਂ ਅਸੀਂ ਅਣਜਾਣ ਹੋਣ ਕਰਕੇ ਸਾਨੂੰ ਪਤਾ ਨਹੀਂ ਲਗਦਾ। ਬਾਕੀ ਹੋਰ ਬਹੁਤ ਸਾਰੇ ਮਹਾਂਪੁਰਸ਼ ਨੇ, ਜਿਨ੍ਹਾਂ ਨੇ ਇਹ ਨਿਹਚਾ ਕਰਿਆ ਕਿ ਤਿੰਨ ਚੀਜ਼ਾਂ ਸੀ - ਇਕ ਪ੍ਰਕ੍ਰਿਤੀ ਸੀਗੀ, matter (ਪ੍ਰਕ੍ਰਿਤੀ) ਦਾ ਬੀਜ ਸੀ। ਜਿਸ ਤਰ੍ਹਾਂ ਪ੍ਰਮੇਸ਼ਰ ਨਿਰਗੁਨ ਰੂਪ 'ਚ ਸੀ, ਏਸੇ ਤਰ੍ਹਾਂ ਉਹ ਜਿਹੜਾ seed (ਬੀਜ) ਸੀ, ਉਹ ਵੀ compress ਹੋ ਕੇ ਨਿਰਗੁਨ ਰੂਪ 'ਚ ਪਹੁੰਚ ਗਿਆ ਸੀ; Science ਵਾਲਿਆਂ ਦੀ ਟੋਹ ਹੈ ਇਹ। ਉਹ ਛੋਟਾ ਕਿੰਨਾਂ ਸੀ? ਕਹਿੰਦੇ ਦੱਸਿਆ ਹੀ ਨਹੀਂ ਜਾ ਸਕਦਾ। Compress ਹੋ ਕੇ ਕਿੰਨਾਂ ਛੋਟਾ ਹੋ ਗਿਆ - point ਲਾ ਕੇ 80 ਜ਼ੀਰੋ (ਸਿਫਰ) ਲਾ ਕੇ, ਫੇਰ...........1 (ਇੱਕ) ਲਾ ਕੇ infinity ਲਿਖ ਦਿਤੀ। ਜਿਹੜੇ ਹਿਸਾਬ ਜਾਣਦੇ ਹੋਣ, ਉਨ੍ਹਾਂ ਨੂੰ ਪਤੈ ਕਿ ਇਹ ਤਾਂ ਕੋਈ ਗੱਲ ਨਾ ਬਣੀ। ਜਿਥੇ ਅਸੀਂ ਸੋਚਾਂਗੇ ਕਿ ਐਨਾਂ ਛੋਟਾ ਸੀ, ਓਸ ਤੋਂ ਹੋਰ ਵੀ ਛੋਟੈ। ਜਿੰਨਾਂ ਉਹ expand ਹੋਏਗਾ, ਫੈਲੇਗਾ; ਜਿਥੇ ਅਸੀਂ ਖੜ੍ਹਾਂਗੇ, ਉਸ ਤੋਂ ਗਹਾਂ ਫੇਰ ਓਨਾਂ ਈ ਐ।

ਸੋ ਉਨ੍ਹਾਂ ਦਾ ਖਿਆਲ ਸੀ, ਏਸੇ ਤਰ੍ਹਾਂ ਦੇ ਨਾਲ ਜੀਵ ਦੀ ਵੀ ਨਿਰਗੁਨ ਰੂਪ ਦੇ ਵਿਚ ਹੋਂਦ ਕਾਇਮ ਸੀ। ਤਿੰਨ ਸੀਗੇ - ਇਕ ਜੀਵ ਸੀ, ਪ੍ਰਕ੍ਰਿਤੀ ਸੀ ਜਿਹਨੂੰ ਮਾਇਆ ਕਹਿੰਦੇ ਨੇ ਜਾਂ ਅਗਿਆਨ ਕਹਿੰਦੇ ਨੇ, ਇਕ ਰੱਬ ਸੀਗਾ। ਗੁਰੂ ਮਹਾਰਾਜ ਕਹਿੰਦੇ, ਨਹੀਂ, ਇਸ ਤਰ੍ਹਾਂ ਨਾ ਤੁਸੀਂ ਵੰਡੋ; ਏਥੇ ਕੇਵਲ ਪ੍ਰਮੇਸ਼ਰ ਸੀ, ਹੋਰ ਕੋਈ ਚੀਜ਼ ਹੈ ਨਹੀਂ ਸੀ। ਉਹ ਜਿਹੜਾ ਪ੍ਰਮੇਸ਼ਰ ਸੀ, ਉਹ ਸਰਬ ਕਲਾ ਸਮਰਥ ਸੀ। ਉਹ ਕੋਈ ਐਂ ਨਹੀਂ ਸੀ ਕਿ ਉਹਨੂੰ ਪਤਾ ਨਹੀਂ ਸੀ - ਕਿਸੇ ਚੀਜ਼ ਦਾ, ਕਿ ਉਹ ਨਿਰਗੁਨ ਅਵਸਥਾ 'ਚ ਚਲਿਆ ਗਿਆ ਤੇ ਹੁਣ ਕੁਛ ਵੀ ਨਹੀਂ ਹੈ, ਸਮਾਧੀ ਲਾਈ ਹੋਈ ਐ, nothing 'ਚ ਚਲਿਆ ਗਿਆ - Zero (ਸਿਫਰ) 'ਚ। ਕਹਿੰਦੇ, ਐਂ ਨਹੀਂ ਸੀਗਾ; ਹੋਂਦ ਸੀ ਉਹ, ਉਹਦਾ ਨਾਉਂ ਇਸੇ ਕਰਕੇ ਸਤਿ ਹੈ - 'ਸਤਿਨਾਮੁ ਤੇਰਾ ਪਰਾ ਪੂਰਬਲਾ॥' 'ਸਤਿਨਾਮੁ ਤੇਰਾ ਪਰਾ ਪੂਰਬਲਾ॥' ਇਸੇ ਕਰਕੇ ਐ ਕਿ ਉਹ ਸੱਤਿ ਕਦੇ ਵੀ ਅਸੱਤਿ ਨਹੀਂ ਹੁੰਦਾ; ਚਾਹੇ ਉਹ ਨਿਰਗੁਨ ਹੋ ਜਾਏ, ਚਾਹੇ ਸਰਗੁਨ ਹੋ ਜਾਵੇ, ਚਾਹੇ ਵੈਰਾਟ ਬਣ ਜਾਵੇ, ਚਾਹੇ ਈਸ਼ਵਰ ਬਣ ਜਾਵੇ, ਚਾਹੇ ਜੀਵ ਬਣ ਜਾਵੇ, ਚਾਹੇ ਸੰਸਾਰ ਬਣ ਜਾਵੇ। ਉਹਦੀ ਹੋਂਦ ਨਹੀਂ ਬਦਲਦੀ - ਕਦੇ ਵੀ। ਉਹ ਜਿਹੜਾ ਨਿਰਗੁਨ ਸੀ, ਉਸਨੇ ਆਪਣੇ ਆਪ ਤੋਂ ਰਚਨਾ ਰਚੀ ਤੇ ਰਚਣ ਤੋਂ ਬਾਦ ਬਾਹਰ ਨਹੀਂ ਚਲਿਆ ਗਿਆ।

ਜਿਹੜਾ ਮਿਸਤਰੀ ਐ, ਮਕਾਨ ਬਣਾਉਂਦੈ; ਮਕਾਨ ਬਣਾਉਣ ਤੋਂ ਬਾਦ ਕੰਧਾਂ 'ਚ ਨਹੀਂ ਉਹ ਹੋਇਆ ਕਰਦਾ, ਨਾ ਛੱਤ 'ਚ ਹੋਇਆ ਕਰਦੈ; ਉਹ ਪਾਸੇ ਹਟ ਜਾਂਦੈ। Carpenter ਐ, ਫਰਨੀਚਰ ਬਣਾਉਂਦੈ; ਫ਼ਰਨੀਚਰ ਬਣਾਉਣ ਤੋਂ ਬਾਦ ਉਹਦਾ ਕੋਈ ਸਬੰਧ ਨਹੀਂ ਉਹਦੇ ਨਾਲ ਰਹਿੰਦਾ; ਸਬੰਧ ਟੁੱਟ ਜਾਂਦੈ ਉਹਦਾ। ਜਦੋਂ final shape ਦੇ ਦਿਤੀ, ਉਹਤੋਂ ਬਾਦ ਕੋਈ ਕਲਾ ਕਰਨ ਨੂੰ ਉਹਦੇ ਕੋਲ ਟਾਈਮ ਨਹੀਂ ਬਚਦਾ। ਉਹ ਕਹਿੰਦਾ ਠੀਕ ਹੈ, ਮੈਂ ਬਣਾ ਦਿਤਾ ਜੋ ਕੁਛ ਬਣਾਉਣਾ ਸੀ। ਲੇਕਿਨ ਪ੍ਰਮੇਸ਼ਰ ਨੇ ਇਸ ਤਰ੍ਹਾਂ ਨਹੀਂ ਕਰਿਆ। ਮੱਕੜੀ ਜਾਲਾ ਤਣਦੀ ਐ, ਭਾਵੇਂ ਉਹ ਜਾਲੇ ਦੇ ਵਿਚ ਰਹਿੰਦੀ ਐ, ਪਰ ਇਕੱਲੀ ਇਕੱਲੀ ਤਾਰ 'ਚ ਨਹੀਂ ਹੁੰਦੀ; ਇਕ ਪਾਸੇ ਹੋ ਕੇ ਬਹਿ ਜਾਂਦੀ ਐ। ਲੇਕਿਨ ਪ੍ਰਮੇਸ਼ਰ ਏਸ ਤਰ੍ਹਾਂ ਨੀਂ ਹੈ। ਪ੍ਰਮੇਸ਼ਰ ਦੇ ਬਾਰੇ ਏਸ ਤਰ੍ਹਾਂ ਨਾਲ ਫੁਰਮਾਨ ਆਉਂਦੈ, ਪੜ੍ਹੋ ਪਿਆਰ ਨਾਲ -

*ਧਾਰਨਾ - ਆਪੇ ਰਚ ਕੇ, ਜਗਤ ਵਾਲੀ ਰਚਨਾ,*
*ਆਪੇ ਇਹਦੇ ਵਿਚ ਬਹਿ ਗਿਆ - 2, 2.*
*ਮੇਰੇ ਪਿਆਰੇ, ਆਪੇ ਇਹਦੇ ਵਿਚ ਬਹਿ ਗਿਆ - 2, 2.*
*ਆਪੇ ਰਚ ਕੇ, ਜਗਤ ਵਾਲੀ ਰਚਨਾ,..................-2.*

ਅਜੀਬ ਬਾਤ ਐ ਕਿ ਰਚਨਾ ਵੀ ਰਚ ਦਿਤੀ ਤੇ ਇਹਦੇ ਵਿਚ ਵੀ ਹੋ ਗਿਆ। ਫੇਰ ਕਹਿੰਦੇ, ਦੋ ਬਣ ਗਏ ਫੇਰ ਤਾਂ ਇਹ। ਮਹਾਰਾਜ ਕਹਿੰਦੇ, ਨਹੀਂ, ਦੋ ਨਹੀਂ ਬਣੇ। ਆਪਣੇ ਆਪ ਤੋਂ ਆਪੇ ਈ ਪਸਾਰਾ ਕਰ ਦਿਤਾ। ਦਰੱਖਤ ਦਾ ਬੀਜ ਹੈ; ਬੀਜ ਜੇ tree (ਦਰਖ਼ਤ) ਬਣ ਜਾਂਦੈ, ਦੋ ਤਾਂ ਨਹੀਂ ਨਾ ਬਣੇ? ਉਹ ਤਾਂ ਬੀਜ ਦਾ ਈ ਪਸਾਰਾ ਐ, ਬੀਜ ਦੇ ਵਿਚ ਰਮਿਆ ਹੋਇਐ। ਬੀਜ ਰਮ ਕੇ ਜਦੋਂ ਵਧ ਜਾਏਗਾ ਦਰਖਤ; ਫੁੱਲ ਆਉਣਗੇ, ਫੁੱਲਾਂ ਦੇ ਵਿਚ ਡੋਡੀ ਪਏਗੀ, ਡੋਡੀ 'ਚ ਫਲ ਪਏਗਾ; ਫਲ ਦੇ ਵਿਚ ਫੇਰ ਕੀ ਦੇਖੋਂਗੇ ਤੁਸੀਂ?

*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥*
*ਪੰਨਾ - 736*

ਗੱਲ ਸਮਝਣ ਵਾਲੀ ਐ। ਜਿੰਨਾਂ ਚਿਰ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਐਸੇ ਸਿਧਾਂਤ ਸਮਝ 'ਚ ਨਹੀਂ ਲਿਆਉਂਦੇ; ਨਾ ਸਾਨੂੰ ਰੱਬ ਬਾਰੇ ਪਤਾ ਲਗਦੈ, ਨਾ ਸਾਡਾ ਕੋਈ ਮਕਸਦ ਸਾਫ ਹੁੰਦੈ, ਨਾ ਕੋਈ ਰਸਤਾ ਮਿਲਦੈ ਕਿ ਅਸੀਂ ਕਿਥੇ ਨੂੰ ਜਾਣੈ? ਅਣਜਾਣਾਂ ਵਾਂਗਣ

ਅਸੀਂ ਤੁਰੇ ਫਿਰਦੇ ਆਂ। ਬਣ ਗਏ ਜੀ ਅਸੀਂ ਸਿੱਖ। ਕੀ ਓਂ ਤੁਸੀਂ ਸਿੱਖ? ਕਦੇ ਸਮਝੋ ਤਾਂ ਸਹੀ - ਏਸ ਚੀਜ਼ ਨੂੰ ਕਿ ਤੁਹਾਡਾ ਸਿਧਾਂਤ ਕੀ ਐ? ਤੁਹਾਡੇ ਕੋਲ ਕੋਈ clear (ਸਾਫ) ਰਸਤਾ ਹੈ ਕਿ ਐਵੇਂ ਧੁੰਧਲੇ ਰਾਹ 'ਚ ਹੀ ਤੁਰੇ ਫਿਰਦੇ ਓਂ? ਸੋ ਪ੍ਰਮੇਸ਼ਵਰ ਬਾਹਰ ਨਹੀਂ ਗਿਆ, ਏਹਦੇ ਵਿਚ ਹੀ ਰਚ ਗਿਆ -

*ਨਿਰੰਕਾਰ ਆਕਾਰ ਹੋਇ................।*

*ਭਾਈ ਗੁਰਦਾਸ ਜੀ - ਵਾਰ 26/2*

ਉਹੀ ਨਿਰੰਕਾਰ ਜਿਹੜਾ ਸਹਿਜ ਸਮਾਧ ਦੇ ਵਿਚ ਸੀਗਾ। ਏਥੇ ਭੁਲੇਖਾ ਪੈਂਦੈ ਬਹੁਤ ਕਿ ਉਹ nothing ਹੋ ਗਿਆ, ਜ਼ੀਰੋ ਹੋ ਗਿਆ। ਐਸੇ ਕਹਿੰਦੇ ਸੁਣੇ ਗਏ ਨੇ, ਐਸੀਆਂ ਬਾਤਾਂ ਲਿਖੀਆਂ ਹੋਈਆਂ ਦੇਖੀਆਂ ਨੇ ਕਿ nothing ਦੇ ਵਿਚੋਂ ਹੋਇਐ, ਸੁੰਨ ਵਿਚੋਂ ਹੋਇਐ ਸਾਰਾ। ਮਹਾਰਾਜ ਕਹਿੰਦੇ, ਜਿਹਨੂੰ ਤੁਸੀਂ ਸੁੰਨ ਕਹਿੰਦੇ ਓਂ ਨਾ, ਉਹ ਸੁੰਨ ਨਹੀਂ ਸੀ, ਜ਼ੀਰੋ ਨਹੀਂ ਸੀਗਾ; ਉਹ ਹੋਂਦ ਸੀ, ਉਹ ਇਕ ਅਵਸਥਾ ਸੀ। ਬੀਜ ਜਿਹੜਾ ਹੈ, ਉਹ ਸੁੰਨ ਨਹੀਂ ਹੁੰਦਾ; ਬੀਜ ਦੇ ਵਿਚ ਜਾਨ ਹੈ, ਬੀਜ ਨੇ ਵਧਣਾ ਹੁੰਦੈ, ਬੀਜ ਨੇ ਫੁਲਣਾ ਹੁੰਦੈ। ਸੋ ਬੀਜ ਜਿਹੜੈ, ਦਰਖਤ 'ਚ ਸਮਾਇਆ ਪਿਐ ਸਾਰਾ ਈ। ਬਰੋਟਾ ਹੁੰਦੈ, ਬੋਹੜ ਜਿਹਨੂੰ ਕਹਿੰਦੇ ਨੇ; ਨਿੱਕਾ ਜਿਹਾ ਖਸ ਖਸ ਦੇ ਦਾਣੇ ਜਿੰਨਾਂ ਬੀਜ ਹੁੰਦੈ, ਲੇਕਿਨ ਉਹਦੇ 'ਚ -

*ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ॥*

*ਪੰਨਾ - 340*

ਜਿਵੇਂ ਬਰੋਟਾ ਆਪਣੇ seed (ਬੀਜ) ਵਿਚ ਐ, ਐਵੇਂ ਜਿਵੇਂ ਆਹ ਸੰਸਾਰ ਜਿਹੜੇ endless ਨੇ, ਕਿਤੇ ਖਤਮ ਏ ਨਹੀਂ ਹੁੰਦੇ, ਉਹ ਨਿਰਾਕਾਰ ਅਵਸਥਾ 'ਚ ਨੇ। ਉਹ ਨਿਰਾਕਾਰ ਅਵਸਥਾ ਕਿੰਨੀ ਕੁ ਛੋਟੀ ਐ? ਇਹਨੂੰ ਕੋਈ ਨਹੀਂ ਜਾਣ ਸਕਦਾ। ਆਪਣੇ ਆਪ ਆਪੇ ਈ ਜਾਣਦੈ, ਹੋਰ ਕੋਈ ਨਹੀਂ ਜਾਣਦਾ। ਸੋ -

*ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ।*

*ਭਾਈ ਗੁਰਦਾਸ ਜੀ - ਵਾਰ - 26/2*

'ਏਕਾ' (੧) ਆ ਗਿਆ; ਕੋਈ ਤਾਂ ਇਹਨੂੰ ਗਿਣਤੀ ਦਾ 'ਏਕਾ' ਕਹਿੰਦੇ ਨੇ। ਚਾਹੇ ਤਾਂ ਗਿਣਤੀ ਦਾ ਏਕਾ ਕਹਿ ਲਓ, ਤਾਂ ਵੀ ਗੱਲ mathematically ਓਥੇ ਹੀ ਪਹੁੰਚ ਜਾਂਦੀ ਐ। 'ਇਕ' ਤੋਂ ਜੇ 'ਦੋ' ਬਣਿਆਂ ਤਾਂ ਦੋ ਏਕੇ ਹੋ ਗਏ। ਦੋ ਨਹੀਂ ਬਣੇ, ਇਕ ਹੀ ਦੋ ਬਣ ਗਿਆ। ਇਕ ਤੋਂ ਦਸ ਬਣੇ ਤਾਂ ਦਸ ਵਾਰੀ 1,1,1,1 ਹੋਇਆ। ਉਹਦੀ value (ਕੀਮਤ) ਇਕ ਹੀ ਰਹਿੰਦੀ ਐ, ਲੇਕਿਨ ਗਿਣਤੀ ਵੱਧ ਗਈ। ਏਸੇ ਤਰ੍ਹਾਂ ਇਕ ਤੋਂ ਕਰੋੜ ਬਣਿਆ, ਕਰੋੜ ਏਕਾ ਹੋ ਗਿਆ। ਕਰੋੜ ਜਿਹੜਾ ਹੈ, ਵੱਖਰੀ ਰਕਮ ਨੀਂ ਹੈ - ਏਕੇ ਤੋਂ। 'ਏਕਾ' ਇਹਦੇ ਹਰੇਕ ਅੰਗ ਦੇ ਵਿਚ ਐ; ਦੋ ਨੀਂ ਹੈਗਾ, ਦੋ ਤਿੰਨ ਵਿਚ ਨੀਂ ਹੈ। ਜ਼ੋਰ ਲਾ ਲਓ, ਕੋਈ ਕਰਕੇ ਦਿਖਾ ਦਓ ਕਿ ਦੋ ਤਿੰਨ ਵਿਚ ਐ। 'ਏਕਾ' ਤਿੰਨ ਵਿਚ ਵੀ ਐ, 'ਏਕਾ' ਇਕ ਵਿਚ ਵੀ ਐ, 'ਏਕਾ' ਕਰੋੜ ਵਿਚ ਵੀ ਐ, 'ਏਕਾ' ਅਰਬ ਵਿਚ ਵੀ ਐ। ਉਹ 'ਇਕ' ਇਕੋ ਹੀ ਰਹਿੰਦੈ, ਦੋ ਬਣਦਾ ਈ ਨਹੀਂ; philosophy ਦੀ ਬਾਤ ਐ ਇਹ। ਸੋ ਇਸ ਤਰ੍ਹਾਂ ਜਿਹੜਾ ਨਿਰੰਕਾਰ ਹੈ, ਕਿੰਨਾਂ ਈ ਪਸਾਰਾ ਹੋ ਜਾਵੇ; ਨਿਰੰਕਾਰ, ਵਾਹਿਗੁਰੂ-ਵਾਹਿਗੁਰੂ ਏ ਰਹਿੰਦੈ; ਕੋਈ ਵਧਦਾ ਨਹੀਂ, ਕੁਛ ਘਟਦਾ ਨਹੀਂ-

*ਏਕੰਕਾਰਹੁੰ ਸਬਦ ਧੁਨਿ.......। ਭਾਈ ਗੁਰਦਾਸ ਜੀ - ਵਾਰ 26/2*

ਹੁਣ ਏਥੋਂ ਗਾਹਾਂ ਕੀ ਹੋਇਆ? ਕਹਿੰਦੇ ਉਹਦੇ ਵਿਚੋਂ ਇਕ ਧੁਨ ਉਠੀ ਜਿਵੇਂ ਮੈਂ ਹੁਣ ਬੋਲ ਰਿਹਾਂ, ਬਾਜੇ ਨਾਲ ਗਾਉਣੈਂ ਜਾਂ ਸ਼ਬਦ ਪੜ੍ਹਦਾਂ। ਉਹ ਮੇਰੇ ਵਿਚੋਂ ਈ ਨਿਕਲ ਰਿਹੈ ਸ਼ਬਦ। ਬਾਹਰੋਂ ਤਾਂ ਨਹੀਂ ਨਾ ਆ ਰਿਹਾ? ਇਹ ਸ਼ਬਦ ਦੇ ਵਿਚ ਮੈਂ ਆਂ, ਸ਼ਬਦ ਮੇਰੇ ਵਿਚ ਐ; ਬਾਹਰ ਤਾਂ ਹੋਇਆ ਨਾ। ਦੋਏ ਚੀਜ਼ਾਂ ਅੱਡ ਤਾਂ ਹੋ ਨਾ ਸਕੀਆਂ - ਕਿਸੇ ਤਰੀਕੇ ਨਾਲ ਵੀ? ਏਸੇ ਤਰ੍ਹਾਂ ਏਕੰਕਾਰ ਤੋਂ ਸ਼ਬਦ ਧੁਨ ਹੋਈ ਤਾਂ ਸ਼ਬਦ ਧੁਨ ਏਕੰਕਾਰ ਤੋਂ ਬਾਹਰ ਨਹੀਂ ਹੈ; ਏਕੰਕਾਰ ਸ਼ਬਦ ਤੋਂ ਬਾਹਰ ਨਾ ਹੋਇਆ। ਜਿੰਨੇ ਧਰਮ ਨੇ - ਇਸਲਾਮ, ਈਸਾਈ, ਯਹੂਦੀ ਤੇ ਹੋਰ ਜਿਹੜੇ ਧਰਮ ਨੇ ਸਾਰੇ, ਇਹਨਾਂ ਦਾ ਮੱਤ ਇਕ ਹੈ। ਜ਼ਬਰਦਸਤੀ ਉਹ ਇਹ ਕਹਿੰਦੇ ਨੇ ਕਿ ਜਿਹੜਾ ਨਿਰਗੁਨ ਬ੍ਰਹਮ ਸੀ, ਉਹਦੇ ਵਿਚ ਸ਼ਬਦ ਸੀ 'Before the creation of universe, there was Logas.' ਇਕ ਸ਼ਬਦ ਸੀ ਏਥੇ, ਉਹ ਜਿਹੜਾ ਸ਼ਬਦ ਸੀ - That was within God. ਉਹ ਰੱਬ ਦੇ ਵਿਚ ਸੀਗਾ ਸ਼ਬਦ; ਸ਼ਬਦ ਅੱਡ ਨਹੀਂ ਸੀ। ਹੁਣ ਮੇਰੇ ਵਿਚ ਜਿਹੜਾ ਸ਼ਬਦ ਹੈ, ਮੈਂ ਬੋਲਦਾਂ; ਮੈਂ ਤੇ ਇਹ ਸ਼ਬਦ ਅੱਡ ਤਾਂ ਨਹੀਂ ਨਾ ਹੈ? ਮੈਂ ਹੀ ਬੋਲ ਰਿਹਾਂ। ਉਹ ਜਿਹੜਾ ਪ੍ਰਮੇਸ਼ਵਰ ਤੋਂ ਸ਼ਬਦ ਹੋਇਆ -

*ਪ੍ਰਥਮ ਓਅੰਕਾਰੁ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ॥*

ਉਹ ਜਿਹੜੀ ਧੁਨ ਹੈ, ਉਹ ਸ਼ਕਤੀਸ਼ਾਲ ਧੁਨ ਹੈ। ਐਟਮ ਦੀ ਧੁਨ ਹੋਈ ਸੀ - 'ਯੂਰੋਸ਼ਾਮਾ' 'ਚ। ਉਹ ਧੁਨ ਨੇ ਕੀ ਕਰਿਆ? ਤਿੰਨ-ਚਾਰ ਲੱਖ ਬੰਦਾ ਮਾਰ ਦਿਤਾ। ਉਹ ਸ਼ਬਦ ਨੇ ਹੀ ਮਾਰਿਐ; ਕੋਈ ਬੰਬ ਤਾਂ ਨਹੀਂ ਨਾ ਲੱਗਿਆ ਉਹਨਾਂ ਦੇ? ਗੱਲ ਸਮਝੋ ਤੁਸੀਂ ਸਾਰੇ ਧਿਆਨ ਨਾਲ। ਉਹ ਸ਼ਬਦ ਨੇ ਮਾਰ ਦਿਤੇ। ਸ਼ਬਦ ਨੇ ਧਰਤੀ ਹਿਲਾ ਦਿਤੀ। ਉਹ ਜਿਹੜਾ ਸ਼ਬਦ ਨਿਰੰਕਾਰ ਤੋਂ ਹੋਇਐ, ਵਾਹਿਗੁਰੂ ਤੋਂ ਵੱਖਰਾ ਨਹੀਂ। ਸ਼ਬਦ ਵੀ ਵਾਹਿਗੁਰੂ ਦਾ ਸਰੂਪ ਬਣ ਗਿਆ। ਉਹ ਵੱਖਰਾ ਨਾ ਰਿਹਾ। ਹੁਣ ਸ਼ਬਦ ਨੇ ਕੀ ਕਰਿਆ?

*ਏਕੰਕਾਰਹੁੰ ਸਬਦ ਧੁਨਿ ਓਅੰਕਾਰ ਅਕਾਰ ਬਨਾਯਾ।*

*ਭਾਈ ਗੁਰਦਾਸ ਜੀ - ਵਾਰ - 26/2*

'ਓਅੰਕਾਰ' ਸ਼ਬਦ ਤੋਂ ਆਕਾਰ ਬਣਨੇ ਸ਼ੁਰੂ ਹੋ ਗਏ। 'ਓਅੰਕਾਰ' ਦੇ ਵਿਚ ਹੁਕਮ ਦੀ ਧਾਰਾ ਚਲ ਪਈ। ਉਹ ਹੁਕਮ ਦੀ ਧਾਰਾ ਨੇ ਸਾਰੇ ਬ੍ਰਹਿਮੰਡ ਨੂੰ ਵਿਉਂਤ ਵਿਚ ਬਣਾ ਦਿਤਾ - ਗੋਲ ਸ਼ਕਲ 'ਚ। ਇਹ ਤਾਰੇ-ਸਤਾਰੇ ਚਲਣ ਲਾ ਦਿਤੇ। ਇਹ ਕੋਈ ਫੀਤੇ ਰੱਖ ਕੇ ਨਹੀਂ ਸੀ ਮਿਣੇ ਇਹਨਾਂ ਦੇ ਰਸਤੇ ਕਿ ਧਰਤੀ ਜੇ ਏਥੇ ਕੁ ਨੂੰ ਹੋਊ ਤਾਂ ਟੱਕਰ ਨਹੀਂ ਖਾਊ, ਏਥੇ ਨੂੰ ਕਰੀ ਤਾਂ ਟੱਕਰ ਖਾਊ। ਇਕ ਦਮ ਸਾਰਾ arrangement 'ਚ ਆ ਗਿਆ।

*ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥*

*ਪੰਨਾ - 3*

ਉਹ ਸਾਰਾ ਕੁਛ ਇਕ ਤੋਂ ਹੋ ਗਿਆ। ਅਰ ਸਾਰਾ ਈ ਉਹਦੇ ਵਿਚ ਨਿਯਮ ਬਣ ਗਿਆ ਓਸੇ ਵੇਲੇ। ਉਹਨੂੰ ਹੁਕਮ ਕਹਿੰਦੇ ਨੇ ਜਿਹੜਾ law of nature ਐ। ਉਹ ਹੁਕਮ ਦੇ ਨਾਲ ਕੀ ਹੋਇਆ? ਸ਼ਬਦ ਦੇ ਵਿਚੋਂ manifest (ਪ੍ਰਗਟ) ਹੋਣ ਲਗ ਗਿਆ, ਸ਼ਕਲਾਂ ਧਾਰਨ ਲੱਗ ਗਿਆ। ਸ਼ਬਦ ਵਿਚੋਂ ਈ ਅਸੀਂ ਬਣੇ ਆਂ -

*ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥*

*ਪੰਨਾ - 929*

ਬ੍ਰਹਮਾ ਸ਼ਕਤੀ ਜਿਹੜੀ ਸੀ ਜਿਸਨੇ ਗਾਹਾਂ ਰਚਣ ਦੇ ਵਾਸਤੇ ਵਿਉਂਤ-ਬੱਧ ਕੰਮ ਕਰਨਾ ਸੀ, ਉਹ ਸ਼ਬਦ ਦੇ ਵਿਚੋਂ ਪ੍ਰਗਟ ਹੋ ਗਈ। ਵਾਹਿਗੁਰੂ ਤੋਂ ਬਾਹਰ ਤਾਂ ਨਾ ਹੋਈ ਨਾ? ਵਾਹਿਗੁਰੂ ਦੇ ਕਰਿਸ਼ਮੇ 'ਚੋਂ ਹੀ ਪ੍ਰਗਟ ਹੋਈ। 'ਓਅੰਕਾਰਿ ਕੀਆ ਜਿਨਿ ਚਿਤਿ॥' ਸੋ ਉਹਦੇ ਵਿਚੋਂ ਹੋ ਗਿਆ ਸਾਰਾ ਕੁਝ।

*ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ।*

*ਏਕੰਕਾਰਹੁੰ ਸਬਦ ਧੁਨਿ ਓਅੰਕਾਰ ਅਕਾਰ ਬਨਾਯਾ॥*

*ਭਾਈ ਗੁਰਦਾਸ ਜੀ - ਵਾਰ 26/2*

ਉਹਦੇ ਵਿਚੋਂ **'ਓਅੰਕਾਰਿ ਬ੍ਰਹਮਾ ਉਤਪਤਿ॥ 'ਓਅੰਕਾਰੁ ਕੀਆ ਜਿਨਿ ਚਿਤਿ॥'** ਚਿਤ ਕਹਿੰਦੇ ਨੇ awareness (ਚੇਤਨਤਾ) ਨੂੰ। ਆਹ ਜਿਹੜਾ ਪੱਥਰ ਪਿਐ, ਇਹਦੇ ਵਿਚ awareness (ਚੇਤਨਤਾ) ਨੀਂ ਹੈ। ਜੇ ਹੈ ਤਾਂ ਮਾਈਨਸ ਡਿਗਰੀ ਦੀ ਐ। ਸੋ ਇਸ ਤਰ੍ਹਾਂ ਚੇਤਨਤਾ ਆ ਗਈ ਸਾਰੇ - ਦਰਖਤਾਂ ਵਿਚ ਵੀ ਆ ਗਈ, ਪਸ਼ੂ ਪੰਛੀਆਂ ਵਿਚ ਵੀ ਆ ਗਈ, ਮਨੁੱਖਾਂ ਵਿਚ ਵੀ ਆ ਗਈ। ਉਹ ਚਿਤ ਹੋ ਗਿਆ।

*ਓਅੰਕਾਰਿ ਸੈਲ ਜੁਗ ਭਏ॥ ਪੰਨਾ - 929*

Time and space ਜਿਹੜੀ ਐ, ਇਹ ਓਸੇ ਸ਼ਬਦ ਤੋਂ ਹੋ ਗਈ। manifest (ਪ੍ਰਗਟ) ਹੋ ਗਈ।

*ਓਅੰਕਾਰਿ ਬੇਦ ਨਿਰਮਏ॥ ਪੰਨਾ - 929*

ਜਿੰਨੀ knowledge (ਗਿਆਨ) ਹੈ ਸਾਰੀ - ਮਨੁੱਖ ਦੇ ਅੰਦਰ, ਜਿਹਨੂੰ ਵੇਦ ਕਹਿੰਦੇ ਨੇ, ਵਿਦਿਆ ਕਹਿੰਦੇ ਨੇ; ਇਹ ਸਾਰੀਆਂ ਚੀਜ਼ਾਂ ਅੰਦਰ ਪੈਦਾ ਹੋ ਗਈਆਂ। ਮਹਾਰਾਜ ਕਹਿੰਦੇ - **'ਪ੍ਰਥਮ ਓਅੰਕਾਰੁ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ॥'**

ਹੁਣ ਗੱਲ ਏਥੇ ਆਉਂਦੀ ਐ ਕਿ ਉਹ ਜਿਹੜਾ ਸ਼ਬਦ ਐ, ਉਹਦੀ ਧੁਨ ਖਤਮ ਨਹੀਂ ਹੋਈ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਕਿ ਹੁਣ ਵੀ ਉਹ ਧੁਨ ਚਲ ਰਹੀ ਐ, ਤੇ ਉਹਦੇ 'ਚ ਸਾਰੀਆਂ ਈ ਸ਼ਕਤੀਆਂ ਨੇ। ਜੇ ਗਿਆਨ ਉਹਦੇ ਵਿਚੋਂ ਪੈਦਾ ਹੁੰਦੈ ਤਾਂ ਉਹ ਪੂਰਨ ਗਿਆਨਵਾਨ ਹੈ; ਜੇ ਉਹਦੇ ਵਿਚੋਂ ਪਿਆਰ ਪੈਦਾ ਹੁੰਦੈ ਤਾਂ ਉਹ ਨਿਰਾ ਈ ਪਿਆਰ ਦਾ ਰੂਪ ਹੈ, ਪਿਆਰ ਦਾ ਸੋਮਾਂ, ਹਮਦਰਦੀ ਦਾ ਸੋਮਾਂ, ਦਿਆਲਤਾ ਦਾ ਸੋਮਾਂ ਹੈ -

*ਸਦਾ ਸਦਾ ਸਦਾ ਦਇਆਲ॥*

*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275*

ਮਹਾਰਾਜ ਨੇ ਕਿਹਾ ਕਿ ਇਹ ਨਹੀਂ ਕਿ ਹੁਣ ਦਿਆਲ ਹੋਇਐ। ਉਹ ਤਾਂ ਦਿਆਲਤਾ ਦਾ ਰੂਪ ਏ ਐ, ਬਖਸ਼ਿਸ਼ ਦਾ ਰੂਪ ਐ। ਸ਼ਬਦ ਵਿਚੋਂ ਹੀ ਹਉਮੈਂ ਤੱਤ ਹੋਇਆ ਜਿਸ ਵਿਚੋਂ ਪ੍ਰਕ੍ਰਿਤੀ ਉਪਜੀ, ਹਉਮੈ 'ਚੋਂ ਅਗਿਆਨ ਆ ਗਿਆ। ਅਗਿਆਨ ਦੇ ਵਿਚੋਂ ਤ੍ਰਿਗੁਣੀ ਮਾਇਆ ਆ ਗਈ, ਜਿਹਨੂੰ 'ਮਹਿ ਤੱਤ' ਕਹਿੰਦੇ ਨੇ, ਬੁੱਧੀ ਆ ਗਈ। ਆਹ ਸਾਰਾ ਕੁਛ, ਜਿੰਨਾਂ ਪ੍ਰਬੰਧ ਸੀ ਪ੍ਰਮੇਸ਼ਰ ਤੋਂ ਹੋ ਕੇ; ਵੱਡੀ ਗੱਲ ਇਹ ਹੈ ਕਿ ਅਸੀਂ ਤਾਂ ਜਿਹੜੇ ਜੀਵ ਬਣੇ ਆਂ ਨਾ, ਸਾਡੇ ਉਤੇ ਤਾਂ ਤਿੰਨ ਗੁਣਾਂ ਦਾ ਅਸਰ ਹੋ ਗਿਆ; ਵਾਹਿਗੁਰੂ ਜੀ ਫੇਰ ਨਿਆਰੇ ਰਹਿ ਗਏ - ਵਿਚ ਰਹਿੰਦੇ ਹੋਏ। ਉਨ੍ਹਾਂ ਤੇ ਕੋਈ ਅਸਰ ਨਹੀਂ ਹੋਇਆ, ਉਹ ਉਸੇ ਤਰ੍ਹਾਂ ਰਹਿ ਗਏ, ਉਹ ਤ੍ਰਿਗੁਣ ਅਤੀਤ ਰਹਿ ਗਏ; ਉਹ ਅਬਾਧ ਹੈ, ਉਹ ਬੰਨ੍ਹਿਆਂ ਨਾ ਗਿਆ। ਇਹ ਮਾਇਆ ਜਿਹੜੀ ਐ, ਇਹ ਤ੍ਰਿਗੁਣ 'ਚ ਆ ਗਈ। ਇਹਦੇ ਉਤੇ ਹੁਕਮ ਨੇ ਇਹ ਲੇਖ ਲਿਖ ਦਿਤਾ - ਕਰਮਾਂ ਦਾ। ਪਹਿਲਾ ਲੇਖ ਜਿਹੜਾ ਲਿਖਿਆ, ਉਹ ਕਰਮਾਂ ਦਾ ਲੇਖ ਲਿਖ ਦਿਤਾ। ਉਹ ਕਰਮਾਂ ਦੇ ਲੇਖ ਦੇ ਨਾਲ ਸੰਸਾਰ ਦਾ ਕਾਰਜ ਤੁਰ ਪਿਆ। ਅਗਿਆਨ ਨੇ ਕਰਮਾਂ ਨੂੰ ਫੜ ਲਿਆ ਤੇ ਅਸੀਂ ਕਰਮ ਕਰਨ ਲਗ ਗਏ, ਅਸੀਂ 'ਬੰਨ੍ਹੇ ਗਏ।

*ਓਅੰਕਾਰਿ ਅਕਾਰੁ ਕਰਿ ਪਵਣ ਪਾਣੀ ਬੈਸੰਤਰ ਧਾਰੇ।*

*ਭਾਈ ਗੁਰਦਾਸ ਜੀ - ਵਾਰ - 4/1*

*ਇਕ ਕਵਾਉ ਪਸਾਉ ਕਰਿ ਓਅੰਕਾਰ ਅਕਾਰ ਪਸਾਰਾ।*

*ਪਉਣ ਪਾਣੀ ਬੈਸੰਤਰੋ ਧਰਤਿ ਅਗਾਸ ਕਰੇ ਨਿਰਧਾਰਾ।*

*ਭਾਈ ਗੁਰਦਾਸ ਜੀ - ਵਾਰ - 6/4*

ਇਕ ਸ਼ਬਦ ਤੋਂ ਸਾਰੀ ਰਚਨਾ ਹੋ ਗਈ। ਇਹਨੂੰ ਚਾਹੇ ਫੁਰਨਾ ਕਹਿ ਲਓ; ਫੁਰਨਾ ਵੀ ਸ਼ਬਦ ਹੁੰਦੈ। ਕਈ ਮਹਾਂਪੁਰਸ਼ ਕਹਿੰਦੇ ਨੇ ਕਿ 'ਅਹੰ ਬਹੁ ਸਿਆਮਾ' ਐਸਾ ਫੁਰਨਾ ਆਇਆ ਸੀ ਕਿ ਮੈਂ ਇਕ ਤੋਂ ਅਨੇਕ ਹੋ ਜਾਵਾਂ, ਲੇਕਿਨ ਉਹ ਸ਼ਬਦ ਹੋਇਆ - ਏਸੇ ਫੁਰਨੇ ਨਾਲ। ਉਹ ਸ਼ਬਦ ਨੇ ਰਚਨਾ ਰਚ ਦਿਤੀ। ਐਸ ਤਰ੍ਹਾਂ ਨਾਲ ਪੜ੍ਹ ਲਓ -

*ਧਾਰਨਾ - ਇਕ ਸ਼ਬਦ ਨੇ ਬਣਾਏ ਜਗ ਸਾਰੇ,*
*ਮਹਿਮਾ ਤੇਰੀ ਤੂੰ ਹੈਂ ਜਾਣਦਾ -2, 2.*
*ਮੇਰੇ ਪਿਆਰੇ, ਮਹਿਮਾ ਤੇਰੀ ਤੂੰ ਹੈਂ ਜਾਣਦਾ - 2, 2.*
*ਇਕ ਸ਼ਬਦ ਨੇ ਬਣਾਏ ਜਗ ਸਾਰੇ, ...............-2*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ।*

*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ ਪੰਨਾ - 537*

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*

*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*

*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*

*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*

*ਕਰਿ ਆਸਣੁ ਡਿਠੋ ਚਾਉ॥ ਪੰਨਾ - 463*

ਜਦ ਆਸਾ ਜੀ ਦੀ ਵਾਰ ਦੀ ਰਚਨਾ ਹੋਈ, ਉਸ ਵੇਲੇ ਬਾਬਾ ਫਰੀਦ ਇਹ ਗੱਲ ਕਹਿਣ ਲੱਗਿਆ ਕਿ ਹੇ ਨਾਨਕ! ਮੈਂ ਸੁਣਿਐਂ, ਤੂੰ ਵਾਰ ਦੀ ਰਚਨਾ ਕਰ ਰਿਹੈਂ। ਵਾਰ ਹਮੇਸ਼ਾ ਦੋ 'ਚ ਹੁੰਦੀ ਹੈ। ਤੋਂ ਕਿਵੇਂ ਦੋ ਲੈ ਆਂਦੇ; ਕਿਹਨੂੰ ਰੱਦ ਕਰਿਆ, ਕਿਹਨੂੰ ਤੋਂ ਲਿਆਂਦਾ? ਬੜਾ tough (ਔਖਾ) ਮਸਲਾ ਸੀ ਇਹ ਕਿਉਂਕਿ ਦੋ ਤੋਂ ਬਿਨ੍ਹਾਂ ਸੰਸਾਰ ਦਾ ਕੰਮ ਨਹੀਂ ਚਲਦਾ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, ਨਹੀਂ ਫਕੀਰ ਸਾਂਈ! ਦੋ ਨਹੀਂ, ਆਪ ਈ ਐ; ਆਪਣੇ ਆਪ ਤੋਂ ਆਪੇ ਹੀ ਸਾਜਦੈਂ। ਮੈਂ ਤੇ ਮੇਰਾ ਬੋਲ ਕੋਈ ਦੋ ਤਾਂ ਨਹੀਂ ਨਾ ਹੈਗੇ? ਮੇਰਾ ਈ ਰੂਪ ਹੈ ਬੋਲ। ਮੈਂ ਤੇ ਮੇਰੀ ਸ਼ਕਤੀ ਦੋ ਤਾਂ ਨਾ ਹੋਏ। ਮੇਰੇ 'ਚ ਸ਼ਕਤੀ ਵੀ ਮੈਂ ਹੀ ਹਾਂ। ਇਹ ਪ੍ਰਮੇਸ਼ਰ ਆਪਣੇ ਆਪ ਤੋਂ ਆਪੇ ਹੀ ਸਾਜਦੈ। ਸਾਜ ਕੇ ਨਿਰਗੁਣ ਤੋਂ ਸਰਗੁਣ ਹੋਇਆ। ਸਰਗੁਨ ਹੋ ਕੇ ਸਰਗੁਨ ਦੇ ਵਿਚੋਂ ਨਾਉਂ ਪ੍ਰਗਟ ਕੀਤਾ। ਅੱਜ ਤਕ ਰੌਲਾ ਪਈ ਜਾਂਦੈ ਕਿ ਨਾਉਂ ਕੀ ਹੋਇਆ? ਕਿਸੇ ਨੂੰ ਨਹੀਂ ਸਮਝ ਆਉਂਦਾ - ਨਾ ਸ਼ਬਦ, ਨਾ ਨਾਮ। ਅਸੀਂ ਤਾਂ ਸਮਝਣ ਦਾ ਯਤਨ ਏ ਨਹੀਂ ਕਰਦੇ। ਸਾਡਾ ਤਾਂ ਇਹ ਹੋ

ਗਿਆ ਕਿ ਨਿਤਨੇਮ ਕਰ ਲਿਆ, ਰਹਿਤਾਂ ਰੱਖ ਲਈਆਂ, ਬੱਸ ਛੁੱਟੀ ਐ; ਏਸ ਤੋਂ ਗਹਾਂ ਨਾ ਕੋਈ ਗੱਲ, ਨਾ ਕੋਈ ਬਾਤ। ਪਹਿਲੀ ਜਮਾਤ 'ਚੋਂ ਅਸੀਂ ਦੂਜੀ 'ਚ ਦਾਖਲ ਏ ਨਹੀਂ ਹੋਣਾ ਚਾਹੁੰਦੇ। ਗੁਰੂ ਮਹਾਰਾਜ ਹਾਕਾਂ ਮਾਰੀ ਜਾਂਦੇ ਨੇ, ਸਮਝਾਈ ਜਾਂਦੇ ਨੇ; ਤੂੰ ਸਮਝਣ ਦਾ ਯਤਨ ਤਾਂ ਕਰ ਕਿ ਤੈਂ ਕਰਨਾ ਕੀ ਐ? ਧਿਆਨ ਨਾਲ ਸਮਝ। ਐਵੇਂ ਪਹਿਲੀ ਜਮਾਤ 'ਚ ਟਾਈਮ waste (ਬਰਬਾਦ) ਕਰਕੇ, ਸਾਰੀ ਉਮਰ waste ਕਰਕੇ ਚਲੇ ਜਾਂਦੇ। ਲਾਰੇ-ਲੂਰੇ ਲਾ ਕੇ ਪ੍ਰਚਾਰ ਕਰਨ ਵਾਲੇ ਵੀ ਤੈਨੂੰ ਤੱਤ ਦੀ ਬਾਤ ਨਹੀਂ ਦਸਦੇ। ਵਿਚਾਲੇ ਈ ਰਹਿ ਜਾਨੈਂ। ਇਹ ਤਾਂ ਕੋਈ-ਕੋਈ ਮਹਾਤਮਾ ਨੇ ਜਿਹੜੇ ਏਸ ਤਰ੍ਹਾਂ ਦੀ ਬਾਤ ਦਸਦੇ ਨੇ -

*ਨਾਮੇ ਹੀ ਤੇ ਸਭੁ ਕਿਛੁ ਹੋਆ..............॥ ਪੰਨਾ - 753*

ਜਿੰਨਾਂ ਕੁਛ ਹੋਇਐ, ਨਾਮ ਤੋਂ ਹੋਇਐ, ਉਹ ਨਾਮ ਨੇ ਹੀ ਧਾਰਨ ਕਰਿਆ ਹੋਇਐ -

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਪੰਨਾ - 284*

ਜਿੰਨਾਂ ਕੁਛ ਨਜ਼ਰ ਆਉਂਦੈ, ਨਾਮ ਨੇ ਧਾਰਨ ਕੀਤਾ ਹੋਇਐ। ਨਾਮ ਕੀ ਹੈ? ਕਹਿੰਦੇ, ਏਥੇ ਵੀ ਨਹੀਂ ਪਤਾ ਲਗਦਾ। ਮਹਾਰਾਜ ਕਹਿੰਦੇ, 'ਨਾਮ' ਤਾਂ ਅਸੀਂ ਦੱਸ ਆਏ ਆਂ। ਏਕੇ (੧) ਦੇ ਨਾਲ ਅਸੀਂ 'ਓਅੰਕਾਰ' ਸ਼ਕਤੀ, ਓਅੰਕਾਰ ਦਾ ਸਰੂਪ ਲਿਖਿਐ। ਇਹ ਜਿਹੜਾ ੧ਓ ਹੈ, ਇਹ ਨਾਮ ਏ ਐ। ਇਹੀ ਸ਼ਕਤੀ ਐ ਜਿਥੇ ਤੁਸੀਂ ਪਹੁੰਚਣੈ, ਜਿਹਨੂੰ realise ਕਰਨੈ, ਜਿਸਨੂੰ ਘਟਿ-ਘਟਿ 'ਚ ਵਿਆਪਕ ਦੇਖਣੈ। ਇਹੀ ਅੰਦਰ ਐ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਇਸੇ ਨੂੰ 'ਸੋ ਸ਼ਬਦ' ਕਹਿੰਦੇ ਨੇ। ਜਿਥੇ ਨਾਮ ਦਾ ਵਾਸਾ ਹੈ, ਉਸਨੂੰ ਸੁਖ ਦਾ ਘਰ ਕਹਿੰਦੇ ਨੇ, ਉਸੇ ਨੂੰ 'ਸੋ ਘਰ' ਕਹਿੰਦੇ ਨੇ, 'ਨਿਜ ਘਰ' ਕਹਿੰਦੇ ਨੇ। ਕਹਿੰਦੇ, ਆਪੇ ਹੀ ਆਪਣੇ ਆਪ ਤੋਂ ਨਾਮ ਪ੍ਰਗਟ ਕਰਕੇ, ਉਸ ਸ਼ਕਤੀ ਦੇ ਨਾਲ ਕੁਦਰਤ ਸਾਜ ਕੇ ਦੂਜਾ ਖੜ੍ਹਾ ਕਰ ਦਿਤਾ, ਲੇਕਿਨ ਹੈ ਇਕੋ ਈ। ਉਹ ਪੀਰ ਬੜੇ ਧਿਆਨ ਨਾਲ ਸੁਣ ਰਿਹਾ ਸੀ। ਕਹਿਣ ਲੱਗੇ, ਮਹਾਰਾਜ! ਕੁਦਰਤ? ਕਹਿੰਦੇ, ਕੁਦਰਤ 'ਸ਼ਕਤੀ' ਨੂੰ ਕਹਿੰਦੇ ਨੇ। ਉਹਨੇ ਆਪਣੀ ਸ਼ਕਤੀ ਤੋਂ ਬੇਅੰਤ ਬਣਾ ਦਿਤੇ। ਦ੍ਰਿਸ਼ਟਮਾਨ ਪੈਦਾ ਕਰ ਦਿਤਾ। ਉਹ ਦੂਜਾ ਨੀ ਹੈ, ਉਹ ਵੀ ਇਕੋ ਈ ਐ। ਦਰਖਤ ਦੇ ਬੀਜ ਤੋਂ ਦਰਖਤ ਦੂਆ ਨਹੀਂ ਬਣਿਆ ਕਰਦਾ ਕਦੇ ਵੀ; ਉਹ seed (ਬੀਜ) ਲਾਂਭੇ ਨਹੀਂ ਹੁੰਦਾ। ਏਕੇ ਤੋਂ ਰਕਮ ਜਿਹੜੀ ਐ, ਉਹ ਕਦੇ ਦੋ ਨਹੀਂ ਬਣਦੀ। ਉਹ ਏਕੇ ਹੀ ਇਕੱਠੇ ਕਰੇ ਹੁੰਦੇ ਨੇ। ਨੌ (9) ਲੈ ਲਉ। ਉਹ ਨੌ ਏਕੇ ਈ ਨੇ, ਉਹਨਾਂ ਦਾ ਨਾਉਂ ਰੱਖ ਲਿਆ 'ਨੌਂ'। ਦਰਅਸਲ ਨੌ ਏਕੇ ਈ ਨੇ ਉਹ। ਉਹ ਸੁਖਾਲਾ ਕਰਨ ਵਾਸਤੇ '9' (ਨੌਂ) ਸ਼ਕਲ ਜਿਹੀ ਬਣਾ ਦਿਤੀ। ਗਿਣਤੀ ਗਿਣਨੀ ਸ਼ੁਰੂ ਹੋ ਗਈ। ਮਹਾਰਾਜ ਕਹਿੰਦੇ, ਉਹ ਇਕ ਆਪੇ ਈ ਕੁਦਰਤ ਬਣਾ ਕੇ ਵੇਖਣ ਲਗ ਗਿਆ ਉਹਨੂੰ; ਵਿਚ ਫਸਿਆ ਨਹੀਂ ਮਾਇਆ ਦੇ, ਕਿਉਂਕਿ ਤਿੰਨ ਗੁਣ ਪੈਦਾ ਕਰ ਦਿਤੇ, ਰਚਨਾ ਨੂੰ ਤਿੰਨਾਂ ਗੁਣਾਂ 'ਚ ਕਰ ਦਿਤਾ ਤੇ ਆਪ ਫੇਰ ਲਾਂਭੇ ਹੋ ਗਿਆ। ਦੋ ਫੇਰ ਵੀ ਨਹੀਂ ਬਣੇ; ਏਧਰ ਵੀ ਉਹੀ ਐ, ਓਧਰ ਵੀ ਓਹੀ ਐ। ਫੇਰ ਉਹ ਦਾਤਾ ਹੈ, ਦਿੰਦੈ; ਨਾਲੇ ਕਰਤਾ ਹੈ, ਨਾਲੇ ਦਾਤਾ ਹੈ। ਪਹਿਲਾਂ ਦਾਤਾ ਹੈ, ਦੇਣ ਵਾਲੀਆਂ ਚੀਜ਼ਾਂ ਪਹਿਲਾਂ ਬਣਾਈਆਂ। ਕਰਤਾ ਬਾਦ 'ਚ ਬਣਿਆ, ਕਰਤਾ ਦਾ ਪਦ ਬਾਦ 'ਚ ਆਇਆ, ਪਹਿਲਾਂ ਦਿਤਾ -

*ਪਹਿਲੋ ਦੇ ਤੈਂ ਰਿਜਕੁ ਸਮਾਹਾ॥*
*ਪਿਛੋ ਦੇ ਤੈਂ ਜੰਤੁ ਉਪਾਹਾ॥ ਪੰਨਾ - 130*

ਇਕੋ ਵਾਰ ਦੇ ਦਿਤਾ ਸਾਰਾ -

*ਜੋ ਕਿਛੁ ਪਾਇਆ ਸੁ ਏਕਾ ਵਾਰ॥ ਪੰਨਾ - 7*

ਫੇਰ ਉਹ ਪ੍ਰਸੰਨ ਐਂ ਤੇ ਸਭ ਨੂੰ ਜਾਣਦੈ। ਜ਼ਿੰਦ ਦਿੰਦਾ ਵੀ ਆਪ ਐ, ਜ਼ਿੰਦ ਲੈਂਦਾ ਵੀ ਆਪ ਐ ਤੇ ਪਿਆਰ ਦੇ ਨਾਲ ਸੰਸਾਰ ਨੂੰ ਦੇਖ ਰਿਹੈ; ਬਾਹਰ ਨਹੀਂ ਬੈਠਾ। ਘਟਿ ਘਟਿ 'ਚ ਵਿਆਪਕ ਹੋ ਕੇ ਦੇਖ ਰਿਹੈ -

*ਪ੍ਰਣਵੋ ਆਦਿ ਏਕੰਕਾਰਾ॥ ਜਲ ਥਲ ਮਹੀਅਲ ਕੀਓ ਪਸਾਰਾ॥*
*ਆਦਿ ਪੁਰਖੁ ਅਬਗਤਿ ਅਬਿਨਾਸੀ॥ ਲੋਕ ਚਤੁਰਦਸ ਜੋਤਿ ਪ੍ਰਕਾਸੀ॥*
***ਅਕਾਲ ਉਸਤਤਿ***

ਤੇ ਇਹ ਦੋ ਰੂਪ ਨਹੀਂ ਬਣੇ, ਇਕੋ ਈ ਰੂਪ ਬ੍ਣਦੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਆਪੇ ਸਰਗੁਨ ਨਿਰਗੁਨ ਆਪੇ,*
*ਆਪੇ ਸੁੰਨ ਸਮਾਧੀ ਐ -2, 2.*
*ਆਪੇ ਸੁੰਨ ਸਮਾਧੀ ਐ, ਆਪੇ ਸੁੰਨ ਸਮਾਧੀ ਐ - 2, 2.*
*ਆਪੇ ਸਰਗੁਨ ਨਿਰਗੁਨ ਆਪੇ,......................-2*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥ ਪੰਨਾ - 290*

ਸੋ ਗੁਰੂ ਨਾਨਕ ਪਾਤਸ਼ਾਹ ਨੇ ਜੋ ਸਾਨੂੰ ਸਤਿ ਦਾ ਲੱਛਣ ਦਿਤਾ, ਸਾਨੂੰ ਸਮਝਾਇਐ ਕਿ ਜਿੰਨਾ ਪਸਾਰਾ ਹੈ, ਉਹ ਆਪ ਈ ਐ। ਆਪੇ ਸਰਗੁਨ ਹੈ, ਆਪੇ ਈ ਨਿਰਗੁਨ ਹੈ, ਆਪੇ ਈ ਸੁੰਨ ਸਮਾਧ ਹੈ, ਆਪੇ ਈ ਨਾਮ ਹੈ। ਫੇਰ ਉਹਦਾ ਨਾਉਂ ਕੋਈ ਨੀਂ ਹੈ। ਉਹਦਾ ਨਾਉਂ ਇਕੋ ਈ ਐ, ਜਿਹਨੂੰ ਸਤਿ ਕਹਿੰਦੇ ਨੇ। '੧ਓ ਸਤਿ', ਗਹਾਂ 'ਨਾਮ' ਆ ਗਿਆ। ਉਹਤੇ ਬਾਦ ਕਿਉਂਕਿ ਸਰਗੁਨ ਸਰੂਪ ਐ, ਹੁਣ ਕਰਤਾ ਬਣ ਗਿਆ। ਫੇਰ ਨਿਰਭਉ ਐ, ਨਿਰਵੈਰ ਐ, ਕਾਲ ਦਾ ਉਹਦੇ ਤੇ ਕੋਈ ਅਸਰ ਨੀਂ ਹੈ, ਅਕਾਲ ਮੂਰਤ ਹੈ, ਹਸਤੀ ਹੈ, ਆਪਣੇ ਆਪ ਏ ਗਿਆਨ ਐ। ਸਾਨੂੰ ਕਿਤਾਬਾਂ ਪੜ੍ਹ ਕੇ ਆਉਂਦੈ, ਉਹਨੂੰ ਆਪੇ ਈ ਆਉਂਦੈ। ਆਪਣੇ ਆਪ ਹੀ ਗਿਆਨ ਦਾ ਸਰੂਪ ਐ, ਕਿਸੇ ਜੂਨ 'ਚ ਨੀਂ ਆਉਂਦਾ। ਆਪਣੇ ਆਪ ਏ ਗਿਆਨ ਹੈ ਤੇ ਆਪੇ ਸਭ ਤੋਂ ਵੱਡੈ ਤੇ ਆਪੇ ਹੀ ਕ੍ਰਿਪਾ ਕਰਦੈ। ਦੂਸਰਾ ਏਹਦੇ ਨਾਲ ਦੋ ਜੋੜ ਦਿਤੇ; ਗੁਰੂ, ਤੇ ਕ੍ਰਿਪਾ ਤੋਂ ਬਗੈਰ ਆਹ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਜਿਹੜਾ 'ਮੂਲ ਮੰਤਰ' ਐ, ਇਹਦਾ ਬੀਜ ਕੀ ਹੈ? ਏਹਦਾ ਬੀਜ ਐ -'੧ਓ'। ਉਹਦਾ ਫੇਰ ਮੂਲ ਬਣ ਗਿਆ - ਜੜ੍ਹ। ਬੀਜ ਤੋਂ ਜੜ੍ਹ ਬਣਦੀ ਐ। ਧਿਆਨ ਦੇਵੋ, ਗੱਲ ਸਮਝੋ, ਇਹ ਗੱਲਾਂ ਨਹੀਂ ਲੱਭਣੀਆਂ; ਨਾ ਕਿਤਾਬਾਂ 'ਚੋਂ ਲੱਭਣੀਆਂ, ਨਾ ਕੋਈ ਸਮਝਾਵੇ। ਇਹੀ ਮੈਂ ਬੇਨਤੀ ਕਰਦਾਂ ਕਿ ਮੁਸ਼ਕਲ ਐ ਇਹ ਗੱਲਾਂ ਲੱਭਣੀਆਂ। ਇਹ seed ਜਿਹੜਾ ਸੀ,

ਜੜ੍ਹ ਬਣ ਗਿਆ। ਉਹਨੂੰ ਮੂਲ ਕਹਿੰਦੇ ਨੇ। Seed ਕੀ ਸੀਗਾ - 'ਬੀਜ ਮੰਤਰ' ਕਹਿੰਦੇ ਨੇ।

*ਬੀਜ ਮੰਤ੍ਰੁ ਸਰਬ ਕੋ ਗਿਆਨੁ॥* *ਪੰਨਾ - 274*

'ਸੁਖਮਨੀ ਸਾਹਿਬ' 'ਚ ਬੜੀਆਂ ਡੂੰਘੀਆਂ ਗੱਲਾਂ ਆਉਂਦੀਆਂ ਨੇ। ਮੈਂ ਜੀ ਪੰਜ ਪਾਠ 'ਸੁਖਮਨੀ ਸਾਹਿਬ' ਦੇ ਕਰ ਲੈਨਾਂ; ਕੁਛ ਸਮਝ 'ਚ ਵੀ ਆਇਐ?

*ਸੋਧਤ ਸੋਧਤ ਸੋਧਤ ਸੀਝਿਆ॥*

*ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥*

*ਜਬ ਦੇਖਉ ਤਬ ਸਭੁ ਕਿਛੁ ਮੂਲੁ॥*

*ਨਾਨਕ ਸੋ ਸੂਖਮੁ ਸੋਈ ਅਸਥੂਲੁ॥* *ਪੰਨਾ - 281*

ਜਿੰਨਾਂ ਪਸਾਰਾ ਦੇਖਦੇ ਓਂ, ਵਾਹਿਗੁਰੂ ਤੋਂ ਬਗੈਰ ਹੈ ਕੀ ਏਥੇ? ਆਪ ਏ ਅਨੇਕ ਰੂਪ ਧਾਰ ਲਏ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*

*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥* *ਜਾਪੁ ਸਾਹਿਬ*

ਮਹਾਰਾਜ ਕਹਿੰਦੇ, ਜਿਹਨੂੰ ਇਹ ਗੱਲ ਸਮਝ ਆ ਗਈ ਨਾ, ਜਿਹੜਾ ਏਥੇ ਟਿਕ ਗਿਆ; ਇਕ ਤਾਂ ਹੁੰਦੀ ਐ ਬੁੱਧੀ ਦੇ ਨਾਲ ਸਮਝ 'ਚ ਆਉਣੀ, ਇਕ ਹੁੰਦੀ ਐ ਨਿਹਚੇ ਪੂਰਵਕ। ਏਸ ਸਥਾਨ ਤੇ ਜਾ ਕੇ ਟਿਕ ਗਿਆ; ਕੌਣ ਟਿਕਿਆ ਸੀ? ਭਾਈ ਘਨਈਆ ਟਿਕਿਆ ਸੀ; ਪਾਣੀ ਪਿਲਾਈ ਜਾਂਦੈ ਕਿਉਂਕਿ ਉਹਨੂੰ ਦੂਜਾ ਨਜ਼ਰ ਨਹੀਂ ਆਉਂਦਾ। ਕਿਉਂਕਿ ਗੱਲ ਸਮਝ ਲਈ ਉਹਨੇ ਕਿ ਜਦ ਏਥੇ ਦੂਜਾ ਹੈ ਈ ਨਹੀਂ, ਮੈਂ ਦੂਜਾ ਕਿਵੇਂ ਸਮਝਾਂ? ਸ਼ੱਕ ਹੋਵੇ ਤਾਂ ਕਹੇ ਕਿ ਆਹ ਸਿੰਘ ਨੇ, ਆਹ ਮੁਗਲ ਨੇ, ਆਹ ਫਲਾਣੇ ਨੇ। ਗੁਰੂ ਸਾਹਿਬ ਨੇ ਸਿਰੀ ਸਾਹਿਬ ਫੁਆ ਦਿਤੀ। ਉਹਨੇ ਸਿਰੀ ਸਾਹਿਬ ਦਾ ਮੂੰਹ ਪਿਛਲੇ ਪਾਸੇ ਨੂੰ ਕਰ ਲਿਆ। ਕਹਿੰਦੇ, ਸੱਚੇ ਪਾਤਸ਼ਾਹ, ਇਹਦਾ ਮੁੱਠੇ ਦਾ ਮੂੰਹ ਅੱਗੇ ਨੂੰ ਨਹੀਂ ਕਰਦਾ। ਇਹ ਪਿਛੇ ਨੂੰ ਕਰਕੇ ਬੰਨ੍ਹ ਲੈਂਦੈ। ਮਹਾਰਾਜ ਕਹਿੰਦੇ, ਘਨਈਆ! ਇਹ ਕੀ ਕਰਦੈਂ? ਕਹਿੰਦਾ, ਸੱਚੇ ਪਾਤਸ਼ਾਹ! ਕਿਸੇ ਨੇ ਜੇ ਮਾਰਨਾ ਹੋਇਆ ਤਾਂ ਉਹਨੂੰ ਬਹੁਤੀ ਤਕਲੀਫ ਨਾ ਹੋਵੇ। ਮੇਰੇ ਵਾਲੀ ਖਿਚ ਕੇ ਮਾਰ ਦੇਵੇ। ਕਿੱਡਾ ਨਿਹਚਾ ਸੀ - ਪਰਪੱਕ ਨਿਹਚਾ। ਐਨੇ ਨਿਹਚੇ ਤੋਂ ਬਗੈਰ ਨਹੀਂ ਗੱਲ ਬਣਦੀ।

ਬਾਬਾ ਭਾਗ ਸਿੰਘ ਜੀ ਹਜ਼ੂਰ ਸਾਹਿਬ ਗਏ। ਰਾਤ ਨੂੰ ਓਸ ਥਾਂ ਤੇ ਨਿਵਾਸ ਕਰ ਲਿਆ ਜਿਥੇ man eater ਸ਼ੇਰ ਆਇਆ ਕਰਦਾ ਸੀ। ਪਿੰਡ ਵਾਲੇ ਲੰਘੇ ਜਾਂਦੇ ਨੇ। ਕਾਹਲੀ ਕਾਹਲੀ ਤੁਰੇ ਜਾਂਦੇ ਐਂ। ਸੂਰਜ ਛਿਪਣ ਵਾਲੈ। ਲੱਕੜੀਆਂ ਚੁੱਕੀਆਂ ਹੋਈਐਂ। ਕਹਿੰਦੇ ਓਏ, ਆਹ ਬਾਲ ਯੋਗੀ ਬੈਠੇ ਏਥੇ। ਆਪ ਦੀ ਉਮਰ ਉਸ ਵੇਲੇ 22 ਸਾਲ ਦੀ ਸੀ - 21 ਜਾਂ 22 ਸਾਲ ਦੀ। ਲਗਨ ਲੱਗ ਗਈ। ਉਹ ਵਿਰਲੇ ਵਿਰਲੇ ਪੁਰਸ਼ ਨੇ ਜਿੰਨ੍ਹਾਂ ਨੂੰ ਲਗਨ ਲੱਗ ਜਾਂਦੀ ਐ, ਫੇਰ ਨਹੀਂ ਪਿਛੇ ਮੁੜਦੇ। ਇਕ ਵਾਰੀ ਪੈਰ ਪੁੱਟ ਲਿਆ ਸੋ ਪੁੱਟ ਲਿਆ; ਉਹ ਕਾਇਰ ਨਹੀਂ ਹੁੰਦੇ। ਫੇਰ ਇਹ ਨਹੀਂ ਕਿ ਮੈਂ ਹੁਣ ਘਰ ਨੂੰ ਜਾਵਾਂ, ਘਰ ਜਾ ਕੇ ਮੈਂ ਕੰਮ ਕਰਾਂ। ਉਹ ਬੰਦੇ ਐਵੇਂ ਈ ਹੁੰਦੇ ਨੇ। ਜਿਹਨੇ ਸਮਝ ਕੇ ਗੱਲ ਕਰ ਲਈ, ਉਹ ਨਹੀਂ ਫੇਰ ਪਿਛੇ ਮੁੜਦਾ।

*ਆਗਾਹਾਂ ਕੂ ਤ੍ਰਾਂਘਿ ਪਿਛਾ ਫੇਰਿ ਨ ਮੁਹਡੜਾ॥* *ਪੰਨਾ - 1096*

ਅੱਗੇ ਨੂੰ ਤਾਂ ਵਧ। ਜੇ ਗਿਰਨੈਂ ਤਾਂ ਵੀ ਅੱਗੇ ਨੂੰ ਤਾਂ ਗਿਰ, ਪਿਛੇ ਨੂੰ ਨਾ ਗਿਰ, ਪਿੱਠ ਨਾ ਲਵਾ। ਉਨ੍ਹਾਂ ਨੇ ਕਿਹਾ, ਬਾਲ ਯੋਗੀ! ਏਥੇ ਰਾਤ ਨੂੰ ਸ਼ੇਰ ਆਉਂਦੈ - man eater, ਬੰਦਿਆਂ ਨੂੰ ਖਾ ਜਾਂਦੈ। ਏਥੇ ਐ ਪਾਣੀ, ਉਹਨੇ ਪਾਣੀ ਪੀਣ ਵੀ ਆਉਣੈ ਤੇ ਤੈਨੂੰ ਖਾ ਜਾਊ। ਚੁੱਪ ਕਰ ਰਹੇ, ਕਹਿੰਦੇ, ਕੋਈ ਨਾ। ਧੰਨਵਾਦ ਤੁਹਾਡਾ। ਕਹਿੰਦੇ, ਧੰਨਵਾਦ ਨਹੀਂ, ਤੂੰ ਪਿੰਡ 'ਚ ਚਲ। ਕਹਿੰਦੇ, ਕੋਈ ਨਾ, ਏਥੇ ਈ ਬੈਠਾਂਗੇ। ਦਰਸ਼ਨ ਕਰਾਂਗੇ ਉਸਦੇ ਵੀ। ਉਹ ਵੀ ਪ੍ਰਭੂ ਰੂਪ 'ਚ ਆਉਣੈ, ਦਰਸ਼ਨ ਕਰਾਂਗੇ। ਸਵੇਰੇ ਈ ਪਿੰਡ ਵਾਲਿਆਂ ਨੇ ਕਿਹਾ ਕਿ ਉਹ ਤਾਂ ਖਾ ਲਿਆ ਹੋਣੈ। ਪਿੰਡ ਦੇ ਲੋਕ ਜਾਂਦੇ ਨੇ; ਡੰਡੇ ਹੱਥਾਂ 'ਚ ਨੇ, ਹਥਿਆਰ ਹੱਥਾਂ 'ਚ ਚੱਕੇ ਹੋਏ ਨੇ। ਜਾ ਕੇ ਕੀ ਦੇਖਦੇ ਨੇ ਕਿ ਉਹ ਤਾਂ ਉਵੇਂ ਜਿਵੇਂ ਬੈਠੇ, ਸਮਾਧੀ ਲੱਗੀ ਹੋਈ ਐ ਤੇ ਇਕ ਟੱਕ ਬੈਠੇ - ਸਭ ਕੁਝ ਭੁਲਿਆ ਹੋਇਆ, ਤੇ ਉਥੇ ਜਾ ਕੇ ਆਲੇ ਦੁਆਲੇ ਦੇਖਣ ਲੱਗ ਗਏ - ਸਿਆਣੇ ਬੰਦੇ। ਕੀ ਦੇਖਦੇ ਐਂ ਕਿ ਚਾਰੇ ਪਾਸੇ ਸ਼ੇਰ ਘੁੰਮੇ ਹੋਏ ਨੇ। ਇਕ ਨਹੀਂ, ਵੱਖਰੀਆਂ-ਵੱਖਰੀਆਂ ਪੈੜਾਂ ਨੇ। ਕਹਿਣ ਲੱਗੇ, ਇਹਨੂੰ ਤਾਂ ਸੁੰਘ-ਸੁੰਘ ਕੇ ਗਏ ਨੇ ਸਾਰੇ ਸ਼ੇਰ। ਸਿਆਣਾ ਬੰਦਾ ਸੀ, ਕਹਿੰਦਾ, ਓ ਸੁੰਘਿਆ ਨੀਂ ਹੈ; ਇਹਨੂੰ ਮੱਥਾ ਟੇਕ ਕੇ ਗਏ ਨੇ, ਇਹ ਕੋਈ ਬਹੁਤ ਵੱਡੀ ਰੂਹ ਐ। ਉਹ ਤਾਂ ਇਹਦਾ ਦਰਸ਼ਨ ਕਰਨ ਆਏ ਨੇ। ਪ੍ਰਕਰਮਾ ਆਪਾਂ ਮੰਦਰ ਦੀ ਨਹੀਂ ਕਰਦੇ! ਪ੍ਰਕਰਮਾ ਕਰਕੇ ਗਏ ਨੇ - ਇਹਦੀ। ਉਹਤੋਂ ਬਾਦ ਬਾਬਾ ਜੀ ਨੇ ਨੇਤਰ ਖੋਲ੍ਹੇ। ਇਹਨਾਂ ਨੇ ਨਮਸਕਾਰਾਂ ਕੀਤੀਆਂ। ਬਾਬਾ! ਤੂੰ ਤਾਂ ਕੋਈ ਬਹੁਤ ਬੜਾ ਸਿੱਧ ਪੁਰਸ਼ ਐਂ। ਧੰਨ ਭਾਗ ਸਾਨੂੰ ਦਰਸ਼ਨ ਹੋਏ। ਪਰ ਇਕ ਸਾਨੂੰ ਗੱਲ ਦਸ ਦੇ। ਤੈਨੂੰ ਸ਼ੇਰ ਨੇ ਕਿਉਂ ਨਾ ਖਾਧਾ? ਕਹਿੰਦੇ, ਪਿਆਰਿਓ! ਹੁਣ ਮੈਂ ਤੁਹਾਡੇ ਨਾਲ ਡੂੰਘੀ ਗੱਲ ਤਾਂ ਕਰਨੀ ਨੀਂ। ਤੁਹਾਨੂੰ ਮੈਂ ਇਕ ਬੇਨਤੀ ਕਰਨੀ ਐਂ ਕਿ ਜੇ ਤੁਹਾਨੂੰ ਭੁੱਖ ਲੱਗੀ ਹੋਵੇ ਤਾਂ ਆਪਣਾ ਹੱਥ ਖਾ ਲੈਨੇ ਓਂ? ਕਹਿੰਦੇ, ਆਪਣਾ ਹੱਥ ਤਾਂ ਕੋਈ ਖਾਂਦਾ ਈ ਨਹੀਂ। ਕਹਿੰਦੇ, ਪੱਟ ਦੇ ਉਤੇ ਮਾਸ ਹੁੰਦੈ, ਉਹ ਖਾ ਲੈਨੇ ਓਂ? ਕਹਿੰਦੇ, ਆਪਣਾ ਆਪ ਤਾਂ ਕੋਈ ਵੀ ਨਹੀਂ ਖਾਂਦਾ, ਚਾਹੇ ਮਰ ਜਾਵੇ। ਕਹਿੰਦੇ, ਫੇਰ ਉਹ ਮੈਨੂੰ ਕਿਉਂ ਖਾ ਲੈਂਦਾ। ਉਹ ਮੇਰਾ ਆਪਣਾ ਆਪ ਸੀ, ਐਹ ਦਰਖਤ ਵੀ ਮੇਰਾ ਆਪਣਾ ਆਪ ਨੇ, ਤੁਸੀਂ ਵੀ ਮੇਰੇ; ਮੈਂ ਤੁਹਾਡੇ ਵਿਚ, ਤੁਸੀਂ ਮੇਰੇ ਵਿਚ। ਉਹ ਦ੍ਰਿਸ਼ਟੀ ਪਰਪੱਕ ਹੁੰਦੀ ਐ -

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥ ਪੰਨਾ - 465*

ਗੱਲਾਂ ਨਾਲ ਨੀ ਗਿਆਨ ਆਉਂਦਾ। ਇਹ ਬੜਾ ਈ ਔਖਾ ਸਾਧਨ ਐ। ਕਿਤਾਬਾਂ ਲਿਖਣ ਵਾਲੇ ਤਾਂ ਲਿਖ ਦਿੰਦੇ ਨੇ। ਲੇਕਿਨ ਆਪ ਨੂੰ ਭੋਰਾ ਜਿੰਨਾਂ ਵੀ ਪਤਾ ਨਹੀਂ ਹੁੰਦਾ। ਏਸੇ ਕਰਕੇ ਸੰਤਾਂ ਦਾ ਅਤੇ intellectual (ਅਕਲ ਵਾਲੇ) ਬੰਦਿਆਂ ਦਾ ਫਰਕ ਹੋਇਐ ਕਰਦੈ। ਸੰਤ ਜਿਹੜੇ ਨੇ, ਇਹ ਘਾਲਣਾ ਘਾਲ ਕੇ ਇਥੇ ਪਹੁੰਚਦੇ ਨੇ। ਵਿਦਵਾਨ ਜਿਹੜੇ, ਉਹ ਕਿਤਾਬਾਂ ਪੜ੍ਹ ਕੇ ਪਹੁੰਚਦੈ, ਲੇਕਿਨ ਓਥੇ ਫੇਲ ਹੋ ਜਾਇਆ ਕਰਦੈ।

(ਚਲਦਾ)

**ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ।**
**ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹੀ ਭੇਵ।**

# ਖਾਲਸਾ ਸਿਰਜਨ ਦੀ ਲੋੜ

*ਲੈਫ: ਕਰਨਲ ਗੁਲਚਰਨ ਸਿੰਘ ਜੀ*
196, R, ਮਾਡਲ ਟਾਊਨ ਜਲੰਧਰ)

ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸ਼ਰਧਾਪੂਰਵਕ ਸਸਕਾਰ ਕਰਨ ਦੇ ਕੁਝ ਦਿਨਾਂ ਪਿਛੋਂ, ਭਾਈ ਲੱਖੀ ਸ਼ਾਹ ਬਣਜਾਰਾ ਆਪਣੇ ਕੁਝ ਰਿਸ਼ਤੇਦਾਰਾਂ ਅਤੇ ਸਾਥੀਆਂ ਨੂੰ ਨਾਲ ਲੈ, ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਰਾਏ (ਸਿੰਘ) ਜੀ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਪੁਜਾ। ਜਦੋਂ ਉਹ ਸਭੇ ਮੱਥਾ ਟੇਕ ਸੰਗਤ ਵਿਚ ਸਜ ਗਏ ਤਾਂ ਗੁਰੂ ਸਾਹਿਬ ਨੇ ਭਾਈ ਲੱਖੀ ਸ਼ਾਹ ਨੂੰ ਸਾਰੀ ਘਟਨਾ ਦੱਸਣ ਨੂੰ ਕਿਹਾ -

*ਸ਼੍ਰੀ ਮੁਖ ਤੇ ਸ਼ੁਭ ਬਾਕ ਉਚਾਰੇ -*
*ਕਹੁ ਗੁਰ ਪਜਾਰੇ ਸਿੱਖ ਬਨਜਾਰੇ।। ੨ ।।*
*ਕਿਸ ਪ੍ਰਕਾਰ ਸਤਿਗੁਰ ਸਸਕਾਰੇ?*
*ਕਿਹ ਸਥਾਨ ਮਹਿਂ ਰਾਖ ਸੁਧਾਰੇ?*

*ਸੂਰਜ ਪ੍ਰਕਾਸ਼, ਪੰਨਾ - 4520*

ਕਿ ਕਿਵੇਂ ਉਹਨੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਕੀਤਾ ਸੀ। ਇਸ ਤੇ ਭਾਈ ਲੱਖੀ ਸ਼ਾਹ ਨੇ ਬੜੀ ਨਿਮਰਤਾ ਸਹਿਤ ਜੁਆਬ ਦਿਤਾ - "ਸਤਿਗੁਰੂ ਜੀ! ਆਪ ਤੇ ਜਾਣੀ-ਜਾਣ ਹੋ, ਆਪ ਸਭ ਕੁਝ ਜਾਣਦੇ ਹੋ, ਮੈਂ ਕੀ ਦੱਸਾਂ?" ਇਸ ਤੇ ਗੁਰੂ ਜੀ ਨੇ ਫੁਰਮਾਇਆ ਕਿ ਉਹ ਤਾਂ ਸਾਰੀ ਕਥਾ ਆਪਣੇ ਸਿੱਖ ਦੀ ਜ਼ਬਾਨੀ ਸੁਣਨਾ ਚਾਹੁੰਦੇ ਸਨ। ਇਸ ਤੇ ਲੱਖੀ ਸ਼ਾਹ ਨੇ ਸਾਰੀ ਘਟਨਾ ਬੜੇ ਵਿਸਥਾਰ ਨਾਲ ਸੁਣਾ ਦਿਤੀ, ਜੋ ਕਿ ਅਗੇ ਦਿਤੀ ਜਾਂਦੀ ਹੈ।

ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਕੀਤੇ ਜਾਣ ਮਗਰੋਂ, ਇਕ ਭਾਈ ਜੈਤਾ ਉਥੋਂ ਗੁਰੂ ਜੀ ਦਾ ਸੀਸ ਚੁਕ ਕੇ ਆਨੰਦਪੁਰ ਸਾਹਿਬ ਲੈ ਗਿਆ ਸੀ। ਜਦੋਂ ਇਸ ਦਾ ਔਰੰਗਜ਼ੇਬ ਨੂੰ ਪਤਾ ਲਗਾ ਤਾਂ ਉਹਨੇ ਡੰਕੇ ਦੀ ਚੋਟ ਨਾਲ ਸਾਰੀ ਸਿੱਖ ਕੌਮ ਨੂੰ ਵੰਗਾਰਿਆ ਕਿ ਹੁਣ ਕੋਈ ਗੁਰੂ ਦਾ ਧੜ ਲਿਜਾ ਕੇ ਦਸੇ। ਗੁਲਾਮ ਹੁਸੈਨ, ਇਕ ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ ਔਰੰਗਜ਼ੇਬ ਨੇ ਇਕ ਸ਼ਾਹੀ ਫੁਰਮਾਨ ਦੁਆਰਾ ਸਭ ਨੂੰ ਸੂਚਿਤ ਕਰ ਦਿਤਾ ਸੀ ਕਿ ਜੋ ਕੋਈ ਵੀ ਗੁਰੂ ਦੇ ਧੜ ਨੂੰ ਲਿਜਾਂਦਾ ਫੜਿਆ ਗਿਆ, ਉਹਦੇ ਸਰੀਰ ਦੇ ਚਾਰ ਟੋਟੇ ਕਰਕੇ ਸ਼ਹਿਰ ਦੇ ਚਾਰਾਂ ਦਰਵਾਜ਼ਿਆਂ ਉਪਰ ਲਟਕਾ ਦਿਤੇ ਜਾਣਗੇ।

ਗੁਰੂ ਤੇਗ ਬਹਾਦਰ ਸਾਹਿਬ ਦਾ ਬਿਨਾਂ ਸੀਸ ਧੜ ਚਾਂਦਨੀ ਚੌਕ ਵਿਚ ਪਿਆ ਸੀ ਅਤੇ ਉਪਰ ਕਰੜਾ ਪਹਿਰਾ ਲਗਾ ਹੋਇਆ ਸੀ। ਸਾਰੇ ਸਿੱਖ ਚੁੱਪ ਸਨ। ਔਰੰਗਜ਼ੇਬ ਦੇ ਕਹਿਰ ਤੋਂ ਡਰਦਾ ਮਾਰਿਆ ਕੋਈ ਵੀ ਸਿੱਖ ਨਾ ਕੁਸਕਿਆ; ਉਹ ਸਭ ਦੜ ਵਟ ਆਪਣੇ ਆਪਣੇ ਘਰੀਂ ਛੁਪੇ ਬੈਠੇ ਸਨ।

*ਸੁਨਿਜੋ ਸਭਿਨਿ ਕਰਿ ਤ੍ਰਾਸ ਬਿਸਾਲਾ।*
*ਕੋਇ ਨਾ ਬੋਲਿ ਸਕਿਜੋ ਤਿਸ ਕਾਲਾ।*
*ਹਮ ਹੈਂ ਸਿੱਖ - ਨ ਤਿਨਹੁਂ ਬਤਾਵਾ।*
*ਦਬਕ ਰਹੇ ਨਿਜ ਨਿਜ ਘਰ ਥਾਵਾ। ਸੂਰਜ ਪ੍ਰਕਾਸ਼ ਪੰਨਾ-4521*

*ਮਾਰਗ ਵਿਚ ਰੋਜ਼ੀ ਵਾਸਤੇ ਆਦਮੀ ਸਿਖਾਂ ਪਾਸ ਜਾਏ।*
*ਸੋ ਜਾਨ ਮੁਕਰ ਤੁਰਕ ਦੇਣ ਦੁਖ ਨਾ ਸਿੱਖ ਕੋਈ ਕਹਾਏ।*
*ਨਿਸਾਨੀ ਸਿੱਖੀ ਦੀ ਕਿਸੇ ਨੂੰ ਨਾਹੀਂ।*
*ਜੋ ਸਿੱਖ ਚੁਣ ਕਢੀਏ ਕੋਈ ਸੇਵਕਾਂ ਮਾਹੀਂ।। 155।।*

*ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ, ਕੇਸਰ ਸਿੰਘ ਛਿਬਰ*

ਮਾਨੋ ਕਿ ਸਿੱਖਾਂ ਨੇ ਸਿੱਖ ਹੋਣ ਤੋਂ ਹੀ ਇਨਕਾਰ ਕਰ ਦਿਤਾ ਹੋਵੇ। ਕਿਸੇ ਦੀ ਹਿੰਮਤ ਨਾ ਪਈ ਕਿ ਉਹ ਬਾਹਰ ਆ ਕੇ ਗੁਰੂ ਜੀ ਦਾ ਧੜ ਸਸਕਾਰ ਲਈ ਉਥੋਂ ਲਿਜਾ ਸਕੇ। ਉਨ੍ਹਾਂ ਨੂੰ ਪਤਾ ਸੀ ਕਿ ਇੰਝ ਕਰਨ ਨਾਲ ਮੌਤ ਦੇ ਮੂੰਹ ਪੈਣਾ ਸੀ।

ਜਦੋਂ ਲੱਖੀ ਸ਼ਾਹ ਬਣਜਾਰਾ - ਮੁਗਲ ਸਰਕਾਰ ਦਾ ਇਕ ਠੇਕੇਦਾਰ, ਆਪਣਾ ਗੱਡਿਆਂ ਦਾ ਕਾਫਲਾ ਲੈ ਕੇ ਲਾਲ ਕਿਲੇ ਪੁਜਾ, ਤਾਂ ਗੁਰੂ ਜੀ ਦੀ ਇਸ ਹਾਲਤ ਬਾਰੇ ਸੁਣ ਕੇ ਉਹਦਾ ਦਿਲ ਬੜਾ ਦੁਖਿਆ, ਉਹਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਹਨੇ ਆਪਣੇ ਆਪ ਨੂੰ ਇੰਝ ਸੰਬੋਧਨ ਕੀਤਾ - "ਮੈਂ ਕੈਸਾ ਸਿੱਖ ਹਾਂ? ਮੇਰੇ ਸਿੱਖ ਹੋਣ ਦਾ ਕੀ ਲਾਭ ਜਦੋਂ ਕਿ ਮੇਰੇ ਗੁਰੂ ਜੀ ਦਾ ਧੜ ਇੰਝ ਖੁਲ੍ਹੇ ਮੈਦਾਨ ਵਿਚ ਪਿਆ ਹੋਵੇ ਅਤੇ ਸਰਕਾਰ ਨੇ ਸਾਰੀ ਸਿੱਖ ਕੌਮ ਨੂੰ ਵੰਗਾਰਿਆ ਹੋਵੇ। ਮੇਰੇ ਸਿੱਖ ਹੋਣ ਦਾ ਕੀ ਫਾਇਦਾ ਜੇ ਮੈਂ ਆਪਣੇ ਗੁਰੂ ਜੀ ਦੇ ਕੰਮ ਨਹੀਂ ਆ ਸਕਦਾ? ਨਹੀਂ, ਮੈਂ ਜ਼ਰੂਰ ਗੁਰੂ ਜੀ ਦੇ ਧੜ ਨੂੰ ਏਥੋਂ ਲੈ ਜਾਵਾਂਗਾ ਅਤੇ ਪੂਰੇ ਸਤਿਕਾਰ ਨਾਲ ਇਸਦਾ ਸਸਕਾਰ ਕਰਾਂਗਾ। ਇੰਝ ਕਰਦਿਆਂ ਭਾਵੇਂ ਮੇਰਾ ਸਭ ਕੁਝ ਹੀ ਕਿਉਂ ਨਾ ਜਾਂਦਾ ਰਹੇ, ਮੇਰੀ ਜਾਨ ਤਕ ਵੀ ਭਾਵੇਂ ਚਲੀ ਜਾਵੇ; ਮੈਨੂੰ ਇਸਦੀ ਪਰਵਾਹ ਨਹੀਂ। ਵੈਸੇ ਜੋ ਕੁਝ ਵੀ ਮੇਰੇ ਕੋਲ ਧਨ, ਦੌਲਤ ਆਦਿ ਹਨ, ਇਹ ਸਭ ਕੁਝ ਗੁਰੂ-ਘਰ ਦੀ ਮਿਹਰ ਸਦਕਾ ਹੀ ਹੈ। ਮੈਂ ਭਾਵੇਂ ਸਰਕਾਰੀ ਠੇਕੇਦਾਰ ਹਾਂ, ਪਰ ਪਹਿਲਾਂ ਤਾਂ ਮੈਂ ਸਿੱਖ ਹਾਂ।"

*ਹੁਤੋ ਲੁਬਾਣਾ ਸਿੱਖ ਤਹਿਂ ਬ੍ਰਿਖਭ ਬ੍ਰਿੰਦ ਜਿਹਿ ਪਾਸ।*
*ਗਿਨਤੀ ਬਿਖੈ ਹਜ਼ਾਰ ਦਸ ਨਿਕਟਿ ਰਖੈ ਗਨ ਦਾਸ।।੧।।*
*ਗੁਰ ਕਾਰਨ ਕੋ ਸੁਨਿ ਦੁਖ ਪਾਯੋ।*
*ਦਰਸ ਬਿਲੋਕਨ ਕੇ ਹਿਤ ਆਯੋ।।*
*ਤਰੇ ਬ੍ਰਿਛ ਕੇ ਗੁਰ ਧਰ ਪਰਯੋ।।*
*ਦੇਖਿ ਬਿਲੋਚਨ ਮਹਿਂ ਜਲ ਭਰਯੋ।। ੨।।*
*ਹਮ ਸਿੱਖਯਨਿ ਕੋ ਧਿਕ ਬਹੁ ਭਾਰੀ।*
*ਇਮ ਸਤਿਗੁਰ ਕੀ ਦਸ਼ਾ ਨਿਹਾਰੀ।*
*ਪ੍ਰਥਮ ਆਪ ਪ੍ਰਾਨ ਨ ਦਏ।*

*ਤੁਰਕ ਤ੍ਰਾਸ ਤੇ ਦੂਰਿ ਦੂਰਿ ਗਏ।।੩।।*
*ਸੁਨਿ ਡਿੰਡਮ ਕੋ ਕਿਨਹੂੰ ਨ ਮਾਨੀ।*
*ਹਮ ਨਹਿਂ ਸਿੱਖਯ ਨ ਦੇ ਮਤ ਹਾਨੀ।*
*ਸਸਕਾਰਨ ਕੋ ਕਰੌਂ ਉਪਾਊ।*
*ਜਥਾ ਨ ਜਾਨ ਸਕਹਿ ਨਰ ਕਾਊ।।੪।।*
*ਬਿਦਤ ਕਰੌਂ, ਹੋਇ ਨ ਸਸਕਾਰਾ।*
*ਸਹਹਿਂ ਕਿ ਦੇਹਿਂ ਮੋਹਿ ਕੋ ਮਾਰਾ।*
*ਗੁਰੂ ਸਹਾਇਕ ਹੋਹਿਂ ਜਿ ਮੇਰੇ।*
*ਚਪਿ ਕਰਿ ਲੇ ਗਮਨਹੁਂ ਕਿਸ ਬੇਰੇ।। ੫।।*

*ਸੂਰਜ ਪ੍ਰਕਾਸ਼, ਪੰਨਾ - 4477-78*

ਇੰਝ ਸੋਚ ਵਿਚਾਰ ਕਰਨ ਉਪਰੰਤ ਲੱਖੀ ਸ਼ਾਹ ਨੇ ਆਪਣੇ ਦਿਲ ਵਿਚ ਹੀ ਸ਼ਾਹੀ ਵੰਗਾਰ ਦਾ ਜਵਾਬ ਦੇਣ ਦਾ ਫੈਸਲਾ ਕਰ ਲਿਆ।

ਲੱਖੀ ਸ਼ਾਹ ਨੇ ਆਪਣੇ ਪੁਤਰਾਂ ਅਤੇ ਆਪਣੀ ਬਰਾਦਰੀ ਦੇ ਕੁਝ ਹੋਰ ਸੱਜਣਾਂ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਇਕ ਵਿਉਂਤ ਘੜੀ। ਉਹਨੇ ਸਭ ਨੂੰ ਚੰਗੀ ਤਰ੍ਹਾਂ ਸਮਝਾਇਆ ਕਿ ਕੀਹਨੇ ਕੀ ਅਤੇ ਕਦੋਂ ਕਰਨਾ ਸੀ।

ਲੱਖੀ ਸ਼ਾਹ ਨੇ ਆਪਣੇ ਸਾਰੇ ਗੱਡੇ ਲਾਲ ਕਿਲੇ ਵਿਚ ਖਾਲੀ ਕਰ ਦਿਤੇ, ਪਰ ਇਕ ਗੱਡਾ ਜਿਸ ਵਿਚ ਕਪਾਹ ਲੱਦੀ ਹੋਈ ਸੀ, ਇਵੇਂ ਹੀ ਰਹਿਣ ਦਿਤਾ। ਫੇਰ ਉਸ ਪਾਸੇ ਨੂੰ ਆਪਣੇ ਗੱਡਿਆਂ ਦੇ ਕਾਫਲੇ ਨੂੰ ਲੈ ਟੁਰਿਆ ਜਿਥੇ ਕਿ ਗੁਰੂ ਤੇਗ ਬਹਾਦਰ ਜੀ ਦਾ ਧੜ ਪਿਆ ਹੋਇਆ ਸੀ। ਚਾਂਦਨੀ ਚੌਕ ਦਾ ਇਲਾਕਾ ਉਨ੍ਹੀਂ ਦਿਨੀ ਕੱਚਾ ਹੁੰਦਾ ਸੀ। ਮਿਥੀ ਹੋਈ ਵਿਉਂਤ ਅਨੁਸਾਰ ਕਾਫਲਾ ਬੜੀ ਤੇਜ਼ੀ ਨਾਲ ਉਸ ਪਾਸੇ ਵਧਿਆ ਅਤੇ ਧੂੜ ਦੇ ਬੱਦਲ ਉਡਾਂਦਾ ਗਿਆ। ਪਹਿਲੇ ਕੁਝ ਗੱਡੇ ਜਾਣ ਬੁੱਝ ਕੇ ਐਧਰ ਓਧਰ ਖਿਲਰ ਗਏ, ਪਰ ਗਾਡੀਵਾਨ ਇਹ ਹੀ ਜ਼ਾਹਿਰ ਕਰ ਰਹੇ ਸਨ ਕਿ ਢੱਗੇ ਉਨ੍ਹਾਂ ਤੋਂ ਬੇ-ਕਾਬੂ ਹੋ ਗਏ ਸਨ। ਸੋ ਇਲਾਕੇ ਵਿਚ ਧੂੜ ਹੀ ਧੂੜ ਹੋ ਗਈ ਅਤੇ ਮੁਗਲ ਸੰਤਰੀ ਆਪਣੀਆਂ ਅੱਖਾਂ ਮਲਦੇ-ਮਲਦੇ ਆਪਣੇ ਡਿਊਟੀ ਅਸਥਾਨਾਂ ਤੋਂ ਦੂਰ ਹਟ ਗਏ। ਇਸ ਖਤਰਨਾਕ ਕੰਮ ਨੂੰ ਕਰਦੇ ਸਮੇਂ ਸਭ ਸਿੱਖ ਆਪਣੇ ਗੁਰੂ ਨੂੰ ਵੀ ਯਾਦ ਕਰੀ ਜਾਂਦੇ ਅਤੇ ਅਰਦਾਸ ਕਰਦੇ ਕਿ ਹੇ ਗੁਰੂ ਮਹਾਰਾਜ! ਇਹ ਕਾਰਜ ਤੁਸੀਂ ਹੀ ਸਿਰੇ ਚਾੜ੍ਹਨਾ ਹੈ, ਇਹ ਤੁਹਾਡਾ ਹੀ ਕੰਮ ਹੈ। ਨਾਲ ਨਾਲ ਇਹ ਤੁਕ ਵੀ ਪੜ੍ਹੀ ਜਾਂਦੇ -

*ਜਿਸ ਕਾ ਕਾਰਜੁ ਤਿਨ ਹੀ ਕੀਆ ਮਾਨਸੁ ਕਿਆ ਵਿਚਾਰਾ ਰਾਮ।।*
*ਪੰਨਾ - 784*

ਉਡਦੇ ਘੱਟੇ ਦਾ ਫਾਇਦਾ ਲੈਂਦਿਆਂ ਹੋਇਆਂ ਲੱਖੀ ਸ਼ਾਹ ਅਤੇ ਉਹਨਾਂ ਦੇ ਵੱਡੇ ਪੁਤਰ ਨਗਾਹੀਆ ਨੇ ਗੁਰੂ ਜੀ ਦਾ ਧੜ ਚੁੱਕ ਕੇ ਕਪਾਹ ਵਾਲੇ ਗੱਡੇ ਵਿਚ ਰੱਖ ਕਪਾਹ ਨਾਲ ਢਕ ਦਿਤਾ। ਫੇਰ ਇਸ ਗੱਡੇ ਨੂੰ ਤੇਜ਼ੀ ਨਾਲ ਆਪਣੇ ਘਰ ਰਕਾਬ ਗੰਜ ਵਿਚ ਲੈ ਗਏ, ਜੋ ਕਿ ਲਾਲ ਕਿਲੇ ਤੋਂ ਕੋਈ ਚਾਰ ਕੁ ਮੀਲ ਦੀ ਵਾਟ ਤੇ ਸੀ।



ਭੱਟ ਵਹੀ ਜਾਦੋਬੰਸੀ ਵਿਚ ਸਮਕਾਲੀ ਭੱਟ ਕੇਸੋ ਨੇ ਇਸ ਬਾਰੇ ਇੰਜ ਲਿਖਿਆ ਹੈ -

*ਚਲਾ ਚਲਾਈ ਹੋ ਰਹੀ ਗਢ ਗਢ ਉਖਰੇ ਮੇਖ।।*
*ਲੱਖੀ ਨਗਾਹੀਆ ਲੈ ਚਲੇ ਤੂੰ ਖਰਾ ਤਮਾਸ਼ਾ ਵੇਖ।। ੨।।*
*ਲੱਖੀ ਨਗਾਹੀਆ, ਲਖ ਗਏ, ਹੇਮ ਹੜ੍ਹਾਊ ਆਠ।।*
*ਸਖਾ ਸਰੀਖਾ ਲਖ ਗਏ, ਬਹੁਰ ਨ ਆਇ ਇਨ ਬਾਟ।।*
*(ਦੋਹੇ ਭਟ ਕੇਸੋ ਦੇ, ਪੰਨਾ - 150 ਇਤੀ ਜਿਨਿ ਕਰੀ)*

*ਧਨ ਪਾਰਾਂ ਦੇਈ ਗ੍ਰਾਂਬਨੀ, ਪੁਤ ਜਨਮਿਆਂ ਨਗਾਹੀਆ,*
*ਪਾਂਚ ਸੈ ਹੇੜੀ ਮਾਰਿ ਭਗਾਇ।*
*ਗੁਰੂ ਕੀ ਲੋਥ ਉਠਾਇ ਲਿਆਨੀ ਜਸ ਜਗ ਮੇ ਪਾਇਆ,*
*ਪਿਤਾ ਪੂਤ ਰੋਸ਼ਨ ਭਏ ਆਇ।*
*ਜਸ ਗਾਊ ਤਊ ਲਖੀਏ ਗੱਧੂ ਠਾਕਰ ਕਾ,*
*ਤਾਜੀ ਬੰਧੇ ਧਾਰ, ਊਠੋ ਬੈਲੋਂ ਕੀ ਸੋਹੇ ਲਾਰ।*
*ਬ੍ਰਾਹਮਨ ਭਟੋ ਕੋ ਦੀਆ ਦਾਨ ਬੇਲ ਤੇਰੀ ਕੋ ਗੁਰੂ ਬਧਾਈ।।*
*ਜਹ ਜੋੜਿ ਕੇਸੋ ਭਟ ਭੜਿਆ ਸਾਲ ਸਤਰਾਂ ਸੇ ਅਠਤੀਆ,*
*ਰਕਾਬਗੰਜ ਕੇ ਮਲਹਨ, ਕੰਗਨੈ ਕੀ ਜੋੜੀ*
*ਮੁਹਰੈ ਕੀ ਮਾਲਾ ਭਟੋਂ ਕੀ ਪਹਿਨਾਇ।। ੫ ।।*
*(ਭਟ ਵਹੀ ਜਾਦੋ ਬੰਸੀ ਬੜ੍ਹਤੀਆਂ, ਪੰਨਾ-150 ਇਤੀ ਜਿਨਿ ਕਰੀ)*

ਰਕਾਬਗੰਜ ਪੁੱਜ ਕੇ ਲੱਖੀ ਸ਼ਾਹ ਨੇ ਬੜੇ ਸਤਿਕਾਰ ਸਹਿਤ ਗੁਰੂ ਜੀ ਦੇ ਸਰੀਰ ਨੂੰ ਇਸ਼ਨਾਨ ਕਰਵਾ, ਮੰਜੇ ਉਪਰ ਲਿਟਾ ਦਿਤਾ। ਇਸ (ਮੰਜੇ) ਦੇ ਆਲੇ ਦੁਆਲੇ ਲਕੜੀ ਅਤੇ ਹੋਰ ਛੇਤੀਂ ਸੜ ਜਾਣ ਵਾਲੀਆਂ ਵਸਤੂਆਂ ਰੱਖ ਦਿਤੀਆਂ। ਫੇਰ ਸਰੀਰ ਉਪਰ ਘਿਉ ਛਿੜਕਿਆ; ਆਖਰੀ ਪ੍ਰਨਾਮ ਕੀਤਾ ਅਤੇ ਆਪਣੇ ਘਰ ਨੂੰ ਅੱਗ ਦੀ ਭੇਟਾ ਕਰ ਦਿਤਾ। (ਫੜੇ ਜਾਣ ਦੇ ਡਰ ਕਾਰਨ ਇਹ ਰਸਮ ਖੁੱਲੇ ਤੌਰ ਤੇ ਨਹੀਂ ਸੀ ਕੀਤੀ ਜਾ ਸਕਦੀ। ਏਨਾ ਡਰ ਲੱਖੀ ਸ਼ਾਹ ਨੂੰ ਆਪਣੀ ਜਾਨ ਦਾ ਨਹੀਂ ਸੀ, ਜਿੰਨਾਂ ਕਿ ਗੁਰੂ ਜੀ ਦੀ ਦੇਹ ਦੀ ਬੇਅਦਬੀ ਹੋਣ ਦਾ ਸੀ।)

ਅੱਗ ਭੜਕ ਜਾਣ ਦੇ ਕੁਝ ਦੇਰ ਪਿਛੋਂ ਲੱਖੀ ਸ਼ਾਹ ਨੇ ਦੁਹਾਈ ਪਾ ਦਿਤੀ ਕਿ ਮੈਂ ਲੁੱਟਿਆ ਗਿਆ, ਮੇਰਾ ਘਰ ਸੜ ਰਿਹਾ ਏ ਆਦਿ, ਤਾਂ ਕਿ ਜੇ ਕਰ ਸਰਕਾਰੀ ਬੰਦੇ ਉਥੇ ਪੁਜ ਵੀ ਜਾਣ ਤਾਂ ਉਹਨਾਂ ਨੂੰ ਗੁਰੂ ਜੀ ਦੇ ਸਰੀਰ ਦੇ ਸਸਕਾਰੇ ਜਾਣ ਬਾਰੇ ਸ਼ੱਕ ਨਾ ਪਵੇ।



ਦੂਜੇ ਪਾਸੇ, ਜਦੋਂ ਬਾਕੀ ਦੇ ਗੱਡਿਆਂ ਦਾ ਕਾਫਲਾ ਚਾਂਦਨੀ ਚੌਕ ਤੋਂ ਕੁਝ ਦੂਰ ਚਲਾ ਗਿਆ ਅਤੇ ਧੂੜ ਕੁਝ ਬਹਿ ਗਈ ਤਾਂ ਮੁਗਲ ਸੰਤਰੀ ਆਪਣੇ ਸਥਾਨਾਂ ਉਪਰ ਮੁੜ ਆਏ। ਆ ਕੇ ਕੀ ਵੇਖਦੇ ਹਨ ਕਿ ਧੜ ਉਥੋਂ ਗਾਇਬ ਸੀ। ਇਸ ਤੇ ਉਹ ਬੜੇ ਹੈਰਾਨ ਅਤੇ ਪਸ਼ੇਮਾਨ ਹੋਏ। ਇਨ੍ਹਾਂ ਨੂੰ ਹੁਣੇ ਹੁਣੇ ਉਥੋਂ ਦੀ ਲੰਘੇ ਗੱਡਿਆਂ ਵਾਲਿਆਂ ਉਪਰ ਸ਼ੱਕ ਪਿਆ ਤੇ ਉਹਨਾਂ ਵਿਚੋਂ ਕੁਛ ਘੋੜ ਸਵਾਰ ਸਿਪਾਹੀਆਂ ਨੇ ਗੱਡਿਆਂ ਦਾ ਪਿੱਛਾ ਕੀਤਾ ਅਤੇ ਰਾਹ ਵਿਚ ਹੀ ਉਨ੍ਹਾਂ ਨੂੰ ਘੇਰ ਲਿਆ। ਮੁਗਲ ਸਿਪਾਹੀਆਂ ਨੇ ਸਾਰੇ ਗੱਡਿਆਂ ਦੀ ਤਲਾਸ਼ੀ ਲਈ ਪਰ ਕੁਝ ਨਾ ਲੱਭਾ। ਲੱਭਣਾ ਵੀ ਕੀ ਸੀ! ਇਸ ਤੇ ਇਨ੍ਹਾਂ ਨੇ ਗਾਡੀਵਾਨਾਂ ਨੂੰ ਡਰਾਇਆ ਧਮਕਾਇਆ, "ਦੱਸੋ! (ਗੁਰੂ ਜੀ ਦਾ) ਧੜ ਕਿਥੇ ਹੈ? ਨਹੀਂ ਤੇ ਤੁਹਾਨੂੰ ਸਾਰਿਆਂ ਨੂੰ ਕੈਦ ਕੀਤਾ ਜਾਏਗਾ ਅਤੇ ਸਖ਼ਤ ਤੋਂ ਸਖ਼ਤ ਦੰਡ ਦਿਤਾ ਜਾਏਗਾ ਤਸੀਹੇ ਦਿਤੇ ਜਾਣਗੇ।" ਪਰ ਗਾਡੀਵਾਨ, ਜਿਨ੍ਹਾਂ ਨੇ ਥਾਂ ਥਾਂ ਦਾ ਪਾਣੀ ਪੀਤਾ ਹੋਇਆ ਸੀ ਅਤੇ ਕਈ ਕਿਸਮ ਦੀਆਂ ਔਕੜਾਂ ਵਿਚ ਦੀ ਲੰਘੇ ਹੋਏ ਸਨ, ਕਦੋਂ ਡਰਨ ਵਾਲੇ ਸਨ। ਧਮਕੀਆਂ, ਡਰਾਵਿਆਂ ਦਾ ਇਨ੍ਹਾਂ ਉਪਰ ਕੋਈ ਅਸਰ ਨਾ ਹੋਇਆ। ਉਨ੍ਹਾਂ ਨੇ ਤੇ ਇਕ ਹੀ ਰੱਟ ਲਾਈ ਹੋਈ ਸੀ ਕਿ ਉਹ ਧੜ ਦੇ ਬਾਰੇ ਕੁਝ ਨਹੀਂ ਸੀ ਜਾਣਦੇ। ਸਿਪਾਹੀ ਉਹਨਾਂ ਨੂੰ ਬਿਨਾਂ ਕਸੂਰ ਦੇ ਕਿਵੇਂ ਸਜ਼ਾ ਦੇ ਸਕਦੇ ਸਨ, ਜਦੋਂ ਕਿ ਗੱਡਿਆਂ ਦੀ ਤਲਾਸ਼ੀ ਵੀ ਲੈ ਲਈ ਸੀ ਅਤੇ ਉਨ੍ਹਾਂ ਵਿਚੋਂ ਕੁਝ ਨਹੀਂ ਮਿਲਿਆ ਸੀ -

*ਗਾਡੀਵਾਨ ਸ਼ਰਧਾ ਧਾਰੀ।*
*ਗਿਨਹਿਂ ਨ ਜਾਇਂ ਇਨਹੁਂ ਮਤਿ ਮਾਰੀ।*
*ਨਿਰਭੈ ਹੁਇ ਕਰਿ ਬਾਕ ਬਖਾਨੈਂ।।*
*ਬਿਨਾ ਦੋਸ਼ ਕਿਸ ਪ੍ਰਾਨਨਿ ਹਾਨੈ।।*

*ਸੂਰਜ ਪ੍ਰਕਾਸ਼, ਪੰਨਾ - 4480*

ਇਸ ਉਪਰੰਤ ਗੱਡਿਆਂ ਨੂੰ ਉਥੇ ਹੀ ਛੱਡ, ਮੁਗਲ ਸਿਪਾਹੀ ਰਕਾਬਗੰਜ, ਲੱਖੀ ਸ਼ਾਹ ਦੇ ਘਰ ਵਲ ਨੂੰ ਦੌੜੇ। ਉਥੇ ਜਾ ਕੇ ਕੀ ਦੇਖਦੇ ਹਨ ਕਿ ਲੱਖੀ ਸ਼ਾਹ ਦਾ ਘਰ ਸੜ ਰਿਹਾ ਸੀ ਅਤੇ ਉਹ ਸਹਾਇਤਾ ਲਈ ਕੁਰਲਾ ਰਿਹਾ ਸੀ। ਇਹ ਵੇਖ, ਸਿਪਾਹੀ ਲੱਖੀ ਸ਼ਾਹ ਕੋਲੋਂ ਕੁਝ ਪੁਛੇ ਬਗੈਰ, ਬੇਵਕੂਫ ਬਣ ਅਤੇ ਆਪਣਾ ਮਨੋਰਥ ਹਾਸਲ ਕੀਤੇ ਬਿਨਾਂ ਮੁੜ ਗਏ।

ਸਾਰੇ ਪਾਸੇ ਦੁਹਾਈ ਪੈ ਗਈ: ਪਹਿਲਾਂ ਸੀਸ ਗਿਆ ਤੇ ਹੁਣ ਧੜ ਵੀ ਕੋਈ ਲੈ ਗਿਆ ਸੀ। ਵਹਿਮੀ ਅਤੇ ਸ਼ੱਕੀ ਔਰੰਗਜ਼ੇਬ ਨੇ ਸਮਝਿਆ ਕਿ ਇਹ ਕੋਈ ਕਰਾਮਾਤ ਵਾਪਰ ਗਈ ਸੀ।

ਭਾਵੇਂ ਲੱਖੀ ਸ਼ਾਹ ਦਾ ਘਰ ਸੜ ਕੇ ਸੁਆਹ ਹੋ ਗਿਆ ਸੀ, ਪਰ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਬੜੇ ਸੁਚੱਜੇ ਢੰਗ ਅਤੇ ਸਤਿਕਾਰ ਸਹਿਤ ਹੋ ਗਿਆ ਸੀ। ਉਹਦੀ ਮੇਹਨਤ ਸਫਲ ਹੋ ਗਈ ਸੀ। ਉਹਨੇ ਇਸ ਕੰਮ ਦੀ ਸਫਲਤਾ ਲਈ ਗੁਰੂ ਜੀ ਦਾ ਧੰਨਵਾਦ ਕੀਤਾ -

*ਇਮ ਫਰੇਬ ਸਭਿਹਿਨਿ ਮਹਿਂ ਕਰਕੈ।*
*ਸਸਕਾਰੇ ਸਤਿਗੁਰੂ ਸੁਧਰਿਕੈ।। ੪੦।।*

*ਸੂਰਜ ਪ੍ਰਕਾਸ਼, ਪੰਨਾ - 4481*

ਅਗਲੀ ਸਵੇਰ, ਗੁਰੂ ਜੀ ਦੇ ਫੁੱਲ (ਅਸਥੀਆਂ) ਚੁਣੇ ਗਏ, ਇਨ੍ਹਾਂ ਨੂੰ ਸਾਫ ਪਾਣੀ ਨਾਲ ਧੋ, ਪਿੱਤਲ ਦੀ ਗਾਗਰ ਵਿਚ ਪਾ ਉਸੇ ਸਥਾਨ ਤੇ ਧਰਤੀ ਵਿਚ ਦੱਬ ਦਿਤੀ ਗਈ। ਫੇਰ ਇਸ ਉਪਰ ਇਕ ਛਪਰੀ ਪਾ ਦਿਤੀ ਗਈ। (ਇਸ ਸਥਾਨ ਤੇ ਬਾਅਦ ਵਿਚ ਰਕਾਬ ਗੰਜ ਨਾਮ ਦਾ ਗੁਰਦੁਆਰਾ ਸਾਹਿਬ ਬਣਵਾਇਆ ਗਿਆ, ਜੋ ਕਿ ਅਜ ਤਕ ਏਥੇ ਸ਼ਸ਼ੋਭਤ ਹੈ। ਇਹ ਸਥਾਨ, ਲੋਕ

ਸਭਾ ਭਵਨ ਦੇ ਨੇੜੇ ਹੀ ਹੈ।)

ਦਸਵੇਂ ਪਾਤਸ਼ਾਹ ਨੇ ਇਹ ਸਾਰੀ ਵਾਰਤਾ ਸੁਣ, ਲੱਖੀ ਸ਼ਾਹ ਦੀ ਸੂਝ-ਬੂਝ ਦੀ ਦਾਦ ਦਿਤੀ, ਅਤੇ ਬਹਾਦਰੀ ਅਤੇ ਦਲੇਰੀ ਦੀ ਬੜੀ ਪ੍ਰਸੰਸਾ ਕੀਤੀ। ਇਸ ਉਪਰੰਤ ਦਸਮ ਪਾਤਸ਼ਾਹ ਨੇ ਫੁਰਮਾਇਆ ਕਿ ਉਹ ਸਿੱਖ ਨੂੰ ਐਸਾ ਰੂਪ ਦੇਣਗੇ ਕਿ ਉਹ ਕਿੰਨੀ ਵੀ ਖ਼ਲਕਤ ਵਿਚ ਕਿਉਂ ਨਾ ਹੋਵੇ, ਛੁਪ ਨਹੀਂ ਸਕੇਗਾ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ -

*ਇਸ ਬਿਧਿ ਕੋ ਅਬਿ ਪੰਥ ਬਨਾਵੌਂ।*
*ਸਕਲ ਜਗਤ ਮਹਿ ਬਹੁ ਬਿਦਤਾਵੌਂ।। ੮।।*
*ਲਾਖਹੁੰ ਜਗ ਕੇ ਨਰ ਇਕ ਥਾਇਂ।*
*ਤਿਨ ਮਹਿਂ ਮਿਲੇ ਏਕ ਸਿਖ ਜਾਇ।*
*ਸਭ ਮਹਿਂ ਪ੍ਰਥਕ ਪਛਾਨਯੋਂ ਪਰੈ।।*
*ਰਲੈ ਨਾ ਕਯੋਹੂੰ ਕੈਸਿਹੁਂ ਕਰੈ।। ੯।।*

*ਸੂਰਜ ਪ੍ਰਕਾਸ਼, ਪੰਨਾ - 4521*

## 1699 ਈ: ਦੀ ਇਤਿਹਾਸਕ ਵਿਸਾਖੀ

ਸੋ ਇਸ ਮਕਸਦ (ਮਿਸ਼ਨ) ਦੀ ਪੂਰਤੀ ਲਈ ਦਸਵੇਂ ਪਾਤਸ਼ਾਹ ਨੇ 1699 ਈ: ਦੀ ਇਤਿਹਾਸਕ ਵਿਸਾਖੀ ਵਾਲੇ ਦਿਨ ਆਪਣੇ ਮੁਰੀਦਾਂ ਸਿਖਾਂ ਨੂੰ ਆਨੰਦਪੁਰ ਸਾਹਿਬ ਇਕੱਠੇ ਕੀਤਾ। ਇਹ ਦਿਹਾੜਾ ਹੀ 29 ਮਾਰਚ ਦਾ।

ਅਜ ਕਲ ਵਿਸਾਖੀ ਦਾ ਤਿਉਹਾਰ ਆਮ ਤੌਰ ਤੇ 13 ਅਪਰੈਲ ਨੂੰ ਪੈਂਦਾ ਹੈ, ਜਿਸ ਕਾਰਨ ਕਈਆਂ ਦੇ ਮਨਾਂ ਵਿਚ ਤਾਰੀਖ਼ਾਂ ਬਾਰੇ ਸ਼ੰਕਾ ਪੈਦਾ ਹੋ ਜਾਂਦਾ ਹੈ। ਇਸ ਤਾਰੀਖ਼ੀ ਤਬਦੀਲੀ ਦਾ ਕਾਰਨ ਇਹ ਹੈ - 3 ਸਤੰਬਰ 1752 ਈ: ਨੂੰ ਜਦੋਂ ਗਰੇਗਾਰੀਅਨ ਕੈਲੰਡਰ ਨੂੰ ਸੋਧ ਕੇ ਇਸ ਨੂੰ ਨਵਾਂ ਰੂਪ ਦਿਤਾ ਗਿਆ ਤਾਂ ਪੁਰਾਣੇ ਢੰਗ ਨਾਲੋਂ ਇਸ ਵਿਚ 11 ਦਿਨਾਂ ਦਾ ਫਰਕ ਪਾਇਆ ਗਿਆ ਸੀ। ਇਸ ਕਾਰਨ '3 ਸਤੰਬਰ' ਬਦਲ ਕੇ '14 ਸਤੰਬਰ' ਬਣ ਗਈ। ਸੋ ਜੋ 1699 ਈ. ਦੀ ਵਿਸਾਖੀ 29 ਮਾਰਚ ਨੂੰ ਹੋਈ, ਤਾਂ 1753 ਈ. ਦੌਰਾਨ ਆਈ ਵਿਸਾਖੀ ਦਾ ਤਿਉਹਾਰ 9 ਅਪ੍ਰੈਲ ਨੂੰ ਪੈ ਗਿਆ। ਫੇਰ ਸਮੇਂ-ਸਮੇਂ ਦੇ ਲੇਖੇ ਜੋਖੇ ਕਾਰਨ ਇਹ ਤਿਉਹਾਰ 13 ਅਪ੍ਰੈਲ ਨੂੰ ਕਦੇ-ਕਦੇ ਇਹ 14 ਅਪ੍ਰੈਲ ਨੂੰ ਵੀ ਪੈ ਜਾਂਦਾ ਹੈ। ਉਸ ਦਿਨ ਸੰਗਤਾਂ ਦੇ ਇਕੱਠੇ ਹੋਣ ਉਪਰੰਤ, ਗੁਰੂ ਮਹਾਰਾਜ ਜੀ ਨੇ ਸਟੇਜ ਤੇ ਆ ਕੇ ਆਪਣੀ ਤਲਵਾਰ ਮਿਆਨ ਵਿਚੋਂ ਕੱਢ ਕੇ ਉਪਰ ਚੁੱਕੀ ਅਤੇ ਨਾਲ ਹੀ ਗਰਜਵੀਂ ਆਵਾਜ਼ ਵਿਚ ਫੁਰਮਾਇਆ - "ਅੱਜ ਮੈਨੂੰ ਇਕ ਸਿੱਖ ਦੇ ਸੀਸ ਦੀ ਲੋੜ ਹੈ! ਸੋ ਇਕ ਸਿੱਖ ਅੱਗੇ ਆ ਜਾਵੇ।" ਇਕ ਸਿੱਖ ਹੱਥ ਜੋੜੀਂ ਸਾਹਮਣੇ ਆਇਆ ਤਾਂ ਗੁਰੂ ਜੀ ਉਸਨੂੰ ਬਾਹੋਂ ਖਿੱਚ ਕੇ ਪਿਛੇ ਲਗੇ ਤੰਬੂ ਵਿਚ ਲੈ ਗਏ। ਥੋੜੇ ਚਿਰ ਨੂੰ 'ਥੱਡ' ਦੀ ਆਵਾਜ਼ ਆਈ ਜਿਸ ਉਪਰੰਤ ਦਸ਼ਮੇਸ਼ ਪਿਤਾ ਆਪਣੀ ਲਹੂ ਨਾਲ ਲਿਬੜੀ ਤਲਵਾਰ ਹੱਥ ਵਿਚ ਲਈ ਬਾਹਰ ਸਟੇਜ ਉਪਰ ਆ ਗਏ, ਅਤੇ ਇਕ ਹੋਰ ਸੀਸ ਦੀ ਮੰਗ ਕੀਤੀ। ਇਸ ਤੇ ਇਕ ਹੋਰ ਸਿੱਖ ਨਿਤਰਿਆ। ਇਸ ਨਾਲ ਵੀ ਪਹਿਲੇ ਵਾਲੇ ਸਿੱਖ ਵਾਲਾ ਸਲੂਕ ਕੀਤਾ ਗਿਆ। ਇੰਝ ਵਾਰੋ-ਵਾਰੀ ਪੰਜ ਸਿੱਖ ਅੱਗੇ ਆਏ, ਜਿਨ੍ਹਾਂ ਨੂੰ ਨਵੀਂ ਪੁਸ਼ਾਕ ਪੁਆ ਕੇ ਤੰਬੂ ਤੋਂ ਬਾਹਰ ਲਿਆਂਦਾ ਗਿਆ। ਫੇਰ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ ਜਿਸ ਵਿਚ ਮਾਤਾ ਸਾਹਿਬ ਕੌਰ ਜੀ ਨੇ ਪਤਾਸ਼ੇ ਪਾਏ। ਇਨ੍ਹਾਂ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ 'ਸਿੰਘ' ਦਾ ਨਾਮ ਦਿਤਾ। ਫੇਰ ਇਨ੍ਹਾਂ ਪੰਜਾਂ ਪਿਆਰਿਆਂ ਕੋਲੋਂ ਗੁਰੂ ਜੀ ਆਪ ਅੰਮ੍ਰਿਤ ਛਕ ਕੇ 'ਗੋਬਿੰਦ ਸਿੰਘ' ਬਣ ਗਏ। ਏਸੇ ਲਈ ਭਾਈ ਗੁਰਦਾਸ ਸਿੰਘ ਜੀ ਨੇ ਕਿਹਾ ਹੈ - ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।। ਇਸ ਦਿਨ ਤੋਂ ਹੀ ਸਭ ਅੰਮ੍ਰਿਤ ਧਾਰੀ ਸਿੱਖਾਂ ਦੇ ਨਾਮ ਨਾਲ ਸਿੰਘ ਲਾਇਆ ਜਾਂਦਾ ਹੈ।

*ਗੁਰਬਰ ਅਕਾਲ ਕੇ ਹੁਕਮ ਸਿਓ ਉਪਜਿਓ ਬਿਗਿਆਨਾ।*
*ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।*

*(ਭਾਈ ਗੁਰਦਾਸ ਸਿੰਘ ਦੂਜਾ)*

*ਜਬ ਹਮਰੇ ਦਰਸਨ ਕੋ ਆਵਹੁ - ਬਣ ਸੁਚੇਤ ਸ਼ਸ਼ਤਰ ਸਜਾਵਹੁ*
*ਕਮਰ ਕਸਾ ਕਰ ਦਿਹੁ ਦਿਖਾਈ - ਹਮਰੀ ਖੁਸ਼ੀ ਹੋਇ ਅਧਕਾਈ।।*

*ਸੂਰਜ ਪ੍ਰਕਾਸ਼*

ਇਕ ਸਮਕਾਲੀ ਇਤਿਹਾਸਕਾਰ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਸੀ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਵਖਰੇ ਵਖਰੇ ਧਾਰਮਿਕ ਰਾਹ ਤਿਆਗ ਕੇ ਇਕ ਰਾਹ ਪੈ ਜਾਓ ਅਤੇ ਇਕੋ ਹੀ ਧਰਮ ਦੇ ਅਨੁਆਈ ਬਣ ਜਾਓ। ਸ਼ਾਸ਼ਤਰਾਂ ਵਿਚ ਦਿਤੇ ਹਿੰਦੂ ਧਰਮ ਦੇ ਚਹੁੰ ਵਰਨਾਂ ਲਈ ਮਿਥੇ ਵਖ-ਵਖ ਨਿਯਮ ਛੱਡ ਕੇ ਆਪਸ ਵਿਚ ਮਿਲਵਰਤਨ ਦਾ ਰਾਹ ਅਪਨਾਓ ਅਤੇ ਇਕ ਦੂਜੇ ਨਾਲ ਖੁਲ੍ਹ ਮਿਲੋ। ਕੋਈ ਵੀ ਆਪਣੇ ਆਪ ਨੂੰ ਦੂਜਿਆਂ ਤੋਂ ਚੰਗੇਰਾ ਨਾ ਸਮਝੇ ਅਤੇ ਨਾ ਹੀ ਪੁਰਾਤਨ ਧਰਮ ਪੁਸਤਕਾਂ ਨੂੰ ਅਪਣਾਏ। ਹਿੰਦੂ ਧਰਮ ਵਿਚ ਗੰਗਾ ਅਤੇ ਦੂਜੇ ਪੂਜਾ ਸਥਾਨਾਂ ਦੀ ਫਿਕਰ ਨਾ ਕਰੋ ਅਤੇ ਨਾ ਹੀ ਹਿੰਦੂ ਦੇਵਤਿਆਂ ਜਿਵੇਂ ਕਿ ਰਾਮ ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਨੂੰ ਮੰਨੋ।

ਸਗੋਂ ਸਾਰਿਆਂ ਨੂੰ ਚਾਹੀਦਾ ਹੈ ਕਿ ਉਹ ਗੁਰੂ ਨਾਨਕ ਸਾਹਿਬ ਅਤੇ ਬਾਕੀ ਦੇ ਗੁਰੂ ਸਾਹਿਬਾਨ ਵਿਚ ਯਕੀਨ ਰੱਖਣ। ਚਹੁੰ ਵਰਨਾਂ ਨੂੰ ਅੰਮ੍ਰਿਤ ਛਕਾਉਣਾ ਚਾਹੀਦਾ ਹੈ ਅਤੇ ਇਕ ਦੂਜੇ ਤੋਂ ਘਿਰਨਾ ਨਹੀਂ ਕਰਨੀ ਚਾਹੀਦੀ। (A Short History of the Sikhs, Teja singh & Ganda Singh).

ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸਿੰਘਾਂ ਨੂੰ ਪੰਜ ਕਕਾਰ ਰੱਖਣ ਦੀ ਆਗਿਆ ਕੀਤੀ। ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਕੇਸ - ਵੈਸੇ ਤੇ ਇਸ ਰਸਮ ਤੋਂ ਪਹਿਲਾਂ ਹੀ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਹੋਏ ਸਨ ਕਿ ਉਹਨਾਂ ਦਾ ਕੋਈ ਮੁਰੀਦ ਆਪਣੇ ਤਨ ਦਾ ਕੋਈ ਵਾਲ ਨਾ ਕਟਵਾਏ। ਪਰ ਅੱਜ ਤੋਂ ਇਨ੍ਹਾਂ ਨੂੰ ਸਾਬਤ ਰਖਣ ਦੀ ਹੋਰ ਤਾੜਨਾ ਕੀਤੀ।

ਕੇਸ ਪਵਿਤਰਤਾ ਦਾ ਚਿੰਨ ਹਨ। ਇਸੇ ਕਰਕੇ ਸਭ ਰਿਸ਼ੀ, ਮੁਨੀ, ਅਵਤਾਰ ਆਦਿ ਸਭ ਕੇਸ ਰਖਦੇ ਆਏ ਹਨ। ਗੁਰੂ ਜੀ ਇਕ ਸਾਬਤ ਸੂਰਤ ਇਨਸਾਨ ਦੇ ਚਾਹਵਾਨ ਸਨ, ਜਿਵੇਂ ਇਹਨੂੰ ਕੁਦਰਤ ਨੇ ਆਪ ਸਾਜਿਆ ਹੈ। (ਸਾਬਤ ਸੂਰਤ ਦਸਤਾਰ ਸਿਰਾ)। ਇਹ ਕੁਦਰਤ ਦਾ ਇਕ ਅਸੂਲ ਹੈ ਕਿ ਉਹਨੇ ਇਨਸਾਨ ਦੇ

ਨਿਸ਼ਚਿਤ ਅੰਗਾਂ ਉਪਰ ਵਾਲ ਉਗਾਏ ਹਨ। ਜੇਕਰ ਇਨ੍ਹਾਂ ਦੀ ਲੋੜ ਨਾ ਹੁੰਦੀ ਤਾਂ ਕੁਦਰਤ ਨੇ ਹੀ ਇਹ ਨਹੀਂ ਸੀ ਪੈਦਾ ਕਰਨੇ। ਇਹ ਤਾਂ ਸਾਡੇ ਸਾਹਮਣੇ ਹੀ ਹੈ ਕਿ ਜਦੋਂ ਵੀ ਵਾਲ ਕੱਟੇ ਜਾਣ, ਉਹ ਹੋਰ ਉਗ ਪੈਂਦੇ ਹਨ ਅਤੇ ਨਿਸ਼ਚਿਤ ਲੰਬਾਈ ਤਕ ਪੁਜ ਕੇ ਹੀ ਹੋਰ ਵਧਣਾ ਬੰਦ ਹੋ ਜਾਂਦੇ ਹਨ। ਜਿਨ੍ਹਾਂ ਕੇਸਾਂ ਦੀ ਹੋਰ ਲੋੜ ਨਹੀਂ ਹੁੰਦੀ ਜਾਂ ਕੰਮ ਦੇ ਨਹੀਂ ਰਹਿੰਦੇ, ਉਹ ਆਪਣੇ ਆਪ ਹੀ ਜਾਂ ਕੰਘਾ ਕਰਨ ਨਾਲ ਨਿਕਲ ਜਾਂ ਝੜ ਜਾਂਦੇ ਹਨ।

ਵੇਖਿਆ ਜਾਏ ਤਾਂ ਦੂਜੇ ਧਰਮਾਂ ਵਿਚ ਕੇਸ ਕਟਵਾਉਣਾ ਉਸ ਵਿਅਕਤੀ ਦੇ ਦੁਨੀਆਂ ਤਿਆਗਣ ਦਾ ਸੂਚਕ ਹੁੰਦਾ ਹੈ, ਜੋ ਕਿ ਸਿੱਖ ਧਰਮ ਵਿਚ ਲਾਗੂ ਨਹੀਂ ਹੈ। ਸਿੱਖ ਧਰਮ ਅਨੁਸਾਰ ਤਾਂ ਗ੍ਰਹਿਸਤ ਸਭ ਤੋਂ ਉਤਮ ਮੰਨਿਆ ਗਿਆ ਹੈ। ਇਹਨੂੰ ਦੁਨੀਆਂ ਤਿਆਗਣ ਦੀ ਲੋੜ ਨਹੀਂ। ਭਾਰਤ ਵਿਚ ਕਈ ਧਰਮਾਂ ਵਿਚ ਵਿਧਵਾ ਹੋਣ ਉਪਰੰਤ ਇਸਤਰੀ ਨੂੰ ਆਪਣੇ ਸਿਰ ਦੇ ਵਾਲ ਕਟਵਾਣੇ ਪੈਂਦੇ ਹਨ। ਪਰ ਸਿੱਖ ਜੀਵ ਤੇ ਵਿਧਵਾ ਹੁੰਦਾ ਹੀ ਨਹੀਂ, ਕਿਉਂਕਿ ਉਸਦਾ ਪਤੀ ਪਰਮੇਸ਼ਵਰ ਤੇ ਸਦਾ ਜੀਵਤ ਰਹਿੰਦਾ ਹੈ।

ਪ੍ਰ: ਪੈਲਿਗਰੀਨੀ ਅਨੁਸਾਰ, ਕੇਸਾਂ ਦਾ ਹੋਣਾ 'ਪੁਰਸ਼ ਦੇ ਮਰਦਊਪੁਣੇ, ਸੁਤੰਤਰਤਾ, ਨਿਜ-ਵਿਸ਼ਵਾਸ਼, ਬਹਾਦਰੀ, ਖੁਲ੍ਹੇਪਨ (ਖੁਲਾਸਾ ਸੁਭਾਅ) ਅਤੇ ਮੇਹਨਤੀ ਹੋਣ ਦਾ ਸੂਚਕ ਹਨ। ਇਹ ਦਰਸਾਉਂਦੇ ਹਨ ਕਿ ਸਿੱਖ ਇਕ ਨਿਡਰ, ਸਵਤੰਤਰ, ਸਵੈ-ਭਰੋਸੇ, ਉਚੇ ਆਚਰਨ ਅਤੇ ਅਸੂਲਾਂ ਦਾ ਧਾਰਨੀ ਹੈ। ਪਰ ਸਿੱਖਾਂ ਲਈ ਮਹੱਤਵ ਦੀ ਗੱਲ ਇਹ ਹੈ ਕਿ ਇਹ ਉਨ੍ਹਾਂ ਦੇ ਗੁਰੂ ਜੀ ਦੀ ਆਗਿਆ ਹੈ। ਇਹ ਉਹਨਾਂ ਦੀ ਮੋਹਰ ਹੈ। 25 ਜੂਨ 1699 ਈ: ਦੇ ਹੁਕਮਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਲਿਖਿਆ ਸੀ - 'ਤੁਸੀਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰਖਣੇ, ਇਹ ਅਸਾਡੀ ਮੁਹਰ ਨੇ। (ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਦੇ ਟਰੈਕਟ ਨੰ: 81, ਮਿਤੀ ਅਪ੍ਰੈਲ 1971 ਵਿਚੋਂ ਲਿਆ ਗਿਆ ਹੈ।) ਇਹ ਉਸ ਸੁਸਾਇਟੀ ਦਾ ਅੰਗ ਹੈ ਜਿਸ ਵਿਚ ਕਿ ਉਹ ਵਿਅਕਤੀ ਸ਼ਾਮਿਲ ਹੈ। ਇਹ ਉਸਦੀ ਨਿਸ਼ਾਨੀ ਹੈ ਅਤੇ ਇਸ ਕਾਰਨ ਉਹ ਦੂਰੋਂ ਹੀ ਵੇਖਿਆ ਪਛਾਣਿਆ ਜਾਂਦਾ ਹੈ।

ਧਾਰਮਿਕ ਤੌਰ ਤੇ ਕਿਸੇ ਜਾਣ-ਪਛਾਣ ਕਰਵਾਉਣ ਦਾ ਮੁਥਾਜੀ ਨਹੀਂ ਹੈ। ਇਹ ਇਕ 'ਕੱਕਾ' ਹੀ ਪੰਜਾਂ ਕਕਾਰਾਂ ਵਿਚ ਸਭ ਤੋਂ ਚੋਖੀ ਅਹਿਮੀਅਤ ਰਖਦਾ ਹੈ। ਇਸ ਬਾਰੇ ਭਾਈ ਨੰਦ ਲਾਲ ਜੀ ਲਿਖਦੇ ਹਨ -

*ਨਿਸ਼ਾਨੇ ਸਿੱਖੀ ਅਸਤ ਈਂ ਪੰਜ ਹਰਫ ਕਾਫ।*
*ਹਰਗਿਜ਼ ਨਾ ਬਾਸ਼ਦ ਈਂ ਅਜ਼ੀਂ ਪੰਜ ਮੁਆਫ।*
*ਕੜਾ, ਕਾਰਦੋ, ਕੱਛ, ਕੰਘਾਂ ਬਿਦਾਂ।*
*ਬਿਨਾਂ ਕੇਸ ਹੇਚ ਅਸਤ ਜੁਮਲਾ ਨਿਸ਼ਾਂ।*

(ਭਾਵ ਸਿਖੀ ਦੀ ਪ੍ਰਤੱਖ ਨਿਸ਼ਾਨੀ ਪੰਜ ਕੱਕੇ ਅਖਰ ਹਨ। ਇਨ੍ਹਾਂ ਤੋਂ ਬਿਨਾਂ ਸਿੱਖ ਨਹੀਂ ਕਿਹਾ ਜਾ ਸਕਦਾ। ਕੜਾ, ਕਿਰਪਾਨ, ਕੱਛਾ ਤੇ ਕੇਸਾਂ ਤੋਂ ਬਗੈਰ ਦੂਜੇ ਨਿਸ਼ਾਨ ਮਜਮੂਈ (ਇਕੱਠਿਆਂ) ਤੌਰ ਤੇ ਹੇਚ ਹਨ।)

ਰਾਬਰਟ ਟਰੰਬੁਧ ਆਪਣੀ ਪੁਸਤਕ 'As I see India' ਵਿਚ ਲਿਖਦਾ ਹੈ ਕਿ ਪੱਛਮੀ ਦੇਸਾਂ ਵਿਚ ਹਿੰਦੁਸਤਾਨੀ ਦਾ ਸੂਚਕ ਇਕ ਦਾੜ੍ਹੀ ਵਾਲਾ, ਦਸਤਾਰ ਸਜਾਈ ਸਿੱਖ ਹੁੰਦਾ ਹੈ; ਸ਼ਾਇਦ ਏਸ ਲਈ ਕਿ ਸਿੱਖ ਹਰ ਥਾਂ ਗਏ ਹਨ ਅਤੇ ਇਕ ਦਮ ਹੀ ਪਛਾਣੇ ਜਾਂਦੇ ਹਨ ਕਿ ਇਹ ਭਾਰਤ ਤੋਂ ਆਏ ਹਨ। ਅਸਲ ਵਿਚ ਇਹ ਇਕ ਨਿੱਕੀ ਜਿਹੀ ਅਕਲੀਅਤ ਹਨ ਅਤੇ ਭਾਰਤ ਵਿਚ ਈਸਾਈ ਲੋਗ ਇਨ੍ਹਾਂ ਤੋਂ ਡਿਓੜੇ ਹਨ ਪਰ ਇਨ੍ਹਾਂ ਨੇ ਆਪਣੀ ਲਿਆਕਤ ਅਤੇ ਮਿਹਨਤ ਸਦਕਾ ਆਪਣੇ ਆਪ ਨੂੰ ਭਾਰਤ ਵਿਚ ਤਾਕਤਵਰ ਅਤੇ ਉਘੇ ਬਣਾ ਲਿਆ ਹੈ। ਇਸ ਤੋਂ ਇਲਾਵਾ ਉਹ ਆਪਣੇ ਪਹਿਰਾਵੇ ਕਾਰਨ ਭਾਰਤ ਵਿਚ ਹੀ ਨਹੀਂ, ਬਲਕਿ ਬਾਕੀ ਦੀ ਦੁਨੀਆਂ ਵਿਚ ਵੀ ਝੱਟ ਪਛਾਣੇ ਜਾਂਦੇ ਹਨ। (ਸਫਾ 31, ਜਟਾ ਜੂਟ ਰਹਿਬੋ ਅਨੁਰਾਗਹੁ (ਗੁਰ ਬਿਲਾਸੁ, ਸੁਖਾ ਸਿੰਘ, ਸਫਾ 108)।

ਕੇਸ ਇਨਸਾਨ ਨੂੰ ਅਣਖੀਲਾ ਬਣਾਉਂਦੇ ਹਨ। ਮਿਸਾਲ ਵਜੋਂ ਇਕ ਕੇਸਾਧਾਰੀ ਸਿੱਖ ਮੰਗਣ ਵੇਲੇ ਝਿਜਕੇਗਾ, ਸ਼ਰਮਾਏਗਾ। ਇਸੇ ਲਈ ਇਸ ਧਰਮ ਵਿਚ ਮੰਗਤਿਆਂ ਦਾ ਕੋਈ ਸਥਾਨ ਨਹੀਂ ਹੈ।

ਕੁਦਰਤ ਨੇ ਇਨਸਾਨ ਦੇ ਸਰੀਰ ਤੇ ਜਿਥੇ ਜ਼ਰੂਰਤ ਸਮਝੀ, ਵਾਲ ਉਗਾ ਦਿਤੇ। ਵੇਖੋ, ਔਰਤ ਦੀ ਦਾੜ੍ਹੀ ਮੁਛ ਨਹੀਂ ਹੁੰਦੇ। ਕਈ ਵਾਰੀ ਸੁਣਿਆ ਗਿਆ ਹੈ 'ਮੂੰਹ ਤੇ ਦਾੜ੍ਹੀ ਆਈ ਏ, ਸਿਆਣਾ ਬਣ।' 'ਅਣਦਾੜ੍ਹੀਏ ਦਾ ਕੀ ਭਰੋਸਾ'। ਲਾਰਡ ਕਰਜਨ ਨੇ ਜਦੋਂ ਆਪਣੀਆਂ ਮੁੱਛਾਂ ਮੁੰਡਵਾਂ ਦਿਤੀਆਂ ਤਾਂ ਇਕ ਸ਼ਾਇਰ ਨੇ ਲਿਖਿਆ ਸੀ - 'ਲਾਰਡ ਕਰਜਨ ਨੇ ਦੁਨੀਆਂ ਕੋ ਦੀਆ ਕਰ ਜ਼ਨ।' (ਫਾਰਸੀ ਵਿਚ 'ਜ਼ਨ' ਔਰਤ ਨੂੰ ਕਹਿੰਦੇ ਨੇ।)

ਟਾਇਨਬੀ ਇਕ ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਨੂੰ ਕਿਸੇ ਪਾਰਟੀ ਵਿਚ ਇਕ ਅਮਰੀਕਨ ਔਰਤ ਨੇ ਪੁਛਿਆ ਕਿ ਤੁਸੀਂ ਸੰਸਾਰ ਦਾ ਇਤਿਹਾਸ ਲਿਖਿਆ ਹੈ, ਹਰ ਫਿਰਕੇ ਅਤੇ ਜ਼ਾਤ ਦੇ ਵਿਅਕਤੀਆਂ ਨੂੰ ਮਿਲੇ ਹੋ, ਉਨ੍ਹਾਂ ਦੀਆਂ ਰਹੁ-ਰੀਤਾਂ ਅਤੇ ਧਾਰਮਿਕ ਫਲਸਫੇ ਬਾਰੇ ਪੌਣ-ਛਾਣ ਕੀਤੀ ਹੈ। ਕੀ ਤੁਸੀਂ ਆਪਣੇ ਇਸ ਤਜਰਬੇ ਤੋਂ ਦਸ ਸਕਦੇ ਹੋ ਕਿ ਦੁਨੀਆਂ ਵਿਚ ਸਭ ਤੋਂ ਸੁਹਣਾ ਮਨੁੱਖ ਕੌਣ ਹੈ? ਟਾਇਨਬੀ ਨੇ ਝਟ ਜੁਆਬ ਦਿਤਾ ਕਿ 'ਖੁਲ੍ਹੀ ਦਾੜ੍ਹੀ ਵਾਲਾ ਪੂਰਨ ਸਿੱਖ।'

ਇਹ ਸੁਣ ਉਹ ਔਰਤ ਬੜੀ ਹੈਰਾਨ ਹੋਈ ਅਤੇ ਇਕ ਹੋਰ ਸੁਆਲ ਪੁਛਿਆ ਕਿ ਦੁਨੀਆਂ ਵਿਚ ਸਭ ਤੋਂ ਬਦਸੂਰਤ ਇਨਸਾਨ ਕੌਣ ਹੈ? ਤਾਂ ਟਾਇਨਬੀ ਨੇ ਜੁਆਬ ਦਿਤਾ ਕਿ 'ਉਹ ਸਿੱਖ, ਜਿਸ ਨੇ ਦਾੜ੍ਹੀ ਕਤਰੀ ਹੋਵੇ।'

**ਕੰਘਾ** - ਇਹਦਾ ਸਬੰਧ ਕੇਸਾਂ ਨਾਲ ਹੈ ਅਤੇ ਇਹਨਾਂ ਨੂੰ ਸਾਫ ਸੁਥਰੇ ਰਖਣ ਲਈ ਵਰਤਿਆ ਜਾਂਦਾ ਹੈ। ਸਿੱਖ ਨੂੰ ਆਪਣੇ ਕੇਸਾਂ ਨੂੰ ਰੋਜ਼ ਦੋ ਵੇਲੇ - ਸਵੇਰੇ ਅਤੇ ਸ਼ਾਮ - ਕੰਘਾ ਵਾਹੁਣਾ ਚਾਹੀਦਾ ਹੈ। ਹਰ ਇਕ ਸਿੱਖ ਮਰਦ ਅਤੇ ਔਰਤ ਨੂੰ ਆਪਣਾ ਵਖਰਾ ਕੰਘਾ ਰਖਣਾ ਚਾਹੀਦਾ ਹੈ। ਇਸ ਤਰ੍ਹਾਂ ਵਾਲਾਂ ਦੀਆਂ ਬੀਮਾਰੀਆਂ ਇਕ ਤੋਂ ਦੂਜੇ ਵਿਅਕਤੀ ਨੂੰ ਨਹੀਂ ਫੈਲਦੀਆਂ।

**ਕੜਾ** - ਲੋਹੇ ਦਾ ਬਣਿਆ ਕੜਾ ਸੱਜੀ ਬਾਂਹ ਤੇ ਪਾਇਆ ਜਾਂਦਾ ਹੈ। ਇਹ ਖਾਲਸੇ ਨੂੰ ਯਾਦ ਦਿਵਾਉਂਦਾ ਹੈ ਕਿ ਉਹਨੇ ਅੰਮ੍ਰਿਤ ਛਕਣ ਵੇਲੇ ਜੋ ਪ੍ਰਣ ਕੀਤੇ ਹੋਏ ਹਨ, ਉਹ ਪੂਰੇ ਕਰਨੇ ਹਨ ਅਤੇ (ਦੋਵੇਂ) ਹੱਥ ਹਮੇਸ਼ਾਂ ਚੰਗੇ ਕੰਮ ਲਈ ਹੀ

ਵਰਤਣੇ ਹਨ। ਇਹ ਦ੍ਰਿੜ੍ਹਤਾ ਅਤੇ ਸੰਜਮ ਦਾ ਵੀ ਸੂਚਕ ਹੈ। ਪ੍ਰੋਫੈਸਰ ਪੂਰਨ ਸਿੰਘ ਲਿਖਦਾ ਹੈ ਕਿ ਜਦੋਂ ਮੈਂ ਆਪਣੀ ਬਾਂਹ ਉਤਾਂਹ ਹਵਾ ਵਿਚ ਉਲਾਰਦਾ ਹਾਂ ਤਾਂ ਲੋਹੇ ਦਾ ਕੜਾ ਚਮਕਦਾ ਹੈ। ਮੈਨੂੰ ਉਹਦੀ (ਗੁਰੂ ਸਾਹਿਬ ਦੀ) ਉਸ ਬਾਂਹ ਦਾ ਖਿਆਲ ਆ ਜਾਂਦਾ ਹੈ ਜਿਸ ਵਿਚ ਕਿ ਉਹਨੇ ਕੜਾ ਪਾਇਆ ਹੋਇਆ ਸੀ। ਕੀ ਇਸ ਲੋਹੇ ਦੇ ਕੜੇ ਦੀ ਅਜੀਬ ਚਮਕ ਇਹ ਨਹੀਂ ਦਰਸਾਉਂਦੀ ਕਿ ਇਹ ਬਾਂਹ ਵੀ ਉਹਦੀ ਹੈ? (The Spirit Born People, Puran Singh, Reprint 1970, P. 112) 'ਕਛਹਿਰਾ ਜਤ ਦਾ ਚਿੰਨ, ਅਤੇ ਕੜਾ ਇਸ ਗੱਲ ਦਾ ਚਿੰਨ ਹੈ ਕਿ ਆਪਣੇ ਹਕ ਤੋਂ ਬਿਨਾਂ ਪਰਾਏ ਦਰਬ ਨੂੰ ਹੱਥ ਨਾ ਲਾਵੇ।' 'ਗੁਰਮਤਿ ਨਿਰਨਯ, ਡਾ. ਭਾਈ ਜੋਧ ਸਿੰਘ, ਪੰਨਾ - 295) ਅੱਜਕਲ ਸੋਨੇ ਦੇ ਕੜੇ ਦੇ ਵਰਤਣ ਦਾ ਰਿਵਾਜ ਪੈ ਗਿਆ ਹੈ, ਜੋ ਕਿ ਸਿੱਖੀ ਸਿਧਾਂਤਾਂ ਦੇ ਅਨੁਕੂਲ ਨਹੀਂ। ਕੜਾ ਲੋਹੇ ਦਾ ਹੀ ਹੋਣਾ ਚਾਹੀਦਾ ਹੈ ਅਤੇ ਸਿਧਾਂਤ ਵਿਚ ਫੈਸ਼ਨ ਨਹੀਂ ਘਸੋੜਨਾ ਚਾਹੀਦਾ। ਲੋਹੇ ਦਾ ਇਕ ਹੋਰ ਫਾਇਦਾ ਵੀ ਹੈ; ਵਿਸ਼ਵਾਸ਼ ਹੈ ਕਿ ਲੋਹਾ ਭੂਤ-ਪਰੇਤਾਂ ਤੋਂ ਬਚਾ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਾਫ ਲਿਖਿਆ ਹੈ -

*ਸਰਬ ਲੋਹ ਕੀ ਰੱਛਾ ਹਮਨੇ।*

*ਮਹਾਂ ਲੋਹ ਮੈ ਕਿੰਕਰ ਥਾਰੋ।*

**ਕਛਹਿਰਾ** - ਇਹ ਜਤਿ ਦਾ ਚਿੰਨ੍ਹ ਹੈ। ਧੋਤੀ ਦੀ ਥਾਂ ਕਛਹਿਰਾ ਵਰਤਣ ਦੀ ਆਗਿਆ ਕੀਤੀ। ਇਹ ਜੀਵ ਨੂੰ ਹਮੇਸ਼ਾ ਲਈ ਤਿਆਰ-ਬਰ-ਤਿਆਰ ਰਖਦਾ ਹੈ, ਅਤੇ ਇਹਦੀਆਂ ਹਰਕਤਾਂ ਨੂੰ ਚੁਸਤੀ ਦੇਂਦਾ ਹੈ। ਨੰਗੇਜ਼ ਨੂੰ ਵੀ ਢਕਦਾ ਹੈ। ਅਜਕਲ ਪਛਮੀ ਨਿੱਕਰ ਨੂੰ ਲੋਕੀ ਤਰਜੀਹ ਦੇਣ ਲਗ ਪਏ ਹਨ।

**ਕਿਰਪਾਨ** - ਪੰਜਵਾਂ ਕਕਾਰ ਕਿਰਪਾਨ ਹੈ। ਕਿਰਪਾਨ ਧਾਰਨ ਦਾ ਮਤਲਬ ਹੈ - ਜ਼ੁਲਮ ਦਾ ਨਾਸ਼ ਕਰਨਾ ਅਤੇ ਮਜ਼ਲੂਮ ਦੀ ਸਹਾਇਤਾ ਕਰਨੀ। ਇਹ ਜ਼ੁਲਮ ਅਤੇ ਅਧੀਨਗੀ ਤੋਂ ਸੁਤੰਤਰਤਾ ਦਾ ਚਿੰਨ੍ਹ ਹੈ। ਪ੍ਰੋ. ਤੇਜਾ ਸਿੰਘ ਇਸਨੂੰ ਤਾਕਤ ਅਤੇ ਵੱਕਾਰ ਦਾ ਨਿਸ਼ਾਨ ਕਹਿੰਦਾ ਹੈ। ਪ੍ਰੋ. ਪੂਰਨ ਸਿੰਘ ਇਸਨੂੰ ਗੁਰੂ ਜੀ ਵਲੋਂ ਮਿਲਿਆ ਇਕ ਤੋਹਫਾ ਸਮਝਦਾ ਹੈ ਜੋ ਕਿ ਸਿੱਖ ਦੇ ਮਨ ਨੂੰ ਕਿਰਪਾਨ ਵਾਂਗੂੰ ਮਜ਼ਬੂਤ ਬਣਾਉਂਦੀ ਹੈ। ਇਸ ਵਿਚ ਗੁਰੂ ਦਾ ਪਿਆਰ ਭਰਿਆ ਪਿਆ ਹੈ। ਇਹ ਉਸ ਸ਼ਖਸ਼ੀਅਤ (personality) ਦਾ ਚਿੰਨ੍ਹ ਹੈ ਜੋ ਕਿ ਨਾ ਹਾਰ ਜਾਣਦੀ ਹੈ, ਨਾ ਹੈਰਾਨ (surprise) ਹੋ ਸਕਦੀ ਹੈ ਅਤੇ ਨਾ ਹੀ ਜਿੱਤੀ ਜਾ ਸਕਦੀ ਹੈ। ਜੋ ਪੁਰਸ਼ ਗੁਰੂ ਦੀ ਕਿਰਪਾਨ ਧਾਰਦਾ ਹੈ ਉਹ ਇਕ ਪੂਰਾ ਇਨਸਾਨ ਬਣ ਜਾਂਦਾ ਹੈ ਅਤੇ ਗੁਰੂ ਜੀ ਦੀ ਸਪਿਰਿਟ ਉਸ ਵਿਚ ਆ ਸਮਾਉਂਦੀ ਹੈ। ਭਾਈ ਨੰਦ ਲਾਲ ਜੀ ਅਨੁਸਾਰ - *'ਸਿੱਖ ਹੋਇ ਬਿਨ ਲੋਹ ਜੋ ਫਿਰੈ, ਆਵਤ ਜਾਵਤ ਜਨਮੈਂ ਮਰੈ।'*

ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਨੂੰ ਸੰਬੋਧਨ ਕਰਦਿਆਂ ਫੁਰਮਾਇਆ ਹੈ -

*ਖਗ ਖੰਡ ਬਿਹੰਡੰ, ਖਲ ਦਲ ਖੰਡੰ..............।।*

*(ਬਚਿੱਤ੍ਰ ਨਾਟਕ)*

ਭਾਵ: "ਕਿਰਪਾਨ ਦੁਸ਼ਟਾਂ ਦੇ ਟੋਟੇ ਕਰਨ ਵਾਲੀ ਹੈ। ਆਪ ਟੁਟਣ ਤੋਂ ਪਰ੍ਹੇ ਹੈ, ਮੂਰਖਾਂ ਦੇ ਇਕੱਠ ਨੂੰ ਟੋਟੇ ਕਰਨ ਵਾਲੀ ਹੈ, ਬਹੁਤ ਹੀ ਜੰਗ ਕਰਨ ਵਾਲੀ ਹੈ। ਸੂਰਮਿਆਂ, ਬਹਾਦਰਾਂ ਨੂੰ ਬਲ ਦੇਣ ਵਾਲੀ ਹੈ। ਨਾਸ਼ ਰਹਿਤ ਬਾਹਵਾਂ ਦੇ ਡੌਲਿਆਂ ਦੇ ਨਾਲ ਹੈ, ਬੜਾ ਭਾਰਾ ਪ੍ਰਕਾਸ਼ ਹੈ। ਜੋਤ ਐਨ ਬਣੀ ਠਣੀ ਟਿਕੀ ਹੋਈ ਹੈ। ਸੂਰਜ ਵਰਗੀ ਸੋਭਾ ਹੈ। ਸੰਤਾਂ ਨੂੰ ਸੁਖ ਕਰਣਹਾਰ ਹੈ, ਖੋਟੀ ਅਕਲ ਦਾ ਨਾਸ਼ ਕਰਨ ਵਾਲੀ ਹੈ, ਪਾਪਾਂ ਤੇ ਪਾਪੀਆਂ ਦਾ ਸਤਿਆਨਾਸ਼ ਕਰਦੀ ਹੈ। ਮੈਂ ਕਿਰਪਾਨ ਦੀ ਸ਼ਰਨ ਲਈ ਹੈ। ਤੇਰੀ ਜੈ ਹੋਵੇ, ਤੂੰ ਜਗਤ ਦੇ ਕਰਨ ਵਾਲੀ ਹੈਂ, ਦੁਨੀਆਂ ਨੂੰ ਦੁਖਾਂ ਤੋਂ ਬਚਾਉਣ ਵਾਲੀ ਹੈਂ, ਮੇਰੀ ਪਾਲਨਾ ਕਰਦੀ ਹੈਂ ਹੇ ਕਿਰਪਾਨ! ਤੇਰੀ ਜੈ ਹੋਵੇ।" (ਇਸ ਛੰਦ-ਬੰਦੀ ਦਾ ਉਲੱਥਾ ਗਿਆਨੀ ਬਿਸ਼ਨ ਸਿੰਘ ਜੀ ਨੇ ਕੀਤਾ ਹੈ।)

ਫੌਜ ਵਿਚ ਵੀ ਕਿਰਪਾਨ ਇਕ ਮਾਨਯੋਗ ਹਥਿਆਰ ਮਿਥਿਆ ਗਿਆ ਹੈ ਅਤੇ ਕਿਸੇ ਨੂੰ ਮਾਣ ਬਖਸ਼ਣ ਲਈ ਉਹਨੂੰ ਕਿਰਚ (ਤਲਵਾਰ) ਦਿਤੀ ਜਾਂਦੀ ਹੈ। ਤਲਵਾਰ ਨਾਲ ਖੁੱਲ੍ਹੇ ਤੌਰ ਤੇ ਯੁੱਧ ਕਰਨਾ, ਸਬੰਧਤ ਹੈ ਜਿਥੇ ਕਿ ਖੰਜਰ ਇਕ ਬੁਜ਼ਦਿਲਾਨਾ ਹਥਿਆਰ ਹੈ ਜੋ ਛੁੱਪ ਕੇ ਵਾਰ ਕਰਨ ਲਈ ਵਰਤਿਆ ਜਾਂਦਾ ਹੈ। (The Baisakhi of Guru Gobind Singh, Kapur Singh, page -139.)

ਭਾਈ ਗੁਰਦਾਸ ਦੂਜੇ ਲਿਖਦੇ ਹਨ -

*ਇਉਂ ਤੀਸਰ ਮਜ਼ਹਬ ਖਾਲਸਾ ਉਪਜਿਉ ਪਰਧਾਨਾ।*

*ਜਿਨ ਗੁਰੂ ਗੋਬਿੰਦ ਕੇ ਹੁਕਮ ਸਿਉ ਗਹਿ ਖੜਗ ਦਿਖਾਨਾ।*

ਕਕਾਰਾਂ ਦੇ ਚਿੰਨ੍ਹ, ਪ੍ਰੋ. ਪੂਰਨ ਸਿੰਘ ਮੁਤਾਬਿਕ ਇਕ ਦੂਹਲੇ (ਗੁਰੂ ਜੀ) ਵਲੋਂ ਜੀਵ (ਵਹੁਟੀ) ਨੂੰ ਤੋਹਫਾ ਹਨ। ਇਸ ਲਈ ਇਹ ਪਵਿੱਤਰ ਹਨ। ਇਸ ਵਰਦੀ (uniform) ਨੇ ਨਾ ਸਿਰਫ ਸਿੱਖਾਂ ਨੂੰ ਬ੍ਰਾਹਮਣਵਾਦ ਤੋਂ ਛੁਟਕਾਰਾ ਦੁਆਇਆ ਹੈ, ਸਗੋਂ ਇਹਨਾਂ ਨੂੰ ਇਕ ਨਵਾਂ ਜੀਵਨ ਬਖਸ਼ਿਆ ਹੈ ਜਿਸ ਵਿਚ ਕਿ ਸੇਵਾ-ਭਾਵ ਹੈ। ਜਦੋਂ ਤਕ ਖਾਲਸਾ ਨਿਆਰਾ ਰਹੇਗਾ, ਦਸ਼ਮੇਸ ਪਿਤਾ ਹਮੇਸ਼ਾ ਇਨ੍ਹਾਂ ਦੇ ਨਾਲ ਹੋਣਗੇ।

ਇਸ ਕ੍ਰਿਸ਼ਮੇ ਨੇ ਵਰਨ ਪ੍ਰਪੰਰਾ ਉਪਰ ਇਕ ਕਰਾਰੀ ਸੱਟ ਮਾਰੀ ਹੈ। ਜੇਕਰ ਇਸ ਤੇ ਸਾਰੇ ਭਾਰਤ ਵਿਚ ਅਮਲ ਹੋ ਜਾਵੇ ਤਾਂ ਛੂਤ-ਛਾਤ ਦੀ ਲਾਹਨਤ ਤੋਂ ਛੁਟਕਾਰਾ ਹੋ ਸਕਦਾ ਹੈ। ਦੂਜੇ ਇਸ ਵਿਚ ਕੌਮੀ ਅਖੰਡਤਾ ਦੀ ਵੀ ਝਲਕ ਪੈਂਦੀ ਹੈ।

*ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,*
*ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।।*
*ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ,*
*ਇਨਹੀ ਕ੍ਰਿਪਾ ਫੁਨ ਧਾਮ ਭਰੇ।।*
*ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ,*
*ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ।।*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,*
*ਨਹੀਂ ਮੋ ਸੇ ਗਰੀਬ ਕਰੋਰ ਪਰੇ।।*

# ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

*ਡਾ. ਕੁਲਦੀਪ ਸਿੰਘ*

ਮਨੁੱਖ ਨੂੰ ਦੁਨਿਆਵੀ ਜਾਂ ਰੂਹਾਨੀਅਤ ਜ਼ਿੰਦਗੀ ਦਾ ਸਫਰ ਤਹਿ ਕਰਨ ਵਾਸਤੇ ਇਕ ਤੰਦਰੁਸਤ ਨਰੋਏ ਸਰੀਰ ਦੇ ਸਾਥ ਦੀ ਲੋੜ ਹੈ। ਪਰ ਉਸਦਾ ਕਾਫੀ ਸਮਾਂ, ਤਾਕਤ ਅਤੇ ਪੈਸਾ, ਸਰੀਰ ਦੇ ਦੁਖਾਂ ਨਾਲ ਮੁਕਾਬਲਾ ਕਰਨ ਵਿਚ ਨਸ਼ਟ ਹੋ ਜਾਂਦਾ ਹੈ। ਅੱਜ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਦਮਾ, ਜੋੜਾਂ ਦਾ ਦਰਦ, ਚਿੰਤਾ, ਤਨਾਵ ਆਦਿ ਬਿਮਾਰੀਆਂ ਵਿਚ ਦਵਾਈਆਂ ਖੁਰਾਕ ਦਾ ਇਕ ਅਹਿਮ ਹਿੱਸਾ ਬਣ ਗਈਆਂ ਹਨ। ਕਈ ਵਾਰ ਭੁੱਲਿਆ ਇਨਸਾਨ ਪ੍ਰਮਾਤਮਾ ਤੇ ਵੀ ਨਰਾਜ਼ਗੀ ਪ੍ਰਗਟ ਕਰਦਾ ਹੈ ਤੇ ਇਹ ਨਹੀਂ ਜਾਣਦਾ ਕਿ ਉਸ ਨੇ ਕੰਚਨ ਦੇਹੀ ਨੂੰ ਗੁਰਮਤਿ ਤੋਂ ਉਲਟ ਚਲ ਕੇ ਮੰਦੇ ਖਿਆਲਾਂ ਨਾਲ ਖਟਾਰਾ ਜਾਂ ਖਰਾਬ ਕਰ ਲਿਆ ਹੈ।

ਹੈਰਾਨ ਹੋ ਜਾਂਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਰੋਗ ਦਾ ਕਾਰਨ ਅਤੇ ਨਿਵਾਰਣ ਦੋ ਤੁਕਾਂ ਵਿਚ ਕਰ ਦਿਤਾ ਹੈ।

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥* *ਪੰਨਾ - 135*

*ਸਰਬ ਰੋਗ ਕਾ ਅਉਖਦੁ ਨਾਮੁ॥* *ਪੰਨਾ - 274*

ਮਨੁੱਖ ਦੇ ਖਿਆਲ ਜਦੋਂ ਗੁਰਮਤਿ ਤੋਂ ਉਲਟ ਚਲਦੇ ਹਨ, ਉਸ ਵਿਚ ਵਿਕਾਰ ਪੈ ਜਾਂਦੇ ਹਨ ਜਿਵੇਂ ਨਿੰਦਿਆ, ਚੁਗਲੀ, ਈਰਖਾ, ਕਾਮ, ਕ੍ਰੋਧ, ਲੋਭ, ਮੋਹ ਆਦਿ, ਅਤੇ ਇਹ ਸਰੀਰ ਦੀ ਸਹਿਜ ਢੰਗ ਨਾਲ ਚਲ ਰਹੀ ਕ੍ਰਿਆ ਨੂੰ ਅਨਿਯਮਤ ਕਰ ਦਿੰਦੇ ਹਨ। ਇਨ੍ਹਾਂ ਵਿਕਾਰਾਂ ਕਰਕੇ ਸਰੀਰ ਵਿਚ ਕੁਝ ਰਸ, secretion, ਕੈਮੀਕਲਾਂ ਦੀ ਉਤਪਤੀ ਹੁੰਦੀ ਹੈ ਜੋ ਰੋਗ ਦਾ ਕਾਰਣ ਬਣਦੀ ਹੈ।

ਮੈਡੀਕਲ ਸਾਇੰਸ ਨੇ ਮਨੁਖ ਦੇ 90% ਰੋਗਾਂ ਦਾ ਕਾਰਨ - ਜਿਸ ਵਿਚ ਬਲੱਡ ਪ੍ਰੈਸ਼ਰ, ਸ਼ੂਗਰ, ਅਤੇ ਤੇਜ਼ਾਬ ਜ਼ਿਆਦਾ ਬਣਨਾ ਆਦਿ ਨੂੰ Psychosomatic ਦਸਿਆ ਹੈ ਜਿਸਦਾ ਭਾਵ ਉਸਦੀ ਸੋਚ, ਚਿੰਤਾ, ਗੁੱਸਾ, ਤਨਾਵ ਅਤੇ ਮਾਨਸਿਕ ਦਬਾਵ ਹੈ।

ਬਾਕੀ ਬਚ ਰਹੀਆਂ 10% ਬਿਮਾਰੀਆਂ ਨੂੰ organic disease ਕਿਹਾ ਜਾਂਦਾ ਹੈ ਜਿਸ ਵਿਚ ਰਸੌਲੀ (tumor) ਜਾਂ ਕੈਂਸਰ (cancer) ਵਰਗੇ ਰੋਗ ਸ਼ਾਮਿਲ ਹਨ। ਸਿਗਰਟ ਪੀਣ ਵਾਲਿਆਂ ਵਿਚ ਮੂੰਹ ਅਤੇ ਫੇਫੜਿਆਂ ਦਾ ਕੈਂਸਰ, ਸ਼ਰਾਬ ਪੀਣ ਵਾਲਿਆਂ ਵਿਚ ਜਿਗਰ ਦਾ ਖਰਾਬ ਹੋ ਜਾਣਾ ਆਦਿ ਵੀ ਪ੍ਰਮੇਸ਼ਰ ਤੋਂ ਭੁੱਲਣ ਨਾਲ ਜਾਂ ਗੁਰਮਤਿ ਤੋਂ ਉਲਟ ਚਲ ਕੇ ਹੁੰਦਾ ਹੈ। ਅਜਕੱਲ ਬੜਾ ਸ਼ੋਰ ਹੈ ਸਾਰੀ ਦੁਨੀਆਂ ਵਿਚ - AIDS ਦਾ, ਇਹ ਵੀ ਬਿਮਾਰੀਆਂ ਪ੍ਰਮੇਸ਼ਰ ਨੂੰ ਵਿਸਾਰਨ ਨਾਲ ਹੁੰਦੀਆਂ ਹਨ।

*ਖਸਮ ਵਿਸਾਰਿ ਕੀਏ ਰਸ ਭੋਗ॥*

*ਤਾਂ ਤਨਿ ਉਠਿ ਖਲੋਏ ਰੋਗ॥* *ਪੰਨਾ - 135*

ਮੈਡੀਕਲ ਸਾਇੰਸ ਕੋਈ ਵੀ ਹੋਵੇ - ਐਲੋਪੈਥਿਕ, ਆਯੁਰਵੈਦਿਕ ਜਾਂ ਹੋਮਿਓਪੈਥਿਕ, ਸਰੀਰ ਦੀ ਬਿਮਾਰੀ ਦੇ ਕਾਰਨ ਇਕੋ ਹਨ। ਜੇ ਕੋਈ ਫਰਕ ਹੈ ਤਾਂ ਇਲਾਜ ਕਰਨ ਦੇ ਢੰਗ ਵਿਚ। ਅਜ ਕਿਸੇ ਵੀ ਮੈਡੀਕਲ ਬਰਾਂਚ ਵਿਚ ਪੂਰਨ ਇਲਾਜ ਨਹੀਂ। ਜੇ ਹੈ ਤਾਂ ਉਹ ਆਮ ਡਾਕਟਰ ਦੀ ਸਮਝ ਵਿਚ ਨਹੀਂ ਹੈ। ਉਦਾਹਰਣ ਵਜੋਂ ਜੇ ਕਿਸੇ ਨੂੰ ਤਨਾਵ ਜਾਂ ਚਿੰਤਾ ਕਾਰਨ ਨੀਂਦ ਨਹੀਂ ਆਉਂਦੀ ਤਾਂ ਇਕ ਸਧਾਰਣ ਡਾਕਟਰ ਉਸਨੂੰ ਨੀਂਦ ਦੀ Calmpose ਜਾਂ Diazepam ਦੀ ਗੋਲੀ; ਜੇ ਫਿਰ ਨਹੀਂ ਨੀਂਦ ਆਉਂਦੀ ਤਾਂ larpose ਦੀ ਗੋਲੀ ਦੇ ਦੇਵੇਗਾ। ਪਰ ਗੋਲੀ ਤਾਂ ਇਕ ਰਾਤ ਵਾਸਤੇ ਹੈ। ਅਗਲੀ ਰਾਤ ਤਾਂ ਫਿਰ ਆਉਣੀ ਹੈ। ਇਕ ਸਪੈਸ਼ਲਿਸਟ ਡਾਕਟਰ ਉਸਨੂੰ ਨੀਂਦ ਨਾ ਆਉਣ ਦਾ ਕਾਰਣ ਚਿੰਤਾ ਸਮਝ ਕੇ Anti Depressant ਜਾਂ Tranquilizer ਦੇ ਕੇ ਉਸਦੇ ਸੋਚਣ ਦੇ ਪੱਧਰ ਨੂੰ ਘਟਾ ਦਿੰਦਾ ਹੈ ਅਤੇ ਨਤੀਜੇ ਵਜੋਂ ਉਹ ਕਮਲਾ ਜਿਹਾ ਜਾਪਦਾ ਹੈ। ਇਸ ਲਈ ਆਮ ਇਲਾਜ ਅਧੂਰਾ ਅਤੇ ਅਸਥਾਈ ਹੈ।

ਅਜ ਮੈਡੀਕਲ ਸਾਇੰਸ ਇਸ ਚਿੰਤਾ ਦੇ ਖਿਆਲਾਂ ਨੂੰ ਕੱਢਣ ਲਈ ਨਵੀਆਂ ਜੁਗਤੀਆਂ ਲੱਭ ਰਹੀ ਹੈ, ਜਿਸ ਦੇ ਵਿਚ counselling, Meditation, Hypnotharpy ਵਰਗੀਆਂ ਕ੍ਰਿਆਵਾਂ ਨੂੰ ਦੁਨੀਆਂ ਭਰ ਵਿਚ ਬੜਾ ਵਧੀਆ ਹੁਲਾਰਾ ਮਿਲ ਰਿਹਾ ਹੈ, ਪਰ ਇਹ ਸਹੂਲਤਾਂ ਬਹੁਤ ਘਟ ਗਿਣਤੀ ਦੇ ਸੈਂਟਰਾਂ ਵਿਚ ਹੋਣ ਕਰਕੇ, ਅਤੇ ਆਮ ਬੰਦੇ ਦੀ ਅਗਿਆਨਤਾ ਕਾਰਨ ਪਹੁੰਚ ਤੋਂ ਬਾਹਰ ਹਨ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਰੋਗਾਂ ਨੂੰ ਠੀਕ ਕਰਨ ਦਾ ਆਸਾਨ ਜਿਹਾ ਤਰੀਕਾ ਸੁਖਮਨੀ ਸਾਹਿਬ ਵਿਚ ਵੀ ਦੱਸਿਆ ਗਿਆ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*

*ਕਲਿ ਕਲੇਸ ਤਨਿ ਮਾਹਿ ਮਿਟਾਵਉ॥* *ਪੰਨਾ - 262*

ਨਾਮ ਪ੍ਰਮੇਸ਼ਰ ਦੀ ਯਾਦ ਨੂੰ ਅੰਦਰ ਵਸਾਉਣ ਜਾਂ ਪ੍ਰਮੇਸ਼ਰ ਨਾਲ ਜੁੜਨ ਦਾ ਇਕ ਸਾਧਨ ਹੈ। ਧਰਮ ਦੇ ਅਨੁਸ਼ਾਸ਼ਨ (ਗੁਰਮਤਿ) ਵਿਚ ਰਹਿ ਕੇ ਮਾੜੇ ਖਿਆਲਾਂ ਦਾ ਨਾਸ਼ ਹੁੰਦਾ ਹੈ ਅਤੇ ਸਰੀਰ ਵਿਚ ਹੋਣ ਵਾਲੀਆਂ ਰੋਗ ਪ੍ਰਤਿਕ੍ਰਿਆਵਾਂ ਨੂੰ ਰੋਕ ਲਗਦੀ ਹੈ।

'ਨਾਮ ਯੋਗ ਕਿਸ ਤਰ੍ਹਾਂ ਸਰੀਰ ਦੇ ਰੋਗਾਂ ਨੂੰ ਠੀਕ ਕਰਦਾ ਹੈ' ਜਾਨਣ ਲਈ ਇਹ ਜ਼ਰੂਰੀ ਹੈ ਕਿ ਕੁਦਰਤ ਨੇ ਦਿਨ ਰਾਤ ਕਿਉਂ ਬਣਾਏ? ਦਿਨ ਵਿਚ ਮਨੁੱਖ ਕਾਰੋਬਾਰ ਕਰਦਾ ਹੈ, ਉਸਦਾ ਮਨ ਕਿਸੇ ਨਾ ਕਿਸੇ ਫੁਰਨੇ ਵਿਚ ਲਗਾ ਰਹਿੰਦਾ ਹੈ ਤੇ ਦਿਮਾਗ ਵਿਚ ਜੋ ਸਰੀਰ ਦਾ 'ਕੰਟਰੋਲ ਬੌਕਸ' ਹੈ, ਉਸ ਦੇ electromagnetic field ਵਿਚ ਬੀਟਾ ਨਾਮ ਦੀਆਂ ਲਹਿਰਾਂ ਦੇ ਉਠਣ ਦਾ ਕਾਰਨ ਬਣਦਾ ਹੈ। ਇਹ ਬੀਟਾ ਲਹਿਰਾਂ ਸਰੀਰ ਦੀ ਕ੍ਰਿਆ ਨੂੰ ਹਲਚਲ ਵਿਚ ਪਾਈ ਰਖਦੀਆਂ ਹਨ, ਜਿਸ ਵਜੋਂ ਇਨਸਾਨ ਸਰੀਰਕ ਕ੍ਰਿਆ (Physical activity) ਕਰਦਾ ਹੈ।

ਰਾਤ ਨੂੰ ਸੌਣ ਲੱਗਿਆਂ ਫੁਰਨੇ ਬੰਦ ਹੋ ਜਾਂਦੇ ਹਨ ਅਤੇ ਬੀਟਾ ਲਹਿਰਾਂ ਦੀ ਗਿਣਤੀ ਘਟ ਜਾਂਦੀ ਹੈ ਅਤੇ ਉਸਦੇ ਸਰੀਰ

ਵਿਚੋਂ ਅਲਫਾ ਲਹਿਰਾਂ ਉਠਦੀਆਂ ਹਨ। ਨੀਂਦ ਕਈ ਤਰ੍ਹਾਂ ਦੀ ਹੋਣ ਕਰਕੇ 'ਸੁਪਨਿਆਂ ਵਾਲੀ (REM) ਨੀਂਦ ਵਿਚ ਜਾਂ ਗਹਰੀ (NREM) ਨੀਂਦ ਹੋਣ ਕਰਕੇ ਉਸਦੇ ਵਿਚ ਥੀਟਾ ਅਤੇ ਡੇਲਟਾ ਲਹਿਰਾਂ ਨਿਕਲਦੀਆਂ ਹਨ। (ਇਹ ਲਹਿਰਾਂ ਦੇ ਨਾਂ ਉਸਦੀ frequency ਦੇ ਆਧਾਰ ਤੇ ਰੱਖੇ ਹੋਏ ਹਨ।)

ਰਾਤ ਨੂੰ ਅਲਫਾ ਥੀਟਾ ਅਤੇ ਡੇਲਟਾ ਲਹਿਰਾਂ ਨਿਕਲਣ ਨਾਲ ਸਰੀਰ ਦੇ ਥੱਕੇ ਹੋਏ ਅੰਗਾਂ ਨੂੰ ਅਰਾਮ ਮਿਲਦਾ ਹੈ। ਇਨ੍ਹਾਂ ਅੰਗਾਂ ਵਿਚ ਇਕ ਨਵੀਂ ਜ਼ਿੰਦਗੀ ਆਉਂਦੀ ਹੈ ਕਿਉਂਕਿ ਖ਼ੂਨ ਅਤੇ ਆਕਸੀਜਨ ਸਰੀਰ ਦੀ ਘਟ ਗਤੀ-ਵਿਧੀ ਹੋਣ ਕਰਕੇ ਖੁਲ੍ਹੀ ਮਿਕਦਾਰ ਵਿਚ ਮਿਲਦੀ ਹੈ। ਇਨਸਾਨ ਨੇ ਆਪਣੀ ਜ਼ਿੰਦਗੀ ਇਤਨੀ ਤਨਾਵ ਪੂਰਕ ਬਣਾ ਲਈ ਹੈ ਜਿਸ ਨਾਲ ਉੱਠੇ ਉਹ ਆਪਣੇ ਅੰਦਰ ਮਾੜੇ ਖਿਆਲ ਡੂੰਘੇ ਲਿਜਾ ਚੁਕਿਆ ਹੈ। ਉਸਦੇ ਵਿਚਾਰ ਅਤੇ ਸੰਸਕਾਰ ਇਤਨੇ ਗਹਿਰੇ ਅਤੇ ਮਨ ਵਿਚ ਘਰ ਕਰ ਗਏ ਹਨ ਕਿ ਜੋ ਕੰਮ ਕਾਰ ਉਹ ਦਿਨ ਵਿਚ ਕਰਦਾ ਹੈ, ਉਹੀ ਕੰਮ ਰਾਤ ਨੂੰ subconscious mind ਰਾਹੀਂ ਕਰਦਾ ਰਹਿੰਦਾ ਹੈ। ਥੀਟਾ ਲਹਿਰਾਂ ਦੀ ਮਿਕਦਾਰ ਨੂੰ ਘਟਣ ਨਹੀਂ ਦਿੰਦਾ। ਨੀਂਦ ਆਉਂਦੀ ਹੈ ਪਰ ਸੁਪਨਿਆਂ ਵਾਲੀ ਜਾਂ ਖਿਆਲਾਂ ਵਾਲੀ ਜੋ ਇਸਦੇ ਸਰੀਰ ਦੇ ਅੰਗਾਂ ਨੂੰ ਥਕਾਵਟ ਪ੍ਰਦਾਨ ਕਰਦੀ ਹੈ। ਆਰਾਮ ਨਾ ਮਿਲਣ ਦੀ ਹਾਲਤ, ਵਿਚ ਸਰੀਰ ਸਵੇਰੇ ਉਠਦੇ ਵੀ ਥਕਾਨ ਅਤੇ ਦਰਦ ਨਾਲ ਭਰਿਆ ਹੁੰਦਾ ਹੈ। ਆਖਿਰ ਸਰੀਰ ਟੁਟ (break down) ਜਾਂਦਾ ਹੈ ਅਤੇ ਰੋਗੀ ਹੋ ਜਾਂਦਾ ਹੈ।

ਨਾਮ ਯੋਗ ਜਾਂ ਕਿਸੇ ਵੀ ਯੋਗ ਵਿਚ (ਯੋਗ ਪ੍ਰਮੇਸ਼ਵਰ ਨਾਲ ਜੁੜਨ ਦੀ ਕ੍ਰਿਆ ਹੈ) ਸਰੀਰ ਦੀ ਬੀਟਾ ਲਹਿਰਾਂ ਦੀ ਉਤਪਤੀ ਘਟਦੀ ਹੈ ਅਤੇ ਅਲਫਾ ਲਹਿਰਾਂ ਅਤੇ ਗਹਿਰੇ ਅਭਿਆਸ ਵਿਚ ਥੀਟਾ ਤੇ ਡੇਲਟਾ ਲਹਿਰਾਂ ਵਧ ਜਾਂਦੀਆਂ ਹਨ, ਜੋ ਸਰੀਰ ਨੂੰ ਸਹਿਜ ਵਿਚ ਲਿਆ ਕੇ ਹਲਚਲ ਹੋਣ ਵਾਲੀ ਸਰੀਰਕ ਪ੍ਰਤੀਕ੍ਰਿਆ ਨੂੰ ਰੋਕਦੀਆਂ ਹਨ। ਇਸ ਲਈ ਨਾਮ ਜਪਣ ਵਾਲੇ ਬਿਲਕੁਲ ਚੁਸਤ ਅਤੇ ਤਰੋਤਾਜ਼ਾ ਜਾਪਦੇ ਹਨ।

ਡਾ. ਸਵਾਮੀ ਰਾਮ ਜੀ ਨੇ ਯੋਗ ਰਾਹੀਂ ਅਮਰੀਕਾ ਵਿਚ ਸੁਚੇਤ ਅਵਸਥਾ ਵਿਚ ਰਹਿ ਕੇ ਆਪਣੇ ਸਰੀਰ ਵਿਚੋਂ ਥੀਟਾ ਅਤੇ ਡੇਲਟਾ ਲਹਿਰਾਂ ਕੱਢ ਕੇ ਰੂਹਾਨੀਅਤ ਦੇ ਇਕ ਛੋਟੇ ਜਿਹੇ ਭੇਦ ਨੂੰ scientific ਢੰਗ ਨਾਲ ਦਰਸਾ ਕੇ ਇਕ ਨਵਾਂ ਮੋੜ ਦਿਤਾ ਹੈ। ਉਨ੍ਹਾਂ ਨੇ ਆਪਣੇ autonomic nervous system ਨੂੰ ਕਾਬੂ ਵਿਚ ਦਿਖਾ ਕੇ, ਜਿਸਨੂੰ ਸਾਇੰਸ ਆਦਮੀ ਦੀ ਪਹੁੰਚ ਤੋਂ ਬਾਹਰ ਦੱਸਦੀ ਸੀ, ਦੁਨੀਆਂ ਨੂੰ ਇਹ ਦਿਖਾ ਦਿਤਾ ਹੈ ਕਿ ਜਿਥੇ ਸਾਇੰਸ ਦਾ ਬੁੱਧ ਮੰਡਲ ਖਤਮ ਹੋ ਜਾਂਦਾ ਹੈ, ਉਥੇ ਰੂਹਾਨੀਅਤ ਦਾ ਅਨੁਭਵ ਮੰਡਲ ਸ਼ੁਰੂ ਹੁੰਦਾ ਹੈ।

ਹਾਲੇ ਵੀ ਕੁਛ ਪਾਠਕਾਂ ਦੇ ਮਨਾਂ ਵਿਚ ਸ਼ੰਕੇ ਰਹਿ ਗਏ ਹੋਣਗੇ ਕਿ ਖਿਆਲ ਗ਼ਲਤ ਹੋਣ ਨਾਲ ਬਿਮਾਰੀ ਹੁੰਦੀ ਹੈ ਅਤੇ ਨਾਮ ਜਪਣ ਨਾਲ ਉਹ ਦੂਰ ਹੁੰਦੀ ਹੈ। ਅਜ ਦੇ ਇਨਸਾਨ ਦਾ ਸੋਚਣਾ ਪੁਰਾਣੀ ਮੈਡੀਕਲ ਸਾਇੰਸ ਦੀ ਤਰ੍ਹਾਂ ਹੈ ਕਿ ਬਿਮਾਰੀ ਕੀਟਾਣੂ ਤੋਂ ਹੁੰਦੀ ਹੈ। ਟੀ.ਬੀ. ਦੀ ਬਿਮਾਰੀ ਟੀ.ਬੀ. ਦੇ ਕੀਟਾਣੂਆਂ ਤੋਂ, ਤੇ ਤਪਦਿਕ ਬੁਖ਼ਾਰ ਤਪਦਿਕ ਦੇ ਕੀਟਾਣੂਆਂ ਤੋਂ ਹੁੰਦਾ ਹੈ, ਤਦੇ ਤਾਂ ਇਹ ਬਿਮਾਰ ਬੰਦੇ ਦੇ ਖ਼ੂਨ ਵਿਚ ਟੈਸਟ ਕਰਵਾਉਣ ਤੇ ਉਸਦੇ ਜਰਾਸੀਮ ਜਾਂ ਕੀਟਾਣੂ ਆਉਂਦੇ ਹਨ। ਪਰ ਉਥੇ ਇਹ ਗੱਲ ਵੀ ਸੱਚ ਹੈ ਕਿ ਕੀਟਾਣੂ ਤ੍ਰਾਂ ਸਾਰੇ ਪਾਸੇ ਭਰੇ ਹੋਏ ਹਨ। ਇਕ ਟੀ.ਬੀ. ਦਾ ਮਰੀਜ਼, ਇਕ ਵਾਰੀ ਖਾਂਸੀ ਕਰਨ ਨਾਲ ਕਈ ਲੱਖ ਕੀਟਾਣੂ ਸਾਹ ਰਾਹੀਂ ਬਾਹਰ ਕੱਢਦਾ ਹੈ ਪਰ ਬਿਮਾਰੀ ਤਾਂ ਕਿਸੇ ਕਿਸੇ ਨੂੰ ਹੁੰਦੀ ਹੈ। ਹਰ ਆਦਮੀ ਦੇ ਅੰਦਰ ਕੀਟਾਣੂ ਨਾਲ ਲੜਨ ਦੀ ਤਾਕਤ ਹੁੰਦੀ ਹੈ ਜਿਸਨੂੰ ਅਸੀਂ defence system ਜਾਂ resistance ਜਾਂ immunity system ਕਹਿੰਦੇ ਹਾਂ। ਇਹ ਅੰਦਰੂਨੀ ਤਾਕਤ, ਸ਼ੁਭ ਖਿਆਲਾਂ ਵਾਲੇ ਬੰਦਿਆਂ ਵਿਚ ਜ਼ਿਆਦਾ ਹੁੰਦੀ ਹੈ ਅਤੇ ਮਾੜੇ ਖਿਆਲਾਂ ਵਾਲੇ ਵਿਚ ਘੱਟ। ਉਦਾਹਰਣ ਵਜੋਂ ਹਮੇਸ਼ਾ ਤਣਾਵ ਵਿਚ ਰਹਿਣ ਵਾਲਾ ਬੰਦਾ ਕੁਦਰਤ ਦੇ ਬਖਸ਼ੇ ਹੋਏ emergency defence system ਜਿਸ ਵਿਚ adrenaline ਨਾਂ ਦਾ ਰਸ ਨਿਕਲਦਾ ਹੈ, ਲਗਾਤਾਰ ਵਰਤ ਕੇ ਕੋਟਾ ਖਤਮ ਕਰ ਲੈਂਦਾ ਹੈ ਅਤੇ ਥੋੜੀ ਜਿਹੀ ਮੁਸ਼ਕਲ ਆਉਣ ਤੇ ਰੋਗੀ ਹੋ ਜਾਂਦਾ ਹੈ। ਸੋ ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਮਾੜੇ ਖਿਆਲ ਬਿਮਾਰੀ ਨੂੰ ਜਨਮ ਦਿੰਦੇ ਹਨ ਅਤੇ ਮਾੜੇ ਖਿਆਲਾਂ ਦਾ ਮੁਖ ਕਾਰਨ ਗੁਰਮਤਿ ਵਿਚ ਨਾ ਰਹਿ ਕੇ ਪ੍ਰਮੇਸ਼ਵਰ ਨੂੰ ਭੁਲਣਾ ਹੈ।

(ਚਲਦਾ)

## ਵਿਰੋਧਤਾ

ਲਾਲਚ ਇਜ਼ਤ ਦਾ ਵੈਰੀ
ਝੂਠ ਧਰਮ ਦਾ ਵੈਰੀ
ਹੰਕਾਰ ਨਾਮ ਦਾ ਵੈਰੀ
ਕਾਮ ਸਰੀਰ ਦਾ ਵੈਰੀ
ਚਿੰਤਾ ਉਮਰ ਦੀ ਵੈਰਨ
ਕ੍ਰੋਧ ਅਕਲ ਦਾ ਵੈਰੀ

### ਇਕ ਥਾਂ ਨਹੀਂ ਰਹਿੰਦੇ

ਨਿਮਰਤਾ ਤੇ ਹੰਕਾਰ
ਨੇਕੀ ਤੇ ਬਦੀ
ਜਾਗਣਾ ਤੇ ਸੌਣਾ
ਸਬਰ ਤੇ ਲਾਲਚ
ਬੇਫਿਕਰੀ ਤੇ ਚਿੰਤਾ

*ਸੰਤ ਬਾਬਾ ਵਰਿਆਮ ਸਿੰਘ ਜੀ ਦੀ 15-16 ਸਾਲ ਦੀ ਉਮਰ ਵਿਚ ਲਿਖੀ ਡਾਇਰੀ ਵਿਚੋਂ।*

# ਸਿਹਤ ਵਿਗਿਆਨ

**1. ਉਸਨਤਾਪ** - ਪਿੱਤਜੁਰ, ਗਰਮੀ ਤੋਂ ਹੋਇਆ ਤਾਪ, ਪਿੱਤ ਦੇ ਵਿਕਾਰ ਤੋਂ ਹੋਇਆ ਬੁਖ਼ਾਰ, Billoius fever ਮੇਹਦੇ ਅਤੇ ਜਿਗਰ ਵਿਚ ਵਿਕਾਰ ਹੋਣ ਤੋਂ ਸਰੀਰ ਦੀ ਕੁਦਰਤੀ ਗਰਮੀ ਆਪਣੀ ਮਰਯਾਦਾ ਤੋਂ ਲੰਘ ਕੇ ਲਹੂ ਵਿਚ ਜੋਸ਼ ਪੈਦਾ ਕਰ ਦਿੰਦੀ ਹੈ। ਜਿਸ ਤੋਂ ਖ਼ੂਨ ਤਪ ਜਾਂਦਾ ਹੈ, ਨੇਤ੍ਰਾਂ ਵਿਚ ਦਾਹ ਹੁੰਦਾ ਹੈ, ਨੀਂਦ ਨਹੀਂ ਆਉਂਦੀ, ਮੂੰਹ ਕੰਠ ਨੱਕ ਵਿਚ ਸੋਜ ਅਥਵਾ ਜਲਨ ਨਾਲ ਖੁਸ਼ਕੀ ਹੁੰਦੀ ਹੈ, ਜੀ ਮਤਲਾਉਂਦਾ ਹੈ, ਮੂੰਹ ਦਾ ਸੁਆਦ ਕੌੜਾ ਹੁੰਦਾ ਹੈ, ਪੇਸ਼ਾਬ ਦਾ ਰੰਗ ਬਹੁਤ ਪੀਲਾ ਹੋ ਜਾਂਦਾ ਹੈ, ਪਿਆਸ ਬਹੁਤ ਲਗਦੀ ਹੈ ਅਤੇ ਸਿਰਪੀੜ ਹੁੰਦੀ ਹੈ।

ਇਸ ਰੋਗ ਵਿਚ ਪਹਿਲਾਂ ਕਬਜ਼ ਹਟਾਉਣ ਦਾ ਜਤਨ ਕਰਨਾ ਚਾਹੀਦੈ। ਫੇਰ ਕੜੂ, ਨਾਗਰਮੋਥਾ, ਇੰਦ੍ਰ ਜੌਂ, ਕਾਯਫਲ, ਪਾਠਾ, ਇਹ ਦਵਾਈਆਂ ਸਭ ਬਰੋਬਰ ਲੈ ਕੇ ਬਰੀਕ ਕੁੱਟ ਕੇ, ਪਾਉ ਭਰ ਪਾਣੀ ਵਿਚ ਇਕ ਤੋਲਾ ਪਾ ਕੇ ਉਬਾਲ ਲਈਏ, ਜਦ ਅੱਧਾ ਪਾਣੀ ਰਹਿ ਜਾਵੇ ਤਾਂ ਇਕ ਤੋਲਾ ਮਿਸ਼ਰੀ ਮਿਲਾ ਕੇ ਛਾਣ ਕੇ ਰੋਗੀ ਨੂੰ ਪਿਲਾਉਣ ਤੋਂ ਉਸਨਤਾਪ ਦੂਰ ਹੋ ਜਾਂਦਾ ਹੈ।

ਅਥਵਾ - ਪਿੱਤਪਾਪੜਾ, ਬਾਂਸਾ, ਕੜੂ, ਚਰਾਇਤਾ, ਧਨੀਆਂ, ਮਹਿੰਦੀ, ਇਕੋ ਜਿਤਨੀਆਂ ਕੁੱਟ ਕੇ ਸਵਾ ਤੋਲਾ ਲੈ ਕੇ ਪਾਉ ਪਾਣੀ ਵਿਚ ਉਬਾਲਾ ਦੇ ਕੇ ਅੱਧ ਪਾਣੀ ਰਹਿਣ ਤੋਂ ਤੋਲਾ ਮਿਸ਼ਰੀ ਮਿਲਾ ਕੇ ਛਾਣ ਕੇ ਪਿਆਉਣਾ ਗੁਣਕਾਰੀ ਹੈ।

ਉਸਨਤਾਪ ਵਿਚ ਸ਼ਰਬਤ ਆਲੂਬੁਖਾਰਾ, ਸ਼ਰਬਤ ਇਮਲੀ, ਸ਼ਰਬਤ ਬਨਫ਼ਸ਼ਾ ਅਤੇ ਸ਼ਰਬਤ ਨੀਲੋਫਰ ਵਰਤਣੇ ਅੱਛੇ ਹਨ, ਇਸ ਰੋਗ ਵਾਲੇ ਨੂੰ ਗਰਮ ਮਸਾਲੇ, ਗਰਮ ਆਚਾਰ ਅਤੇ ਸ਼ਰਾਬ ਆਦਿ ਤੋਂ ਬਚਣਾ ਚਾਹੀਏ, 'ਸ਼ੀਤਲ ਜੁਰ ਅਰੁ ਉਸਨਤਾਪ ਭਨ, ਛਈ ਰੋਗ ਅਰੁ ਸੰਨਿਪਤ ਗਨ।।' ਧੁੱਪ ਅਤੇ ਗਰਮੀ ਤੋਂ ਹੋਇਆ ਤਾਪ ਭੀ ਉਸ਼ਨਤਾਪ ਸਦੀਦਾ ਹੈ। (Sun-stroke)

**2. ਉਥਾਰਾ** - ਉਥਾੜੇ ਅਥਵਾ ਅਉਥਾੜੇ, ਕਾਬੂਸ, ਦਾਬੱਾ

ਇਹ ਰੋਗ ਮੇਹਦੇ ਵਿਚ ਬੋਝ ਹੋਣ ਤੋਂ ਅਤੇ ਦਿਮਾਗ ਦੀ ਕਮਜ਼ੋਰੀ ਤੋਂ ਹੁੰਦੀ ਹੈ, ਸੁਤੇ ਹੋਏ ਆਦਮੀ ਨੂੰ ਮਾਲੂਮ ਹੁੰਦਾ ਹੈ ਕਿ ਛਾਤੀ ਤੇ ਕੋਈ ਬੋਝ ਆ ਪਿਆ ਹੈ ਜਾਂ ਕਿਸੇ ਨੇ ਆ ਕੇ ਦੱਬ ਲਿਆ ਹੈ, ਸਾਹ ਰੁਕਦਾ ਮਾਲੂਮ ਹੁੰਦਾ ਹੈ, ਕਦੇ ਡਰ ਕੇ ਬੁੜਬੜਾਉਣ ਅਤੇ ਸ਼ੋਰ ਮਚਾਉਣ ਲਗਦਾ ਹੈ, ਉਥਾਰੇ ਦੇ ਰੋਗੀ ਨੂੰ ਤ੍ਰਿਵੀ (ਨਿਸੋਥ) ਦਾ ਜ਼ੁਲਾਬ ਦੇ ਕੇ ਦਿਲ ਦੀ ਤਾਕਤ ਅਤੇ ਹਾਜ਼ਮਾ ਠੀਕ ਕਰਨ ਲਈ ਦੁਵਾਈਆਂ ਵਰਤਣੀਆਂ ਚਾਹੀਏ, ਦੋ ਮਾਸੇ ਮਸਤਗੀ, ਦੋ ਮਾਸੇ ਮਿਸ਼ਰੀ ਪੀਹ ਕੇ ਗਾਂ ਜਾਂ ਬੱਕਰੀ ਦੇ ਦੁੱਧ ਨਾਲ ਸਵੇਰ ਵੇਲੇ ਫੱਕੀ ਲੈਣੀ ਗੁਣਕਾਰੀ ਹੈ, ਇਹ ਫੱਕੀ, ਬਾਦਾਮ, ਛੋਟੀ ਇਲਾਇਚੀ ਤੇ ਕਾਲੀ ਮਿਰਚਾਂ ਦੀ ਸਰਦਾਈ ਨਾਲ ਭੀ ਲਈ ਜਾ ਸਕਦੀ ਹੈ, ਰਾਤ ਨੂੰ ਸੌਣ ਵੇਲੇ ਹਰੜ ਦਾ ਮੁਰੱਬਾ ਖਾਣਾ ਚੰਗਾ ਹੈ, ਚਾਂਦੀ ਦੇ ਵਰਕ ਲਾ ਕੇ ਆਉਲੇ ਦਾ ਮੁਰੱਬਾ ਸਵੇਰ ਵੇਲੇ ਖਾਣਾ ਉਤਮ ਹੈ, ਸੰਗਤਰੇ, ਅੰਗੂਰ, ਅਨਾਰ ਆਦਿ ਫਲਾਂ ਦਾ ਸੇਵਨ ਬਹੁਤ ਅੱਛਾ ਹੈ, ਪਾਲਕ, ਮੂੰਗੀ ਦੀ ਦਾਲ, ਕੱਦੂ, ਆਦਿ ਦਾ ਸ਼ੋਰਵਾ (ਰਸਾ) ਪੱਥ ਹੈ।

ਉਥਾਰੇ ਦੇ ਰੋਗੀ ਨੂੰ ਨਸ਼ੇ ਵਾਲੀਆਂ ਚੀਜ਼ਾਂ, ਲਾਲ ਮਿਰਚਾਂ, ਗੁੜ, ਤੇਲ ਦੀਆਂ ਚੀਜ਼ਾਂ, ਮੈਥੁਨ, ਭੈ, ਕ੍ਰੋਧ ਆਦਿ ਤੋਂ ਬਚਣਾ ਚਾਹੀਏ, "ਰੇ ਜਨ! ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ।।" ਅਵਿਦਯਾ ਰੂਪ ਨੀਂਦ ਵਿਚ ਫਿਕਰਾਂ ਦੇ ਖੋਟੇ ਸੰਕਲਪ ਮਲੀਨ ਅੰਤਹੁਕਰਣ ਵਾਲਿਆਂ ਨੂੰ ਉਥਾਰੇ ਵਾਂਙ ਆ ਦਬਾਉਂਦੇ ਹਨ।

**3. ਉਦਗਾਰ** - ਡਕਾਰ ਊਰਧਵਾਤ, ਮੇਹਦੇ ਤੋਂ ਉਪਰ ਨੂੰ ਉਠੀ ਹੋਈ ਪੌਣ, ਸਾਧਾਰਣ ਡਕਾਰ ਦੁਖਦਾਈ ਨਹੀਂ, ਪਰ ਕਫ ਪਿੱਤ ਆਦਿਕ ਵਿਕਾਰਾਂ ਤੋਂ ਜੇ ਮੇਹਦੇ ਦੀ ਸ਼ਕਤੀ ਘਟ ਜਾਵੇ ਅਤੇ ਜਠਰਾਗਨਿ ਮੰਦ ਪੈ ਜਾਵੇ, ਤਦ ਡਕਾਰ ਬਹੁਤ ਆਉਣ ਲਗਦੇ ਹਨ ਅਤੇ ਰੋਗ ਰੂਪ ਹੋ ਜਾਂਦੇ ਹਨ, ਇਨ੍ਹਾਂ ਦੇ ਦੂਰ ਕਰਨ ਲਈ ਪਾਚਕ ਦਵਾਈਆਂ ਦਾ ਵਰਤਣਾ ਅਤੇ ਖਾਣ ਪੀਣ ਦਾ ਸੰਜਮ ਰੱਖਣਾ ਚਾਹੀਦਾ ਹੈ।

2. ਵਮਨ, ਡਾਕੀ, ਛਰਦ, 3. ਸੁੱਖ 4. ਦੁੱਖ. 5. ਉਬਾਲ, ਉਫਾਨ

**4. ਉਦਮਾਦ - ਉਦਮਾਤ** - ਮਸਤੀ, ਖੁਮਾਰੀ, "ਮਾਇਆ ਮਦ ਚਾਖਿ ਭਏ ਉਦਮਾਤੇ" ਮਾਇਆ ਦੇ ਨਸ਼ੇ ਵਿਚ ਉਨਮੱਤ ਹੋ ਗਏ।

2. ਦਿਮਾਗ ਦਾ ਇਕ ਰੋਗ, ਮਾਲੀਖੋਲੀਆ, ਪਾਗਲਪਣਾ, ਸ਼ੁਦਾ, ਇਹ ਰੋਗ ਗਰਮ ਖੁਸ਼ਕ ਚੀਜ਼ਾਂ ਖਾਣ, ਬਹੁਤ ਸ਼ਰਾਬ ਪੀਣ ਅਤੇ ਹੋਰ ਨਸ਼ੇ ਵਾਲੀਆਂ ਚੀਜ਼ਾਂ ਦੇ ਵਰਤਣ, ਬਹੁਤ ਮੈਥੁਨ ਬਹੁਤ ਜਾਗਣ, ਚਿੰਤਾ, ਕ੍ਰੋਧ, ਸ਼ੋਕਾਦਿ ਦੇ ਕਾਰਨ ਤੋਂ ਹੁੰਦਾ ਹੈ, ਪਰ ਕਦੇ ਕਦੇ ਬਵਾਸੀਰ ਦਾ ਲਹੂ ਬੰਦ ਹੋਣ ਤੋਂ, ਕੱਚਾ ਪਾਰਾ ਖਾਣ ਤੋਂ, ਸਿਰ ਤੇ ਸੱਟ ਲੱਗਣ ਤੋਂ, ਮਾਲੀ ਨੁਕਸਾਨ ਤੋਂ, ਸਭਾ ਵਿਚ ਅਪਮਾਨ ਹੋਣ ਤੋਂ, ਗਰਮੀ ਖੁਸ਼ਕੀ ਦੀ ਅਧਿਕਤਾ ਤੋਂ ਭੀ ਹੋ ਜਾਂਦਾ ਹੈ।

ਉਨਮਾਦ ਦਾ ਰੋਗੀ ਬਕਵਾਦ ਕਰਦਾ ਹੈ, ਸ਼ਰਮ ਤਿਆਗ ਦਿੰਦਾ ਹੈ; ਕਦੇ ਹੱਸਦਾ ਤੇ ਕਦੇ ਰੋਂਦਾ ਹੈ, ਕਿਸੇ ਦਾ ਅਦਬ ਨਹੀਂ ਕਰਦਾ, ਲੋਕਾਂ ਤੋਂ ਡਰਦਾ ਅਤੇ ਸੰਕੋਚ ਕਰਦਾ ਹੈ। ਇਹ ਰੋਗ ਬਾਲਕਾਂ ਨੂੰ ਨਹੀਂ ਹੁੰਦਾ, ਇਸਤਰੀਆਂ ਨੂੰ ਘੱਟ ਹੁੰਦਾ ਹੈ। ਜੇ ਇਸ ਰੋਗ ਦੀ ਤੁਰੰਤ ਖਬਰ ਲਈ ਜਾਵੇ ਅਤੇ ਸਿਆਣੇ ਵੈਦ ਦਾ ਇਲਾਜ ਹੋਵੇ ਤਾਂ ਆਰਾਮ ਛੇਤੀ ਹੁੰਦਾ ਹੈ, ਜੇ ਰੋਗ ਪੁਰਾਣਾ ਹੋ ਜਾਵੇ ਤਾਂ ਔਖਾ ਹਟਦਾ ਹੈ।

ਉਨਮਾਦੀ ਨੂੰ ਬਹੁਤ ਚਿੜਾਉਣਾ ਅਤੇ ਛੇੜਨਾ ਹੱਛਾ ਨਹੀਂ, ਸਗੋਂ ਉਸ ਪਾਸ ਪ੍ਰੇਮ ਦੀਆਂ ਬਾਤਾਂ, ਰਾਗ ਰੰਗ ਅਤੇ ਆਨੰਦ ਕਰਨ ਵਾਲੇ ਖੇਲ੍ਹ ਹੋਣੇ ਉਤਮ ਹਨ। ਰੋਗੀ ਨੂੰ ਦੁੱਧ, ਮੱਖਣ, ਮਲਾਈ, ਬਾਦਾਮ ਰੋਗਨ, ਹਲਕੇ ਫਲ ਅਤੇ ਹਲਕੀ ਗਿਜ਼ਾ ਦੇਣੀ ਚਾਹੀਏ, ਬਦਾਮ, ਇਲਾਇਚੀ, ਮਗਜ਼ ਕੱਦੂ ਅਤੇ ਖੀਰੇ ਦੇ ਘੋਟ ਕੇ ਮਿਸ਼ਰੀ ਨਾਲ ਮਿਲਾ ਕੇ ਸ਼ਰਦਾਈ ਦੇਣੀ ਅੱਛੀ ਹੈ। ਮੱਥੇ ਤੇ ਚੰਦਨ ਦਾ ਲੇਪ ਬਦਾਮ ਰੋਗਨ ਦੀ ਸਿਰ ਤੇ ਮਾਲਿਸ਼ ਕਰਨੀ ਗੁਣਕਾਰੀ ਹੈ। ਸੰਦਲ, ਅਨਾਰ ਅਤੇ ਨਿੰਬੂ ਦਾ ਸ਼ਰਬਤ

ਸੇਵਨ ਕਰਨਾ ਚੰਗਾ ਹੈ। ਬਚ ਦਾ ਚੂਰਨ ਇਕ ਮਾਸੇ ਤੋਂ ਤਿੰਨ ਮਾਸੇ ਤੀਕ ਸ਼ਹਿਦ ਵਿਚ ਮਿਲਾ ਕੇ ਰੋਜ਼ ਚਟਾਉਣਾ ਬਹੁਤ ਅੱਛਾ ਹੈ। ਇਸ ਰੋਗ ਵਾਲੇ ਨੂੰ ਕਦੇ ਕਬਜ਼ੀ ਨਹੀ ਹੋਣ ਦੇਣੀ ਚਾਹੀਏ, ਅਤੇ ਜਿਨ੍ਹਾਂ ਕਾਰਣਾਂ ਤੋਂ ਇਹ ਰੋਗ ਪੈਦਾ ਹੁੰਦਾ ਹੈ, ਉਨ੍ਹਾਂ ਤੋਂ ਬਹੁਤ ਪਰਹੇਜ਼ ਕਰਨਾ ਚਾਹੀਦਾ ਹੈ। ਸਿੰਧੀ ਵਿਚ ਉਦਮਾਦ ਦਾ ਅਰਥ ਚਿੰਤਾ ਅਤੇ ਫਿਕਰ ਹੈ।

5. **ਉਦਰਰੋਗ** - ਪੇਟ ਦੀ ਬੀਮਾਰੀ, ਜਦ ਮੇਹਦੇ ਦੀ ਅਗਨੀ ਮੱਠੀ ਪੈ ਜਾਂਦੀ ਹੈ, ਅਰਥਾਤ ਹਜ਼ਮ ਕਰਨ ਦੀ ਤਾਕਤ ਘਟ ਜਾਂਦੀ ਹੈ, ਤਦ ਇਹ ਰੋਗ ਹੁੰਦਾ ਹੈ। ਇਸ ਰੋਗ ਨੂੰ ਅਨੰਤ ਰੋਗਾਂ ਦਾ ਪਿਤਾ ਆਖਣਾ ਚਾਹੀਏ। ਕੋਈ ਐਸੀ ਬੀਮਾਰੀ ਨਹੀਂ ਜੋ ਮੇਹਦੇ ਦੇ ਵਿਕਾਰੀ ਹੋਣ ਤੋਂ ਨਾ ਹੋ ਸਕਦੀ ਹੋਵੇ। ਇਹ ਰੋਗ ਬਹੁਤ ਖਾਣ ਤੋਂ, ਕੁਵੇਲਾ ਖਾਣ ਤੋਂ, ਮਲ-ਮੂਤ੍ਰ, ਪਸੀਨਾ ਰੁਕਣ ਤੋਂ, ਭੁੱਖ ਵੇਲੇ ਪੀਣ ਅਤੇ ਪਿਆਸ ਵੇਲੇ ਖਾਣ ਤੋਂ, ਬਹੁਤ ਵਾਰ ਖਾਣ ਤੋਂ, ਚਿੰਤਾ ਵਿਚ ਰਹਿਣ ਤੋਂ ਅਤੇ ਬਹੁਤ ਥਕ ਜਾਣ ਤੋਂ ਹੁੰਦਾ ਹੈ।

ਉਦਰ ਰੋਗ ਤੋਂ ਅਫਾਰਾ ਹੁੰਦਾ ਹੈ, ਗੰਦੇ ਡਕਾਰ ਆਉਂਦੇ ਹਨ, ਦੁਰਗੰਧ ਭਰੀ ਹਵਾ ਸਰਦੀ ਹੈ, ਭੁੱਖ ਬੰਦ ਹੋ ਜਾਂਦੀ ਹੈ, ਕਲੇਜੇ ਤੇ ਜਲਨ ਰਹਿੰਦੀ ਹੈ, ਮੱਥਾ ਭਾਰੀ ਮਲੂਮ ਹੁੰਦਾ ਹੈ।

ਉਦਰ ਰੋਗੀ ਨੂੰ ਥੋੜਾ ਥੋੜਾ ਇਰੰਡ ਦਾ ਤੇਲ ਅਥਵਾ ਮਾਲਕੰਗਣੀ ਦਾ ਤੇਲ ਦੁਧ ਵਿਚ ਮਿਲਾ ਕੇ ਪੀਣਾ ਗੁਣਕਾਰੀ ਹੈ। ਇੰਦ੍ਰ ਜੌਂ, ਸੁਹਾਗਾ, ਭੁੰਨੀ ਹੋਈ ਹਿੰਗ, ਸੰਖ ਦੀ ਸੁਆਹ, ਚਾਰ ਚਾਰ ਮਾਸੇ, ਇਨ੍ਹਾਂ ਨੂੰ ਚੂਰਨ ਕਰਕੇ ਗਊ ਦੀ ਲੱਸੀ ਨਾਲ ਤਿੰਨ ਮਾਸੇ ਖਾਣਾ ਚੰਗਾ ਅਸਰ ਕਰਦਾ ਹੈ। ਉਦਰ ਰੋਗ ਵਾਲੇ ਨੂੰ ਸੱਠੀ ਦੇ ਚਾਉਲ, ਜੌਂ, ਮੂੰਗੀ, ਗਊ ਦਾ ਦੁਧ, ਗਊ ਦੀ ਲੱਸੀ, ਕਰੇਲਾ ਆਦਿ ਵਰਤਣਾ ਗੁਣਕਾਰੀ ਹੈ।

ਅੱਗੇ ਲਿਖਿਆ ਨਾਰਾਯਣ ਚੂਰਨ ਉਦਰ ਦੇ ਸਾਰੇ ਰੋਗ ਦੂਰ ਕਰਦਾ ਹੈ। ਚਿੱਤੇ ਦੀ ਛਿਲ, ਹਰੜ, ਬਹੇੜਾ, ਆਉਲਾ, ਮਘਾਂ, ਕਾਲੀਆਂ ਮਿਰਚਾਂ, ਸੁੰਢ, ਜੀਰਾ, ਗਊਬੇਰ, ਬਚ, ਜਵਾਇਣ, ਪਿੱਪਲਾ ਮੂਲ, ਸੌਂਫ, ਬਰ ਤੁਲਸੀ, ਅਜਮੋਦ, ਕਚੂਰ, ਧਨੀਆ, ਵਾਇੜਵਿੰਗ, ਕਲੌਂਜੀ, ਸੌਚਰ, ਬਿਡ ਅਤੇ ਸਮੁੰਦਰੀ ਲੂਣ, ਕੁੱਠ ਇਹ ਅਠਾਈ ਦਵਾਈਆਂ ਇਕ ਇਕ ਤੋਲਾ ਲੈ ਕੇ ਬਾਰੀਕ ਕੁੱਟਣੀਆਂ, ਇਨ੍ਹਾਂ ਵਿਚ ਕੋੜਤੁੰਮੇ ਦੀ ਜੜ ਦੋ ਤੋਲੇ, ਨਿਸੋਥ ਤਿੰਨ ਤੋਲੇ, ਦੰਤੀ ਤਿੰਨ ਤੋਲੇ, ਪੀਲਾ ਥੋਹਰ ਚਾਰ ਤੋਲੇ; ਇਹ ਸਭ ਕੁਟ ਛਾਣ ਕੇ ਮਿਲਾਉਣੇ, ਇਹ ਚੂਰਣ ਬਲ ਉਮਰ ਅਨੁਸਾਰ ਦੋ ਮਾਸੇ ਤੋਂ ਚਾਰ ਮਾਸੇ ਤੀਕ ਸੇਵਨ ਕੀਤਾ ਬਹੁਤ ਲਾਭਦਾਇਕ ਹੈ।

ਜਲੋਦਰ, ਲਿੱਫਾ, ਵਾਉਗੋਲਾ, ਆਦਿ ਭੀ ਉਦਰ ਰੋਗ ਸੱਦੀਦੇ ਹਨ ਇਨ੍ਹਾਂ ਨੂੰ ਭੀ ਨਾਰਾਯਣ ਚੂਰਣ ਗੁਣਕਾਰੀ ਹੈ।

6. **ਉਮਰਥਲ** - ਗਰਮ ਸਥਲ ਦਾ ਆਮਯ - ਅੰਤਰ ਵ੍ਰਿਦਧਿ, ਅੰਤੜੀ ਦਾ ਫੋੜਾ, ਅੰਦਰ ਦਾ ਫੋੜਾ, ਖਾਣ ਪੀਣ ਦਾ ਸੰਜਮ ਨਾ ਕਰਨ ਤੋਂ, ਸ਼ਰਾਬ ਆਦਿਕ ਨਸ਼ਿਆਂ ਦੇ ਸੇਵਨ ਤੋਂ ਸਰੀਰ ਦੇ ਖਿਲਤ ਵਿਗੜ ਜਾਂਦੇ ਹਨ, ਜਿਸ ਤੋਂ ਲਹੂ ਵਿਚ ਵਿਕਾਰ ਹੋ ਕੇ ਅੰਦਰਲੇ ਅੰਗਾਂ ਦੀਆਂ ਗਿਲਟੀਆਂ ਵਿਚ ਸੋਜ ਪੈਦਾ ਹੋ ਜਾਂਦੀ ਹੈ। ਇਹ ਸੋਜ ਫੋੜਾ ਬਣ ਕੇ ਭਾਰੀ ਦੁੱਖ ਦਿੰਦੀ ਹੈ। ਹੌਲੀ ਹੌਲੀ ਪੀਪ ਪੈ ਜਾਂਦੀ ਹੈ। ਇਹ ਵਿਦਧਿ ਮੇਹਦੇ, ਨਾਭੀ, ਪੇਡੂ, ਜਿਗਰ, ਗੁਰਦੇ, ਤਿੱਲੀ ਆਦਿ ਵਿਚ ਹੋ ਕੇ ਭਾਰੀ ਦੁੱਖ ਦੇਂਦੀ ਹੈ। ਹਰ ਵੇਲੇ ਚੀਸ ਪੈਂਦੀ ਹੈ, ਨੀਂਦ ਨਹੀਂ ਆਉਂਦੀ।

ਇਸ ਦਾ ਸਭ ਤੋਂ ਚੰਗਾ ਉਪਾਉ ਇਹ ਹੈ ਕਿ ਸਿਆਣੇ ਡਾਕਟਰ ਤੋਂ ਫੋੜਾ ਚਿਰਵਾਇਆ ਜਾਵੇ ਅਤੇ ਲਹੂ ਸਾਫ ਕਰਨ ਵਾਲੀ ਅਤੇ ਕਬਜ਼ਕੁਸ਼ਾ ਦਵਾ ਵਰਤੀ ਜਾਵੇ। ਗਿਜਾ ਹਲਕੀ ਅਤੇ ਤਾਕਤ ਦੇਣ ਵਾਲੀ ਦੇਣੀ ਚਾਹੀਏ। ਹਰੜ ਅਤੇ ਸੁਹਾਂਜਣੇ ਦਾ ਰਸ ਪੀਣਾ ਬਹੁਤ ਗੁਣਕਾਰੀ ਹੈ - 'ਜਿਨਾਂ ਅੰਦਰ ਉਮਰਥਲ ਸੇਈ ਜਾਣਨਿ ਸੂਲੀਆਂ'।

ਇਸ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਉਮਰਥਲ ਦੀ ਚੀਸ ਨੂੰ ਰੋਗੀ ਹੀ ਜਾਣਦਾ ਹੈ, ਇਸੇ ਤਰ੍ਹਾਂ ਜਿਨ੍ਹਾਂ ਅੰਦਰ ਬਿਰਹਾ ਦੀ ਪੀੜ ਹੈ, ਉਸਨੂੰ ਬਿਰਹੀ ਹੀ ਅਨੁਭਵ ਕਰਦਾ ਹੈ।


7. **ਉੱਲ** - ਕਵੀ ਪੰਜਾਬੀ ਸਿਰਪੀੜਾਂ ਅਤੇ ਭੌਹਾਂ ਵਿਚ ਹੋਏ ਦਰਦ ਨੂੰ ਉੱਲ ਸਮਝਦੇ ਹਨ, ਪਰ ਉੱਲ ਨੇਤ੍ਰ ਰੋਗ ਦਾ ਇਕ ਭੇਦ ਹੈ, ਜਿਸ ਦਾ ਤਿੱਬੀ ਨਾਉਂ ਖੁਜਰਭੁਲ ਐਨ, ਡਾਕਟਰੀ Glaucoma ਅਤੇ ਪ੍ਰਸਿੱਧ ਨਾਉਂ 'ਸਬਜ਼ ਮੋਤੀਆਬਿੰਦ ਹੈ'।

ਜਦ ਅੱਖ ਦੀ ਧੀਰੀ ਵਿਚ ਰਤੂਬਤ ਅਧਿਕ ਪੈਦਾ ਹੁੰਦੀ ਹੈ ਤੇ ਰਜਦੀ ਘੱਟ ਹੈ, ਅਥਵਾ ਨੇਤ੍ਰ ਵਿਚ ਨਾਸੂਰ ਹੋ ਜਾਂਦਾ ਹੈ, ਜਾਂ ਅੱਖ ਦਾ ਮੋਤੀ ਕਿਸੇ ਸਦਮੇ ਕਰਕੇ ਠਿਕਾਣਿਓ ਹਿਲ ਜਾਂਦਾ ਹੈ, ਤਦ ਅੱਖ ਅੱਗੇ ਅੰਧੇਰਾ ਆਉਣ ਲਗਦਾ ਹੈ, ਡੇਲਾ ਕਰੜਾ ਹੋ ਜਾਂਦਾ ਹੈ, ਅੱਖ ਅਤੇ ਪੁੜਪੁੜੀ ਵਿਚ ਬੜੀ ਪੀੜ ਹੁੰਦੀ ਹੈ ਅਤੇ ਡੇਲੇ ਦੀ ਰੰਗਤ ਸੁਰਖ ਹੋ ਜਾਂਦੀ ਹੈ, ਦੀਵੇ ਦੇ ਚੁਫੇਰੇ ਲਾਲ ਘੇਰਾ ਨਜ਼ਰ ਪੈਂਦਾ ਹੈ ਅਤੇ ਜੜ੍ਹ ਜੇਹੀ ਹੋ ਜਾਂਦੀ ਹੈ। ਇਸ ਰੋਗ ਵਿਚ ਹਲਕਾ ਜੁਲਾਬ ਦੇਣਾ, ਪੁੜਪੁੜੀ ਤੇ ਜੋਕਾਂ ਲਾਉਣੀਆਂ ਅਥਵਾ ਮਾਰਫੀਏ ਦੀ ਪਿਚਕਾਰੀ ਕਰਨੀ ਲਾਭਦਾਇਕ ਹੈ, ਪਰ ਸਭ ਤੋਂ ਚੰਗਾ ਇਹ ਹੈ ਕਿ ਕਿਸੇ ਲਾਇਕ ਡਾਕਟਰ ਤੋਂ ਅੱਖ ਦੇ ਅੰਬੀਆ ਪਰਦੇ ਦਾ ਉਪਰੇਸ਼ਨ ਕਰਵਾ ਦਿਤਾ ਜਾਵੇ, ਇਸ ਤੋਂ ਦਰਦ ਹਟ ਜਾਂਦਾ ਹੈ ਅਤੇ ਅੱਖ ਦੀ ਬਾਕੀ ਨਜ਼ਰ ਬਚ ਜਾਂਦੀ ਹੈ -


ਉੱਲ ਦੇ ਰੋਗੀ ਨੂੰ ਅਚਾਰ, ਚਟਨੀਆਂ, ਗਰਮ ਮਸਾਲੇ ਮੈਥੁਨ ਧੁੱਪ ਵਿਚ ਫਿਰਨਾ ਅਤੇ ਸ਼ਰਾਬ ਆਦਿਕ ਤੋਂ ਬਹੁਤ ਬਚਣਾ ਲੋੜਦੈ, ਨਰਮ ਹਲਕੀ ਗਿਜਾ ਅਤੇ ਦੁੱਧ ਪੀਣਾ ਅੱਛਾ ਹੈ, ਜਦ ਅੰਤੜੀ ਵਿਚ ਥੋੜੀ ਮੈਲ ਭੀ ਰੁਕੇ, ਉਸ ਦੇ ਤੁਰੰਤ ਖਾਰਿਜ ਕਰਨ ਦਾ ਜਤਨ ਕਰਨਾ ਚਾਹੀਦਾ ਹੈ।

**ਅਗਨਿਕੁਮਾਰ** - ਸ਼ਿਵਪੁਤ੍ਰ, ਖੜਾਨਨ ਦੇ ਵੈਦਯਕ ਅਨੁਸਾਰ ਇਕ ਰਸ ਜੋ ਬਲਗਮ ਹੈਜ਼ਾ, ਅਜੀਰਣ, ਤਾਪ ਅਤੇ ਸੰਗ੍ਰਹਿਣੀ ਆਦਿ ਰੋਗਾਂ ਨੂੰ ਦੂਰ ਕਰਦਾ ਹੈ, ਇਸ ਦੇ ਬਣਾਉਣ ਦੀ ਜੁਗਤਿ ਇਹ ਹੈ - ਪਾਰਾ ਅਤੇ ਗੰਧਕ ਬਰਾਬਰ ਲੈ ਕੇ ਤਿੰਨ ਘੰਟੇ ਖਰਲ ਕਰੋ, ਫਿਰ ਮਿੱਠਾ ਤੇਲੀਆ ਅਤੇ ਸੁਹਾਗਾ ਪਾਰੇ ਦੇ ਬਰਾਬਰ ਅਤੇ ਕਾਲੀਆਂ ਮਿਰਚਾਂ ਅੱਠ ਗੁਣੀਆਂ ਲਓ। ਇਨ੍ਹਾਂ ਨਾਲ ਸੰਖ ਦੀ ਸੁਆਹ ਦੋ ਹਿੱਸੇ ਅਤੇ ਪੀਲੀ ਕੌਡੀਆਂ ਦੀ ਸੁਆਹ ਦੋ ਹਿੱਸੇ ਮਿਲਾਓ, ਇਹ ਸਭ ਬਰੀਕ ਪੀਹ ਕੇ ਖਰਲ ਕੀਤੇ ਪਾਰੇ ਨਾਲ ਮਿਲਾਓ, ਫਿਰ ਸਾਰੀਆਂ ਚੀਜ਼ਾਂ ਇਕੱਠੀਆਂ ਕਰਕੇ ਪੱਕੇ ਨਿੰਬੂਆਂ ਦੇ ਰਸ ਵਿਚ ਸੱਤ ਦਿਨ ਖਰਲ ਕਰੋ। ਜਦ ਸੁਰਮੇ ਵਰਗਾ ਬਰੀਕ ਅਤੇ ਖੁਸ਼ਕ ਹੋ ਜਾਵੇ ਤਾਂ ਸ਼ੀਸ਼ੀ ਵਿਚ ਪਾ ਕੇ ਰੱਖ ਲਓ, ਖੁਰਾਕ ਇਸ ਦੀ ਪੂਰੇ ਜੁਆਨ ਆਦਮੀ ਲਈ ਰਤੀ ਤੋਂ ਦੋ ਰੱਤੀ ਹੈ।

'ਚਲਦਾ'



ਸ੍ਰੀ 1008 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ



ਸ੍ਰੀ 1008 ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ

## ਆਤਮਿਕ ਸ਼ਾਂਤੀ ਤੇ ਰੂਹਾਨੀ ਤਰੱਕੀ ਲਈ
## ਨਵੀਂ ਨਰੋਈ ਜ਼ਿੰਦਗੀ ਲਈ
## ਕੇਬਲ ਟੀ. ਵੀ. - ਦੇ ਮਾਰੂ ਪ੍ਰਭਾਵ ਤੋਂ ਬਚਣ ਲਈ

# ਨਿਰੋਲ ਧਾਰਮਿਕ ਪੰਜਾਬੀ ਵੀ.ਡੀ.ਓ. ਫਿਲਮਾਂ

## ਆਪ ਵੇਖੋ ਤੇ ਹੋਰਨਾਂ ਨੂੰ ਵਿਖਾਓ

## -: ਕਿਉਂਕਿ :-

ਇਹਨਾਂ ਧਾਰਮਿਕ ਫਿਲਮਾਂ ਵਿਚ ਸੰਤ ਵਰਿਆਮ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਤੇ ਅਧਾਰਤ ਹਰ ਇਕ ਮਨੁੱਖ ਮਾਤਰ ਨੂੰ, ਲੋਕ ਅਤੇ ਪ੍ਰਲੋਕ ਦਾ ਸੁਖ ਪ੍ਰਦਾਨ ਕਰਨ ਵਾਲਾ, ਰਹੱਸ-ਮਈ, ਖੋਜ ਭਰਪੂਰ, ਅਨੁਭਵੀ ਅਤੇ ਰੂਹਾਨੀ ਉਪਦੇਸ਼, ਸਰਲ ਬੋਲੀ ਵਿਚ ਬੜੇ ਕਲਾਤਮਿਕ ਢੰਗ ਨਾਲ ਦਿਤਾ ਗਿਆ ਹੈ। ਧਾਰਨਾਂ, ਜੋ ਕਿ ਸਮੁੱਚੇ ਸ਼ਬਦ ਦਾ ਸਿਧਾਂਤ ਹੈ, ਉਸਨੂੰ ਅਤੇ ਗੁਰਬਾਣੀ ਨੂੰ ਪੰਜਾਬੀ, ਹਿੰਦੀ, ਅੰਗ੍ਰੇਜ਼ੀ ਤੇ ਰੋਮਨ ਲਿਪੀ ਵਿਚ ਦ੍ਰਿਤਾ ਗਿਆ ਹੈ ਤਾਂ ਕਿ ਭਾਵਅਰਥ ਅਤੇ ਡੂੰਘੇ ਭਾਵਾਂ ਦੀ ਵਿਆਖਿਆ ਚੰਗੀ ਤਰ੍ਹਾਂ ਸਮਝ ਵਿੱਚ ਆ ਸਕੇ।

ਸਿੱਖ ਗੁਰੂ ਸਾਹਿਬਾਨ, ਭਗਤਾਂ, ਮਹਾਂਪੁਰਸ਼ਾਂ, ਸੰਤਾਂ ਅਤੇ ਗੁਰਸਿੱਖਾਂ ਦੀ ਜੀਵਨ ਸਾਖੀ ਦੀ ਮੌਲਿਕਤਾ ਨੂੰ ਕਾਇਮ ਰੱਖਦੇ ਹੋਏ, ਔਖੇ ਵਿਸ਼ੇ-ਵਸਤੂ ਨੂੰ ਤਸਵੀਰਾਂ, ਇਤਿਹਾਸਕ ਤੇ ਕੁਦਰਤੀ ਚਿਤਰਾਂ ਰਾਹੀਂ ਬੜੇ ਸੁਚੱਜੇ ਢੰਗ ਨਾਲ ਭਰਨ ਦਾ ਅਤੇ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਤਾਂ ਕਿ ਸਤਿਗੁਰੂ ਤੇ ਵਾਹਿਗੁਰੂ ਦਾ ਪਿਆਰ ਸਦੀਵੀ ਤੌਰ ਤੇ ਹਿਰਦੇ ਵਿਚ ਵਸਾਇਆ ਜਾ ਸਕੇ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ, ਕੋਠੀ ਨੰ : 781, ਫੇਸ 3ਬੀ1
ਸੈਕਟਰ 60, ਐਸ. ਏ. ਐਸ. ਨਗਰ (ਮੋਹਾਲੀ) - 160 058

-: ਟੈਲੀਫੋਨ :-

| ਭਾਰਤ | ਅਮਰੀਕਾ | ਇੰਗਲੈਂਡ | ਕੈਨੇਡਾ |
|---|---|---|---|
| 0172-572435 | 708-893-5150 | 021-449-7032 | 604-433-0408 |
| 0172-571301 | 708-934-6174 | 0831-598-689 | |
| 0172-603524 | 708-682-8939 | 01-578-6564 | 03-4366898 |
| 0172-89218 | 708-98-9334 | 0234-767-602 | 02-7185990 |